**GS CPA, INC.**
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ



**AMANTEL.COM**
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਇਹ ਆਫਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

**Ad Space Available**
**Please Call:**
**847-359-0746**
e-mail: punjabtimes1@sbcglobal.net



Thirteenth Year in Publication ਮਿਡਵੈਸਟ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 45, November 10, 2012 20451 N Plum Grove Rd. Palatine, IL 60074 Ph:847-359-0746, Fax:847-705-9388


## ਬਰਾਕ ਓਬਾਮਾ ਦੀ ਬੜ੍ਹਕ ਬਰਕਰਾਰ

**ਵਾਸ਼ਿੰਗਟਨ:** ਸੱਤਾਧਾਰੀ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਬਰਾਕ ਓਬਾਮਾ ਨੇ ਦੂਜੀ ਵਾਰ ਰਾਸ਼ਟਰਪਤੀ ਦੀ ਚੋਣ ਜਿੱਤ ਲਈ ਹੈ। ਅਖਬਾਰ ਪ੍ਰੈਸ 'ਚ ਜਾਣ ਸਮੇਂ ਮਿਲੇ ਨਤੀਜਿਆਂ ਅਨੁਸਾਰ ਉਨ੍ਹਾਂ ਨੂੰ 303 ਅਤੇ ਉਨ੍ਹਾਂ ਦੇ ਵਿਰੋਧੀ



ਰਿਪਬਲਿਕਨ ਉਮੀਦਵਾਰ ਮਿੱਟ ਰੋਮਨੀ ਨੂੰ 203 ਸੀਟਾਂ ਮਿਲੀਆਂ। ਦੋਹਾਂ ਉਮੀਦਵਾਰਾਂ ਦਰਮਿਆਨ ਮੁਕਾਬਲਾ ਬੇਹੱਦ ਫਸਵਾਂ ਰਿਹਾ। ਜਿੱਤ ਲਈ ਕੁੱਲ 270 ਸੀਟਾਂ ਦੀ ਲੋੜ ਸੀ ਅਤੇ ਰੋਮਨੀ ਨੇ ਆਖਰੀ ਸਮੇਂ ਤੱਕ ਓਬਾਮਾ ਪੱਖੀਆਂ ਦੇ ਸਾਹ ਸੁਕਾਈ ਰੱਖੇ ਪਰ ਅਮਰੀਕੀ ਚੋਣਾਂ ਵਿਚ ਹਰ ਵਾਰ ਅਹਿਮ ਭੂਮਿਕਾ ਨਿਭਾਉਂਦੇ ਸੂਬੇ ਓਹਾਇਓ ਵਿਚ ਜਿੱਤ ਪਿੱਛੋਂ ਓਬਾਮਾ ਦੀ ਜਿੱਤ ਦਾ ਰਾਹ ਖੁੱਲ੍ਹ ਗਿਆ। ਓਹਾਇਓ ਤੋਂ ਇਲਾਵਾ ਨਿਊ ਹੈਂਪਸ਼ਾਇਰ, ਮਿਨੇਸੋਟਾ, ਮਿਸ਼ੀਗਨ, ਨਿਊ ਮੈਕਸੀਕੋ, ਆਇਓਆ, ਵਿਸਕਾਨਸਿਨ ਤੇ ਪੈਨਸਿਲਵੇਨੀਆ ਸੂਬਿਆਂ ਦੀ ਜਿੱਤ ਨੇ ਓਬਾਮਾ ਦੀ ਜਿੱਤ ਪੱਕੀ ਕਰ ਦਿੱਤੀ। ਰੋਮਨੀ ਨੂੰ 49.0 ਫੀਸਦੀ ਅਤੇ ਓਬਾਮਾ ਨੂੰ 49.5 ਫੀਸਦੀ ਵੋਟਾਂ ਹਾਸਲ ਹੋਈਆਂ ਪਰ ਓਬਾਮਾ ਇਲੈਕਟਰੋਲ ਪੋਲ ਦੇ ਹਿਸਾਬ ਨਾਲ ਜੇਤੂ ਰਹੇ।

ਤਕਰੀਬਨ 12 ਕਰੋੜ ਲੋਕਾਂ ਨੇ ਆਪਣਾ ਆਗੂ ਚੁਣਨ ਲਈ 6 ਨਵੰਬਰ ਨੂੰ ਵੋਟਾਂ ਪਾਈਆਂ। ਚੋਣ ਦੌਰਾਨ ਖਰਚਿਆਂ, ਕਰਾਂ, ਸਿਹਤ ਸੰਭਾਲ ਤੇ ਵਿਦੇਸ਼ ਨੀਤੀ ਤਹਿਤ ਚੀਨ ਦੇ ਉਭਾਰ ਤੇ ਈਰਾਨ ਦੇ ਪਰਮਾਣੂ ਇਰਾਦਿਆਂ ਬਾਰੇ ਮੁੱਦੇ ਭਾਰੂ ਰਹੇ। ਪਹਿਲੇ ਸਿਆਹਫਾਮ ਰਾਸ਼ਟਰਪਤੀ ਬਰਾਕ ਓਬਾਮਾ, 1996 ਵਿਚ ਬਿੱਲ ਕਲਿੰਟਨ ਤੋਂ ਮਗਰੋਂ ਪਹਿਲੇ ਡੈਮੋਕਰੇਟ ਆਗੂ ਹਨ ਜੋ ਦੂਜੀ ਵਾਰ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ।

ਨਾਂਹ-ਪੱਖੀ ਇਸ਼ਤਿਹਾਰਬਾਜ਼ੀ ਅਤੇ ਬੇਹਿਸਾਬੇ ਖਰਚਿਆਂ ਨਾਲ ਮਘੀ ਇਸ ਜੰਗ ਵਿਚ ਭਾਵੇਂ ਦੋਵੇਂ ਧਿਰਾਂ ਨੇ ਢਹਿ-ਢੇਰੀ ਹੁੰਦੀ ਜਾਂਦੀ ਆਰਥਿਕਤਾ ਨੂੰ ਠੁੰਮਣਾ ਦੇਣ ਤੇ ਲਗਾਤਾਰ ਵੱਡੇ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਨੂੰ ਠੱਲ੍ਹਣ 'ਤੇ ਧਿਆਨ ਕੇਂਦਰਤ ਕਰੀ ਰੱਖਿਆ ਪਰ ਐਤਕੀਂ ਬਹੁਤ ਵਾਰ ਇਹ ਲੜਾਈ ਨਿੱਜੀ ਦੂਸ਼ਣਬਾਜ਼ੀ ਵੀ ਬਣਦੀ ਰਹੀ। ਅਮਰੀਕਾ ਦੇ 50 ਸੂਬਿਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਪ੍ਰਤੀਨਿਧ ਸਦਨ ਦੀਆਂ ਕੁਲ 435 ਸੀਟਾਂ ਹਨ। ਇਸ ਚੋਣ ਦੇ ਜੇਤੂ 113ਵੀਂ ਅਮਰੀਕੀ ਕਾਂਗਰਸ ਵਿਚ ਸੇਵਾ ਨਿਭਾਉਣਗੇ। ਪ੍ਰਤੀਨਿਧ ਸਦਨ

*(ਬਾਕੀ ਸਫਾ 2 ਉਤੇ)*

### ਭ੍ਰਿਸ਼ਟਾਚਾਰ ਦਾ ਘਮਾਸਾਣ

## ਕਾਂਗਰਸ ਤੇ ਭਾਜਪਾ ਨੂੰ ਪਿਆ ਘੇਰਾ

**ਨਵੀਂ ਦਿੱਲੀ:** ਭਾਰਤ ਵਿਚ ਸੱਤਾਧਾਰੀ ਕਾਂਗਰਸ ਅਤੇ ਮੁੱਖ ਵਿਰੋਧੀ ਧਿਰ ਭਾਜਪਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰ ਗਈਆਂ ਹਨ। ਦੋਵਾਂ ਧਿਰਾਂ ਦੇ ਸੀਨੀਅਰ ਆਗੂਆਂ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਾਅਦ ਇਨ੍ਹਾਂ ਪਾਰਟੀਆਂ ਅੰਦਰ ਕਲੇਸ਼ ਵੀ ਸ਼ੁਰੂ ਹੋ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਲੋਕ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਦੋਵਾਂ ਧਿਰਾਂ ਵਲੋਂ ਇਕ-ਦੂਜੇ ਦੇ ਪੋਤੜੇ ਫੋਲਣ ਦੀ ਬਜਾਏ ਆਪੋ-ਆਪਣਾ ਘਰ ਸੰਭਾਲਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਕਾਂਗਰਸ ਖਿਲਾਫ ਵੱਡੀ ਪੱਧਰ 'ਤੇ ਉਥਲ-ਪੁਥਲ ਦੇ ਬਾਵਜੂਦ ਭਾਜਪਾ ਦਾ ਵਿਰੋਧੀ ਧਿਰ ਵਾਲਾ ਦਬਕਾ ਨਦਾਰਦ ਹੈ। ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਿੱਢ ਕੇ ਅਰਵਿੰਦ ਕੇਜਰੀਵਾਲ ਵਿਰੋਧੀ ਧਿਰ ਦੀ ਭੂਮਿਕਾ ਨਿਭਾਅ ਰਹੇ ਹਨ।

ਕਾਂਗਰਸ ਵੱਲੋਂ ਕੈਬਨਿਟ ਮੰਤਰੀ ਸਲਮਾਨ ਖੁਰਸ਼ੀਦ ਤੋਂ ਬਾਅਦ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਉਨ੍ਹਾਂ ਦੇ ਬੇਟੇ ਰਾਹੁਲ ਗਾਂਧੀ 'ਤੇ ਲੱਗੇ ਬੇਨੇਮੀਆਂ ਦੇ ਦੋਸ਼ਾਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ੁਰੂ ਵਿਚ ਭਾਜਪਾ ਨੇ ਕਾਂਗਰਸ 'ਤੇ ਤਿੱਖੇ ਹਮਲੇ ਕੀਤੇ ਸਨ ਪਰ ਆਪਣੇ ਪ੍ਰਧਾਨ ਨਿਤਿਨ ਗਡਕਰੀ 'ਤੇ ਵੀ ਦੋਸ਼ ਲੱਗਣ ਕਾਰਨ ਹੁਣ ਇਸ ਦੀ ਸੁਰ ਨਰਮ ਹੋ ਗਈ ਹੈ। ਉਲਟਾ ਭਾਜਪਾ ਦੇ ਅੰਦਰ ਘਮਾਸਾਣ ਸ਼ੁਰੂ ਹੋ ਗਿਆ ਹੈ ਅਤੇ ਇਕ ਧੜਾ ਸ੍ਰੀ ਗਡਕਰੀ ਨੂੰ ਬਾਹਰ ਦਾ ਰਾਹ ਦਿਖਾਉਣ ਲਈ ਸਰਗਰਮ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨੂੰ ਲੈ ਕੇ ਪਹਿਲਾਂ ਹੀ ਭਾਜਪਾ ਵਿਚਾਲੇ ਜੰਗ ਛਿੜੀ ਹੋਈ ਹੈ। ਹੁਣ ਗਡਕਰੀ 'ਤੇ ਲੱਗੇ ਦੋਸ਼ਾਂ ਨੇ ਪਾਰਟੀ ਦਾ ਅੰਦਰੂਨੀ ਸੰਕਟ ਹੋਰ ਵਧਾ ਦਿੱਤਾ ਹੈ। ਹਾਲਾਤ ਇਹ ਬਣ ਗਏ ਹਨ ਕਿ ਗਡਕਰੀ ਦੀ ਪ੍ਰਧਾਨਗੀ 'ਤੇ ਖ਼ਤਰੇ ਦੇ ਬੱਦਲ ਮੰਡਰਾਉਣ ਲੱਗੇ ਹਨ। ਉਂਜ ਭਾਜਪਾ ਨੇ ਕਿਹਾ ਹੈ ਕਿ ਗਡਕਰੀ ਦੀਆਂ ਜਿਨ੍ਹਾਂ 18 ਕੰਪਨੀਆਂ ਬਾਰੇ ਸਵਾਲ ਉਠਾਏ ਗਏ ਹਨ, ਉਸ ਵਿਚ ਗਡਕਰੀ ਨੇ ਕੁਝ ਵੀ ਗੈਰਕਾਨੂੰਨੀ ਤੇ ਅਨੈਤਿਕ ਨਹੀਂ ਕੀਤਾ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਿਚ ਉਨ੍ਹਾਂ ਨੂੰ ਅਹੁਦੇ 'ਤੇ ਬਰਕਰਾਰ ਰੱਖਣ ਦੇ ਸਵਾਲ 'ਤੇ ਵੰਡੀਆਂ ਪੈ ਗਈਆਂ ਹਨ। ਪਾਰਟੀ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਤਾਂ ਲੰਘੇ ਦਿਨ ਹੋਈ ਕੋਰ ਕਮੇਟੀ ਦੀ ਮੀਟਿੰਗ 'ਚੋਂ ਹੀ ਗ਼ੈਰਹਾਜ਼ਰ ਰਹੇ। ਇਸੇ ਦੌਰਾਨ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਪਾਰਟੀ ਦੇ ਤਿੰਨ ਸੀਨੀਅਰ ਆਗੂ ਸੁਸ਼ਮਾ ਸਵਰਾਜ, ਅਨੰਤ ਕੁਮਾਰ ਤੇ ਬਲਬੀਰ ਪੁੰਜ, ਸ੍ਰੀ ਅਡਵਾਨੀ ਨੂੰ ਉਨ੍ਹਾਂ ਦੇ ਨਿਵਾਸ 'ਤੇ ਜਾ ਕੇ ਮਿਲੇ ਅਤੇ ਦਬਾਅ ਪਾਇਆ ਕਿ ਉਹ ਮੀਟਿੰਗ ਵਿਚ ਹਾਜ਼ਰੀ ਭਰਨ ਪਰ ਸ੍ਰੀ ਅਡਵਾਨੀ ਰਾਜ਼ੀ ਨਹੀਂ ਹੋਏ। ਜ਼ਿਕਰਯੋਗ ਹੈ ਕਿ ਸ੍ਰੀ ਰਾਮ ਜੇਠਮਲਾਨੀ ਦੇ ਪੁੱਤਰ ਮਹੇਸ਼ ਜੇਠਮਲਾਨੀ ਨੇ ਭਾਜਪਾ ਦੀ ਕੌਮੀ ਕਾਰਜਕਾਰਨੀ ਤੋਂ ਅਸਤੀਫਾ ਇਸ ਆਧਾਰ 'ਤੇ ਦੇ ਦਿੱਤਾ ਸੀ ਕਿ ਜਦੋਂ ਤੱਕ ਸ੍ਰੀ ਗਡਕਰੀ ਪਾਰਟੀ ਪ੍ਰਧਾਨ ਹਨ, ਉਦੋਂ ਤੱਕ ਕਾਰਜਕਾਰਨੀ ਦਾ ਮੈਂਬਰ ਬਣੇ ਰਹਿਣਾ ਉਨ੍ਹਾਂ ਨੂੰ ਨਾ-ਮੁਮਕਿਨ ਜਾਪਦਾ ਹੈ ਕਿਉਂਕਿ ਉਨ੍ਹਾਂ ਦੀ ਜ਼ਮੀਰ ਨਹੀਂ ਮੰਨਦੀ ਕਿ ਉਹ ਸ੍ਰੀ ਗਡਕਰੀ ਨੂੰ ਆਪਣਾ ਨੇਤਾ ਮੰਨਣ। ਉਨ੍ਹਾਂ ਇਹ ਵੀ ਕਿਹਾ ਹੈ ਕਿ ਪਾਰਟੀ ਦਾ ਹਿੱਤ ਇਸ ਗੱਲ ਵਿਚ ਹਨ ਕਿ ਸ੍ਰੀ ਗਡਕਰੀ ਆਪਣੇ ਉੱਪਰ ਲੱਗੇ ਦੋਸ਼ਾਂ ਤੋਂ ਬੇਦਾਗ਼ ਸਾਬਤ ਹੋਣ ਤੱਕ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਹੋ ਜਾਣ।

ਦਰਅਸਲ, ਅਜਿਹੀ ਹੀ ਸਲਾਹ ਰਾਮ ਜੇਠਮਲਾਨੀ ਨੇ ਸ੍ਰੀ ਗਡਕਰੀ ਦੇ ਪੂਰਤੀ ਗਰੁੱਪ ਲਈ ਸ਼ੱਕੀ ਸਰੋਤਾਂ ਤੋਂ ਫੰਡ ਆਉਣ ਦੇ ਦੋਸ਼ ਲੱਗਦਿਆਂ ਹੀ ਦੇ ਦਿੱਤੀ ਸੀ। ਰਾਮ ਜੇਠਮਲਾਨੀ ਨੇ ਆਪਣੇ ਪੁੱਤਰ ਦੀ ਖੁੱਲ੍ਹ ਕੇ ਪੈਰਵੀ ਕਰਦਿਆਂ ਇਹ ਦਾਅਵਾ ਵੀ ਕੀਤਾ ਹੈ ਕਿ ਪਾਰਟੀ ਦੇ ਤਿੰਨ ਸੀਨੀਅਰ ਆਗੂ ਜਸਵੰਤ ਸਿੰਘ, ਯਸ਼ਵੰਤ ਸਿਨਹਾ ਤੇ ਸ਼ਰਤੂਘਨ ਸਿਨਹਾ ਉਨ੍ਹਾਂ ਦੀ ਸੋਚ ਦੇ ਮੁਦੱਈ ਹਨ; ਹਾਲਾਂਕਿ ਇਨ੍ਹਾਂ ਤਿੰਨਾਂ ਨੇ ਸ੍ਰੀ ਜੇਠਮਲਾਨੀ ਦੇ ਦਾਅਵੇ ਉੱਤੇ ਕੋਈ ਟਿੱਪਣੀ ਨਹੀਂ ਕੀਤੀ।

**ਇਕ-ਦੂਜੇ ਦੇ ਭ੍ਰਿਸ਼ਟਾਚਾਰ ਬਾਰੇ ਦੋਵੇਂ ਧਿਰਾਂ ਉੱਕਾ ਹੀ ਖਾਮੋਸ਼**


**For Sale or Lease**
bp MARATHON VALERO Shell
ਕੈਨਟਕੀ ਤੇ ਇੰਡੀਆਨਾ ਵਿਚ ਵਧੀਆ ਚਲਦੇ ਲਿੱਕਰ ਸਟੋਰ ਅਤੇ ਗੈਸ ਸਟੇਸ਼ਨ ਵਿਕਾਊ ਹਨ
Liquor Stores & Gas Stations For Sale In Kentucky And Indiana



*Sukh Bains*
*Cell: (502) 836-4825*
Sbains888@yahoo.com
ਸੰਪਰਕ ਕਰੋ: 502-836-4825

Estd. 1975
**World Wide Travel**
www.fly2world.com
ਸਸਤਾ ਰੇਟ ਵਧੀਆ ਸਰਵਿਸ
AIR TRAVEL • CRUISES • VACATIONS
DETROIT 734 525 7304
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR AIR INDIA Continental Airlines Lufthansa American Airlines




*ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਵਲੋਂ 3 ਨਵੰਬਰ ਨੂੰ ਕਰਵਾਏ ਗਏ ਇਸ ਦੇ ਅੱਠਵੇਂ ਕੌਮਾਂਤਰੀ ਭੰਗੜਾ ਅਤੇ ਗਿੱਧਾ ਮੁਕਾਬਲਿਆਂ ਵਿਚ ਸਿਨਸਿਨੈਟੀ ਤੋਂ ਆਈ ਗਿੱਧਾ ਟੀਮ ਗਿੱਧਾ ਪਾਉਂਦੀ ਹੋਈ। ਇਨ੍ਹਾਂ ਮੁਕਾਬਲਿਆਂ ਵਿਚ ਨਿਊ ਯਾਰਕ ਦੀ 'ਅਣਖੀਲੇ ਗੱਭਰੂ' ਨਾਂ ਦੀ ਟੀਮ ਜੇਤੂ ਰਹੀ ਜਦੋਂਕਿ ਡਿਊਕ ਯੂਨੀਵਰਸਿਟੀ ਡਰਹਮ, ਨਾਰਥ ਕੈਰੋਲਾਈਨਾ ਦੀ ਟੀਮ ਦੂਜੇ ਥਾਂ 'ਤੇ ਰਹੀ। (ਰਿਪੋਰਟ ਅਗਲੇ ਅੰਕ ਵਿਚ)*

# ਪੰਜਾਬ ਵਿਚ ਨਸ਼ਿਆਂ ਬਾਰੇ ਸਰਵੇਖਣ ਸ਼ੁਰੂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਨਸ਼ੱਈਆਂ ਦੀ ਸ਼ਨਾਖਤ ਕਰਨ ਤੇ ਸੂਬੇ ਵਿਚ ਨਸ਼ਿਆਂ ਦੀ ਵਰਤੋਂ ਦੀ ਸਹੀ ਜਾਣਕਾਰੀ ਲੈਣ ਲਈ ਰਾਜ ਭਰ ਵਿਚ ਸਰਵੇਖਣ ਕਰਨਾ ਸ਼ੁਰੂ ਕਰ ਦਿੱਤਾ ਹੈ।

ਸਰਕਾਰੀ ਸੂਤਰਾਂ ਅਨੁਸਾਰ ਸੂਬੇ ਦੇ ਸਿਹਤ ਵਿਭਾਗ ਨੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ.ਸੀ.ਐਮ.ਆਰ.) ਤੇ ਸੰਯੁਕਤ ਰਾਸ਼ਟਰ ਦੇ ਸਿਹਤ ਪ੍ਰੋਗਰਾਮ (ਯੂ.ਐਨ.ਐਚ.ਪੀ.) ਦੇ ਅਧਿਕਾਰੀਆਂ ਨਾਲ ਵੀ ਇਹ ਮੁਸ਼ਕਲ ਵਿਚਾਰੀ ਹੈ। ਕੁਝ ਹਫਤੇ ਪਹਿਲਾਂ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੇ ਬਿਆਨ ਦਿੱਤਾ ਸੀ ਕਿ ਪੰਜਾਬ ਦੇ 70 ਫੀਸਦੀ ਨੌਜਵਾਨ ਨਸ਼ਿਆਂ ਦੇ ਆਦੀ ਹਨ ਤੇ ਇਸ ਬਿਆਨ ਨਾਲ ਪੰਜਾਬ ਦੀ ਸਿਆਸਤ ਵਿਚ ਤੂਫਾਨ ਆ ਗਿਆ ਸੀ।

ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਇਹ ਹਮਲਾ ਇਹ ਕਹਿ ਕੇ ਰੋਕਣ ਦੇ ਯਤਨ ਕੀਤੇ ਸਨ ਕਿ ਪੰਜਾਬ ਵਿਚ ਨਸ਼ਿਆਂ ਦੀ ਸਥਿਤੀ ਬਾਰੇ ਬੋਲਣ ਤੋਂ ਪਹਿਲਾਂ ਹਰੇਕ ਕਾਂਗਰਸੀ ਆਗੂ ਪਹਿਲਾਂ ਖੁਦ ਡੋਪ ਟੈਸਟ ਕਰਵਾਏ। ਅਸਲ ਵਿਚ ਗਾਂਧੀ ਦੇ ਬਿਆਨ ਮਗਰੋਂ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵਿਚ ਕਈ ਦਿਨ ਨਸ਼ਿਆਂ ਦੀ ਵਰਤੋਂ ਬਾਰੇ ਬਹਿਸ ਹੁੰਦੀ ਰਹੀ ਸੀ। ਆਈ.ਸੀ.ਐਮ.ਆਰ. ਦੇ ਡਾਇਰੈਕਟਰ ਡਾ. ਟੀ. ਕਟੋਚ ਨੇ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਨਸ਼ਿਆਂ ਬਾਰੇ ਤੇ ਸਿਹਤ ਦੇ ਮੁੱਦੇ 'ਤੇ ਵਿਚਾਰ-ਚਰਚਾ ਕਰਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਪੱਖੋਂ ਕੇਂਦਰ ਹਰੇਕ ਤਰ੍ਹਾਂ ਦੀ ਮਦਦ ਦੇਣ ਲਈ ਤਿਆਰ ਹੈ।

ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦੀ ਪ੍ਰਿੰਸੀਪਲ ਸੈਕਟਰੀ (ਸਿਹਤ ਤੇ ਪਰਿਵਾਰ ਭਲਾਈ) ਵਿੰਨੀ ਮਹਾਜਨ ਨੇ ਸੂਬੇ ਵਿਚ ਸਿਹਤ ਦੇ ਮਾਮਲੇ ਬਾਰੇ ਵਿਸਥਾਰਪੂਰਵਕ ਦਸਤਾਵੇਜ਼ ਤਿਆਰ ਕੀਤਾ ਸੀ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਭਾਵੇਂ ਨਸ਼ਿਆਂ ਦੀ ਵਰਤੋਂ ਬਾਰੇ ਕਈ ਅਧਿਐਨ ਮੌਜੂਦ ਹਨ ਪਰ ਉਚਿਤ ਖੋਜ ਵਿਧੀ ਦੇ ਆਧਾਰ 'ਤੇ ਕੋਈ ਵਿਸਥਾਰਪੂਰਕ ਅਧਿਐਨ ਸੂਬੇ ਵਿਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਬਾਰੇ ਨਹੀਂ ਹੈ। ਇਸ ਤੋਂ ਇਲਾਵਾ ਕਿਸੇ ਵੀ ਅਧਿਐਨ ਵਿਚ ਨਸ਼ਿਆਂ ਦੀ ਲੱਤ ਤੇ ਨਸ਼ੀਲੇ ਮਾਦਿਆਂ ਦੀ ਦੁਰਵਰਤੋਂ ਵਿਚ ਫਰਕ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਬਾਰੇ ਵਿੰਨੀ ਮਹਾਜਨ ਦਾ ਕਹਿਣਾ ਹੈ ਕਿ ਨਸ਼ੀਲੇ ਪਦਾਰਥਾਂ ਬਾਰੇ ਸਮੁੱਚੇ ਮੁੱਦੇ 'ਤੇ ਵਿਗਿਆਨਕ ਅਧਿਐਨ ਦੀ ਤਜਵੀਜ਼ ਸੀ।

## ਮਧੁਰ ਭੰਡਾਰਕਰ ਖ਼ਿਲਾਫ਼ ਬਲਾਤਕਾਰ ਦੇ ਦੋਸ਼ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬਾਲੀਵੁੱਡ ਫ਼ਿਲਮ ਨਿਰਦੇਸ਼ਕ ਮਧੁਰ ਭੰਡਾਰਕਰ ਖ਼ਿਲਾਫ਼ ਅਦਾਕਾਰਾ ਪ੍ਰੀਤੀ ਜੈਨ ਵੱਲੋਂ ਲਾਏ ਬਲਾਤਕਾਰ ਦੇ ਦੋਸ਼ ਨੂੰ ਖਾਰਜ ਕਰ ਦਿੱਤਾ ਹੈ।

ਜਸਟਿਸ ਐਚ.ਐਲ. ਦੱਤਾ ਤੇ ਜਸਟਿਸ ਸੀ.ਕੇ. ਪ੍ਰਸਾਦ 'ਤੇ ਆਧਾਰਤ ਬੈਂਚ ਨੇ ਹੁਕਮ ਵਿਚ ਕਿਹਾ ਕਿ ਅਦਾਕਾਰਾ ਜੈਨ ਖੁਦ ਕੇਸ ਲੜਨਾ ਨਹੀਂ ਚਾਹੁੰਦੀ ਤੇ ਮੁੰਬਈ ਪੁਲਿਸ ਪਹਿਲਾਂ ਹੀ ਭੰਡਾਰਕਰ ਨੂੰ ਕਲੀਨ ਚਿੱਟ ਦੇ ਚੁੱਕੀ ਹੈ। ਬੈਂਚ ਨੇ ਬੰਬਈ ਹਾਈ ਕੋਰਟ ਦਾ ਉਹ ਹੁਕਮ ਰੱਦ ਕਰ ਦਿੱਤਾ ਜਿਸ ਵਿਚ ਹੇਠਲੀ ਅਦਾਲਤ ਨੂੰ ਮਧੁਰ ਭੰਡਾਰਕਰ ਖ਼ਿਲਾਫ਼ ਕੇਸ ਜਾਰੀ ਰੱਖਣ ਦਾ ਹੁਕਮ ਦਿੱਤਾ ਗਿਆ ਸੀ।

## ਬਰਾਕ ਓਬਾਮਾ ਜਿੱਤੇ

ਕਾਂਗਰਸ 'ਚ ਸੀਟ ਹਾਸਲ ਕਰਨ ਲਈ 6 ਭਾਰਤੀ-ਅਮਰੀਕੀ ਵੀ ਜ਼ੋਰ-ਅਜ਼ਮਾਈ ਕਰ ਰਹੇ ਸਨ।

ਇਸੇ ਦੌਰਾਨ ਸ੍ਰੀ ਮਿੱਟ ਰੋਮਨੀ ਨੇ ਆਪਣੀ ਹਾਰ ਨੂੰ ਕਬੂਲਦਿਆਂ ਰਾਸ਼ਟਰਪਤੀ ਓਬਾਮਾ ਨੂੰ ਜਿੱਤ ਲਈ ਵਧਾਈ ਦਿੱਤੀ ਹੈ ਅਤੇ ਕਿਹਾ ਹੈ ਕਿ ਉਹ ਲੋਕਾਂ ਦੇ ਫਤਵੇ ਅੱਗੇ ਸਿਰ ਝੁਕਾਉਂਦੇ ਹਨ। ਬੋਸਟਨ ਵਿਚ ਰਿਪਬਲਿਕਨ ਪਾਰਟੀ ਦੇ ਨਿਰਾਸ਼ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਸ ਪ੍ਰਗਟਾਈ ਕਿ ਰਾਸ਼ਟਰਪਤੀ ਓਬਾਮਾ ਦੇਸ਼ ਨੂੰ ਮੌਜੂਦਾ ਆਰਥਿਕ ਸੰਕਟ ਵਿਚੋਂ ਕੱਢਣ ਵਿਚ ਕਾਮਯਾਬ ਹੋਣਗੇ। ਰਾਸ਼ਟਰਪਤੀ ਓਬਾਮਾ ਨੇ ਸ਼ਿਕਾਗੋ ਡਾਊਨ ਟਾਊਨ ਵਿਚ ਮੈਕੌਰਮਿਕ ਪਲੇਸ ਵਿਚ ਜਲਸੇ ਨੂੰ ਸੰਬੋਧਨ ਕਰਨਾ ਸੀ ਅਤੇ ਅਖਬਾਰ ਪ੍ਰੈਸ ਜਾਣ ਸਮੇਂ ਤੱਕ ਉਨ੍ਹਾਂ ਦੇ ਹਮਾਇਤੀ ਵੱਡੀ ਗਿਣਤੀ ਵਿਚ ਪੂਰੇ ਜੋਸ਼ ਅਤੇ ਪੂਰੀ ਬੇਸਬਰੀ ਨਾਲ ਉਨ੍ਹਾਂ ਦੀ ਉਡੀਕ ਕਰ ਰਹੇ ਸਨ।

# ਭਾਰਤ ਵੱਲੋਂ ਏਸ਼ੀਆਈ ਕਬੱਡੀ ਚੈਂਪੀਅਨਸ਼ਿਪ 'ਚੋਂ ਵਾਕਆਊਟ

**ਲਾਹੌਰ:** ਏਸ਼ੀਆਈ ਕਬੱਡੀ ਚੈਂਪੀਅਨਸ਼ਿਪ ਇਥੇ ਉਸ ਵੇਲੇ ਤਲਖੀ ਭਰੇ ਮਾਹੌਲ ਵਿਚ ਖਤਮ ਹੋ ਗਈ ਜਦੋਂ ਰਵਾਇਤੀ ਵਿਰੋਧੀਆਂ ਭਾਰਤ ਤੇ ਪਾਕਿਸਤਾਨ ਵਿਚਾਲੇ ਖੇਡੇ ਫਾਈਨਲ ਮੈਚ ਦੌਰਾਨ ਰੈਫਰੀ ਦੇ ਫੈਸਲੇ ਉਤੇ ਵਿਰੋਧ ਜ਼ਾਹਰ ਕਰਦਿਆਂ ਭਾਰਤੀ ਟੀਮ ਵਾਕਆਊਟ ਕਰ ਗਈ। ਇਸ ਉਤੇ ਮੇਜ਼ਬਾਨ ਪਾਕਿਸਤਾਨ ਨੂੰ ਚੈਂਪੀਅਨ ਐਲਾਨ ਦਿੱਤਾ ਗਿਆ। ਮੈਚ ਅੱਗੇ ਖੇਡਣ ਤੋਂ ਇਨਕਾਰੀ ਹੋਣ ਵੇਲੇ ਦਰਸ਼ਕਾਂ ਨਾਲ ਖਚਾਖਚ ਭਰੇ ਪੰਜਾਬ ਸਟੇਡੀਅਮ ਵਿਚ ਭਾਰਤੀ ਟੀਮ 31 ਦੇ ਮੁਕਾਬਲੇ 40 ਅੰਕਾਂ ਨਾਲ ਪਛੜੀ ਹੋਈ ਸੀ।

ਭਾਰਤੀ ਟੀਮ ਨੇ ਵਾਕਆਊਟ ਵਰਗਾ ਕਦਮ ਆਪਣੇ ਕੋਚ ਗੁਰਮੇਲ ਸਿੰਘ ਨੂੰ ਰੈਫਰੀ ਵੱਲੋਂ ਸਜ਼ਾ ਦਿੱਤੇ ਜਾਣ ਖ਼ਿਲਾਫ਼ ਸੁਣਾਇਆ। ਰੈਫਰੀ ਨੇ ਸ੍ਰੀ ਗੁਰਮੇਲ ਸਿੰਘ ਵੱਲੋਂ ਆਪਣੇ ਫੈਸਲਿਆਂ ਖ਼ਿਲਾਫ਼ ਇਤਰਾਜ਼ ਜ਼ਾਹਰ ਕਰਨ ਲਈ ਵਾਰ-ਵਾਰ ਮੈਦਾਨ ਵਿਚ ਦਾਖਲ ਹੋਣ ਉਤੇ ਉਨ੍ਹਾਂ ਨੂੰ ਹਰਾ ਕਾਰਡ ਦਿਖਾ ਦਿੱਤਾ ਸੀ। ਉਨ੍ਹਾਂ 'ਤੇ ਵਾਰ-ਵਾਰ ਖੇਡ ਵਿਚ ਵਿਘਨ ਪਾਉਣ ਦਾ ਦੋਸ਼ ਲਾਇਆ ਗਿਆ। ਭਾਰਤੀ ਕੋਚ ਦੋ ਵਾਰ ਰੈਫਰੀ ਦੇ ਫੈਸਲਿਆਂ ਖ਼ਿਲਾਫ਼ ਮੈਦਾਨ ਵਿਚ ਦਾਖਲ ਹੋਏ ਜਿਸ ਕਾਰਨ ਖੇਡ ਰੋਕਣੀ ਪਈ। ਉਨ੍ਹਾਂ ਵੱਲੋਂ ਤੀਜੀ ਵਾਰ ਮੈਦਾਨ ਵਿਚ ਜਾਣ ਦਾ ਪਾਕਿਸਤਾਨੀ ਟੀਮ ਨੇ ਵਿਰੋਧ ਕੀਤਾ। ਇਸ ਤੋਂ ਬਾਅਦ ਦੋਵੇਂ ਧਿਰਾਂ ਵਿਚਾਲੇ ਕੁਝ ਗਰਮਾ-ਗਰਮੀ ਵੀ ਹੋਈ ਤੇ ਆਖਰ ਭਾਰਤੀ ਟੀਮ ਨੇ ਮੈਚ ਅੱਗੇ ਨਾ ਖੇਡਣ ਦਾ ਫੈਸਲਾ ਕੀਤਾ।

ਇਸ ਪਿੱਛੋਂ ਪਾਕਿਸਤਾਨ ਨੂੰ ਜੇਤੂ ਐਲਾਨ ਦਿੱਤਾ ਗਿਆ। ਏਸ਼ੀਆਈ ਕਬੱਡੀ ਚੈਂਪੀਅਨਸ਼ਿਪ ਦੇ ਪੰਜ ਦਿਨ ਖੇਡੇ ਗਏ ਮੈਚਾਂ ਦੌਰਾਨ ਪਾਕਿਸਤਾਨੀ ਦਰਸ਼ਕ ਹੁਮਹੁਮਾ ਕੇ ਸਟੇਡੀਅਮ ਵਿਚ ਪੁੱਜਦੇ ਰਹੇ। ਟੂਰਨਾਮੈਂਟ ਵਿਚ ਅਫਗਾਨਿਸਤਾਨ, ਇਰਾਨ, ਸ੍ਰੀਲੰਕਾ, ਬੰਗਲਾਦੇਸ਼, ਮਾਲਦੀਵ ਤੇ ਨੇਪਾਲ ਨੇ ਵੀ ਹਿੱਸਾ ਲਿਆ।

## ਹਮਲਾਵਰ ਦੀ ਭੈਣ ਨੇ ਮੰਗੀ ਮਲਾਲਾ ਤੋਂ ਮੁਆਫ਼ੀ

**ਇਸਲਾਮਾਬਾਦ:** ਪਾਕਿਸਤਾਨ ਵਿਚ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੀ ਲੜਕੀ ਮਲਾਲਾ ਯੂਸਫਜ਼ਈ ਨੂੰ ਗੋਲੀ ਮਾਰਨ ਲਈ ਜ਼ਿੰਮੇਵਾਰ ਸਮਝੇ ਜਾਂਦੇ ਅਤਿਵਾਦੀ ਦੀ ਭੈਣ ਨੇ ਆਪਣੇ ਭਰਾ ਦੇ ਇਸ ਕਾਰੇ ਲਈ ਮਲਾਲਾ ਕੋਲੋਂ ਮੁਆਫ਼ੀ ਮੰਗੀ ਹੈ। ਅਤਾਉੱਲਾ ਖ਼ਾਨ ਨਾਮੀ ਇਸ 23 ਸਾਲਾ ਅਤਿਵਾਦੀ ਦੀ ਭੈਣ ਰੇਹਾਨਾ ਹਲੀਮ ਨੇ ਕਿਹਾ ਹੈ ਕਿ ਉਸ ਦੇ ਭਰਾ ਨੇ ਉਨ੍ਹਾਂ ਨੂੰ ਸ਼ਰਮਸਾਰ ਕਰਕੇ ਰੱਖ ਦਿੱਤਾ ਹੈ। ਉਸ ਨੇ ਕਿਹਾ ਕਿ "ਮਿਹਰਬਾਨੀ ਕਰਕੇ ਇਹ ਪੈਗ਼ਾਮ ਮਲਾਲਾ ਤੱਕ ਪਹੁੰਚਾਇਆ ਜਾਵੇ। ਉਹ ਆਪਣੇ ਭਰਾ ਦੇ ਕਾਰੇ ਲਈ ਉਸ ਤੋਂ ਮੁਆਫ਼ੀ ਮੰਗਦੀ ਹੈ।

ਬੀਬੀ ਹਲੀਮ ਨੇ ਟੀਵੀ ਚੈਨਲ ਸੀਐਨਐਨ ਨਾਲ ਗੱਲ ਕਰਦਿਆਂ ਕਿਹਾ ਕਿ ਉਸ ਨੇ ਪਰਿਵਾਰ ਨੂੰ ਸ਼ਰਮਸਾਰ ਕਰਕੇ ਰੱਖ ਦਿੱਤਾ ਹੈ। ਉਸ ਦੇ ਇਸ ਕਾਰੇ ਤੋਂ ਬਾਅਦ ਕੁਝ ਵੀ ਨਹੀਂ ਬਚਿਆ। ਉਸ ਨੇ ਜੋ ਕੁਝ ਕੀਤਾ ਉਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। "ਪੁਲਿਸ ਦਾ ਕਹਿਣਾ ਹੈ ਕਿ 15 ਸਾਲਾ ਮਲਾਲਾ ਉੱਤੇ ਗੋਲੀ ਚਲਾਉਣ ਲਈ ਅਤਾਉੱਲਾ ਤੇ ਦੋ ਹੋਰ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਗੌਰਤਲਬ ਹੈ ਕਿ ਹਮਲੇ 'ਚ ਮਲਾਲਾ ਦੇ ਸਿਰ 'ਚ ਗੋਲੀ ਲੱਗੀ ਸੀ ਤੇ ਉਸ ਦਾ ਬਰਤਾਨੀਆ ਦੇ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਹਮਲੇ ਦੀ ਜ਼ਿੰਮੇਵਾਰੀ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨੇ ਲਈ ਸੀ ਤੇ ਉਨ੍ਹਾਂ ਨੇ ਦੁਬਾਰਾ ਵੀ ਮਲਾਲਾ 'ਤੇ ਹਮਲਾ ਕਰਨ ਦੀ ਗੱਲ ਕਹੀ ਹੈ। ਮਲਾਲਾ ਵੱਲੋਂ 11 ਸਾਲ ਦੀ ਉਮਰ ਤੋਂ ਹੀ ਪਾਕਿਸਤਾਨ ਵਿਚ ਦਹਿਸ਼ਤਗਰਦਾਂ ਦੇ ਗੜ੍ਹ ਸਵਾਤ ਵਾਦੀ 'ਚ ਲੋਕਾਂ ਨੂੰ ਦਹਿਸ਼ਤਗਰਦਾਂ ਦਾ ਵਿਰੋਧ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਜੋ ਖ਼ਾਸਕਰ ਕੁੜੀਆਂ ਦੀ ਪੜ੍ਹਾਈ ਦਾ ਵਿਰੋਧ ਕਰਦੇ ਹਨ।

## ਅੰਮ੍ਰਿਤਸਰ-ਟੋਰਾਂਟੋ ਉਡਾਣ ਮੁੜ ਸ਼ੁਰੂ ਕਰਨ ਦੀ ਮੰਗ

**ਚੰਡੀਗੜ੍ਹ:** ਕੈਨੇਡਾ ਦੀ ਸਾਬਕਾ ਸੰਸਦੀ ਮੈਂਬਰ ਡਾ. ਰੂਬੀ ਢੱਲਾ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲੋਂ ਅੰਮ੍ਰਿਤਸਰ-ਟੋਰਾਂਟੋ (ਕੈਨੇਡਾ) ਹਵਾਈ ਸੰਪਰਕ ਮੁੜ ਬਹਾਲ ਕਰਨ ਦੀ ਮੰਗ ਕੀਤੀ ਹੈ। ਡਾ. ਢੱਲਾ ਨੇ ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਵੀ ਕੈਨੇਡਾ ਤੇ ਇੰਗਲੈਂਡ ਲਈ ਸਿੱਧੀਆਂ ਉਡਾਣਾਂ ਛੇਤੀ ਸ਼ੁਰੂ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਪਰਵਾਸੀ ਪੰਜਾਬੀਆਂ ਨੂੰ ਦਿੱਲੀ ਹਵਾਈ ਅੱਡੇ 'ਤੇ ਜਾਣ ਸਮੇਂ ਹੁੰਦੀ ਖੱਜਲ-ਖੁਆਰੀ ਤੋਂ ਨਿਜਾਤ ਮਿਲ ਸਕੇ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਹਵਾਬਾਜ਼ੀ ਮੰਤਰੀ ਅਜੀਤ ਸਿੰਘ ਨੂੰ ਲਿਖੀ ਚਿੱਠੀ ਰਾਹੀਂ ਰੂਬੀ ਢੱਲਾ ਨੇ ਦੱਸਿਆ ਕਿ ਅੰਮ੍ਰਿਤਸਰ-ਟੋਰਾਂਟੋ ਉਡਾਣ ਬੰਦ ਹੋਣ ਕਾਰਨ ਪਰਵਾਸੀ ਪੰਜਾਬੀਆਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਿਦੇਸ਼ੀ ਲਾੜਿਆਂ ਵੱਲੋਂ ਪੰਜਾਬ ਦੀਆਂ ਭੋਲੀਆਂ-ਭਾਲੀਆਂ ਕੁੜੀਆਂ ਨੂੰ ਵਿਦੇਸ਼ਾਂ ਵਿੱਚ ਲਿਜਾਣ ਲਈ ਉਨ੍ਹਾਂ ਨਾਲ ਫਰਜ਼ੀ ਵਿਆਹ ਕਰਵਾਉਣ ਦੇ ਰੁਝਾਨ ਬਾਰੇ ਡਾ. ਢੱਲਾ ਨੇ ਕਿਹਾ ਕਿ ਇਸ ਮਾਮਲੇ 'ਤੇ ਭਾਰਤ ਸਰਕਾਰ ਨੂੰ ਕੋਈ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ ਤਾਂ ਜੋ ਬੇਕਸੂਰ ਕੁੜੀਆਂ ਨਾਲ ਹੁੰਦੇ ਅਜਿਹੇ ਸ਼ੋਸ਼ਣ ਨੂੰ ਰੋਕਿਆ ਜਾ ਸਕੇ। ਉਨ੍ਹਾਂ ਗ਼ੈਰ ਕਾਨੂੰਨੀ ਤੌਰ 'ਤੇ ਹੁੰਦੀ ਮਨੁੱਖੀ ਤਸਕਰੀ ਵਿਰੁੱਧ ਵੀ ਛੇਤੀ ਕਾਨੂੰਨ ਪਾਸ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ।


ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ
ਕਰਨ ਗਿੱਲ



Ph: (734) 612-9984
Either Buying or Selling a Home in Michigan
"Always Go with the Winner"
COLDWELL BANKER
44644 Ann Arbor Road Plymouth, MI 48170
Email: KarnGill@Hotmail.com
Website: www.KarnGill.com




ਪੰਜਾਬੀਆਂ ਦੀ ਪਹਿਲੀ ਪਸੰਦ-ਡੀ ਜੇ ਮਾਵੀ
DJ MAVI
Professional entertainment for all occasions
DJ, M.C, Laser Lights, Large Sound Systems
We also offer
Dhol Players, Bhangra Dancers, and Up-Lighting
Ohio, Indiana, Kentucky, Michigan, West Virginia, Tennessee, Illinois
ਵਿਆਹ-ਸ਼ਾਦੀ, ਵਰ੍ਹੇਗੰਢ, ਜਨਮ ਦਿਨ, ਗ੍ਰੈਜੂਏਸ਼ਨਾਂ, ਸਵੀਟ-16, ਮਹਿੰਦੀ-ਸੰਗੀਤ, ਜਾਗੋ ਤੇ ਹੋਰ ਬਹੁਤ ਕੁਝ...



ਦਲਬੀਰ ਮਾਵੀ
We will make your event memorable for years to come
10 years of experience** Top of the line equipment**
More than 75,000 Songs** Up to 10,000 Watts of Sound**
ਖੁਸ਼ੀ ਦਾ ਮੌਕਾ ਵੱਡਾ ਹੋਵੇ ਜਾਂ ਛੋਟਾ, ਡੀ ਜੇ ਮਾਵੀ ਨੂੰ ਯਾਦ ਰੱਖੋ
ਫੋਨ: 513-885-1679
Deejaymavi@yahoo.com WWW.DJMAVI.NET





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

# ਦੀਵਾਲੀ ਮੁਬਾਰਕ ! ਦੀਵਾਲੀ ਮੁਬਾਰਕ ! ! ਦੀਵਾਲੀ ਮੁਬਾਰਕ ! !



# ਪੈਲਾਟਾਈਨ ਗੁਰੂ ਘਰ ਦੀ ਸੰਗਤ ਨੂੰ ਗੁਰਮਤੇ ਦੀ ਅਪੀਲ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀਆਂ ਵਿਸ਼ੇਸ਼ ਚੋਣਾਂ ਆਉਂਦੀ 10 ਫਰਵਰੀ ਨੂੰ ਹੋ ਰਹੀਆਂ ਹਨ ਪਰ ਇਸੇ ਦੌਰਾਨ ਸੰਗਤ ਦੇ ਇਕ ਹਿੱਸੇ ਵਲੋਂ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਚੋਣਾਂ ਦੀ ਥਾਂ ਸਰਬਸੰਮਤੀ ਜਾਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਪਰਚੀਆਂ ਕੱਢ ਕੇ ਨਵੇਂ ਬੋਰਡ ਮੈਂਬਰਾਂ ਦੀ ਚੋਣ ਕੀਤੀ ਜਾਵੇ।

ਗੁਰੂ ਘਰ ਦੇ ਇਕ ਪੁਰਾਣੇ ਸੇਵਕ ਸੁਰਿੰਦਰ ਸਿੰਘ ਕਾਲੜਾ ਨੇ ਲੰਘੇ ਐਤਵਾਰ ਦੇ ਦੀਵਾਨ ਵਿਚ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਦਾਲਤ ਵਿਚ ਹੋਏ ਰਾਜ਼ੀਨਾਮੇ ਅਨੁਸਾਰ ਚੋਣ ਪ੍ਰਕ੍ਰਿਆ ਜਾਰੀ ਰੱਖੀ ਜਾਣੀ ਚਾਹੀਦੀ ਹੈ ਪਰ ਨਾਲ ਹੀ ਬੇਨਤੀ ਕੀਤੀ ਕਿ ਚੋਣ ਵਾਲੇ ਦਿਨ ਸਰਬਤ ਖਾਲਸੇ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿਚ ਸੁਸ਼ੋਭਿਤ ਸੰਗਤ ਦੀ ਹਾਜਰੀ ਵਿਚ ਸਪੈਸ਼ਲ ਚੋਣ ਕਮੇਟੀ ਦੁਆਰਾ ਯੋਗ ਕਰਾਰ ਦਿਤੇ ਗਏ ਉਮੀਦਵਾਰਾਂ ਵਿਚੋਂ ਛੇਆਂ ਦੇ ਨਾਂ (5 ਟਰਸਟੀ ਅਤੇ ਇੱਕ ਸੀ ਆਈ ਸੀ ਮੈਂਬਰ) ਲਈ ਅਰਦਾਸ ਅਤੇ ਹੁਕਮ ਤੋਂ ਬਾਅਦ ਵਾਰੀ ਵਾਰੀ ਕਢਵਾਏ ਜਾਣ। ਉਨ੍ਹਾਂ ਕਿਹਾ ਕਿ ਇਹ ਗੁਰਮਤਿ ਦਾ ਰਾਸਤਾ ਹੈ ਅਤੇ ਇਸ ਨਾਲ ਗਰੁਪਬਾਜ਼ੀ, ਖਿਚੋਤਾਣ ਅਤੇ ਬੇਇਤਫ਼ਾਕੀ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਜੋ ਇਸ ਵਿਧੀ ਨਾਲ ਸਹਿਮਤ ਹਨ, ਉਹ ਇਸ ਦੀ ਹਮਾਇਤ ਲਈ ਆਪਣੇ ਦਸਤਖ਼ਤ ਪਟੀਸ਼ਨ ਰੂਪ ਵਿਚ ਕਰ ਕੇ ਜਾਣ। ਐਤਵਾਰ ਦੇ ਦੀਵਾਨ ਦੀ ਸਮਾਪਤੀ ਤਕ 225 ਦੇ ਕਰੀਬ ਦਸਤਖ਼ਤ ਲਏ ਜਾ ਚੁਕੇ ਸਨ। ਪਟੀਸ਼ਨ ਦਾ ਇਹ ਅਮਲ ਆਉਂਦੇ ਤਿੰਨ ਐਤਵਾਰ ਜਾਰੀ ਰਹੇਗਾ।

# ਆਸਟਰੇਲੀਆ ਦੀ ਸੰਸਦ 'ਚ ਪਟੀਸ਼ਨ ਦਾਖ਼ਲ

**ਮੈਲਬਰਨ:** ਆਸਟਰੇਲੀਆ ਦੇ ਇਕ ਸੰਸਦ ਮੈਂਬਰ ਨੇ ਸੰਸਦ 'ਚ ਪਟੀਸ਼ਨ ਦਾਇਰ ਕਰਕੇ ਸਰਕਾਰ ਨੂੰ ਭਾਰਤ ਵਿਚ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਵਜੋਂ ਮਾਨਤਾ ਦੇਣ ਲਈ ਕਿਹਾ ਹੈ। ਆਸਟਰੇਲੀਆ ਦੀ ਸੁਪਰੀਮ ਸਿੱਖ ਕੌਂਸਲ ਅਨੁਸਾਰ ਆਸਟਰੇਲੀਆ ਦੀ ਸੰਸਦ ਦੇ ਫੈਡਰਲ ਮੈਂਬਰ ਵਾਰਨ ਇਨਟੈਕ ਨੇ 'ਨਸਲਕੁਸ਼ੀ ਪਟੀਸ਼ਨ' ਸੰਸਦ ਸਾਹਮਣੇ ਪੇਸ਼ ਕੀਤੀ ਜਿਸ 'ਤੇ ਇਕ ਨਵੰਬਰ ਨੂੰ ਸੰਸਦ ਦੇ ਪ੍ਰਤੀਨਿਧ ਸਦਨ ਵਿਚ ਬਹਿਸ ਹੋਈ।

ਇਸ ਪਟੀਸ਼ਨ ਰਾਹੀਂ ਆਸਟਰੇਲੀਆ ਸਰਕਾਰ ਨੂੰ ਨਸਲਕੁਸ਼ੀ ਦੇ ਜੁਰਮ ਨੂੰ ਰੋਕਣ ਤੇ ਸਜ਼ਾ ਬਾਰੇ ਸੰਯੁਕਤ ਰਾਸ਼ਟਰ ਦੀ ਸੰਧੀ ਮੁਤਾਬਕ ਨਵੰਬਰ 1984 ਵਿਚ ਸਿੱਖ ਭਾਈਚਾਰੇ ਖਿਲਾਫ ਹੋਈ ਭਿਆਨਕ ਹਿੰਸਾ ਨੂੰ 'ਨਸਲਕੁਸ਼ੀ' ਵਜੋਂ ਮਾਨਤਾ ਦੇਣ ਲਈ ਆਖਿਆ ਗਿਆ। ਵਾਰਨ ਇਨਟੈਕ ਜਿਹੜੇ ਆਸਟਰੇਲੀਆ ਦੀ ਲਿਬਰਲ ਪਾਰਟੀ ਦੇ ਮੁੱਖ ਵਿਰੋਧੀ ਵ੍ਹਿਪ ਵਜੋਂ ਕੰਮ ਕਰ ਰਹੇ ਹਨ, ਨੇ ਪਟੀਸ਼ਨ ਦਾ ਸਮਰਥਨ ਕਰਨ ਦਾ ਫ਼ੈਸਲਾ ਕੀਤਾ ਕਿਉਂਕਿ ਜਿਸ ਤਰ੍ਹਾਂ ਸਿੱਖਾਂ ਨਾਲ ਵਰਤਾਅ ਕੀਤਾ ਗਿਆ ਤੇ ਅਜੇ ਕੀਤਾ ਜਾ ਰਿਹਾ ਹੈ, ਉਸ ਤੋਂ ਉਹ ਬਹੁਤ ਦੁਖੀ ਹਨ।



*ਐਮ ਪੀ ਵਾਰਨ ਇਨਟੈਕ (ਵਿਚਕਾਰ), ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਤੇ ਸ. ਦਲਜੀਤ ਸਿੰਘ ਆਟਰੇਲੀਆਈ ਸੰਸਦ ਵੱਲ ਜਾਂਦੇ ਹੋਏ*

ਸਮੁੱਚੇ ਆਸਟਰੇਲੀਆ ਤੋਂ ਸੈਂਕੜੇ ਸਿੱਖ ਕੈਨਬਰਾ ਗਏ ਤੇ ਜਦੋਂ ਵਾਰਨ ਇਨਟੈਕ ਨੇ ਪਟੀਸ਼ਨ ਸੰਸਦ ਵਿਚ ਪੇਸ਼ ਕੀਤੀ ਤਾਂ ਉਸ ਸਮੇਂ ਉਹ ਪ੍ਰਤੀਨਿਧ ਸਦਨ ਦੀ ਗੈਲਰੀ ਵਿਚ ਮੌਜੂਦ ਸਨ। ਇਹ ਮਾਮਲਾ ਪਹਿਲਾਂ ਕੈਰਿਨਜ਼ ਵਿਚ ਰਹਿੰਦੇ ਦਲਜੀਤ ਸਿੰਘ ਨੇ ਉਠਾਇਆ ਸੀ। ਸ. ਦਲਜੀਤ ਸਿੰਘ ਦਾ ਕਹਿਣਾ ਹੈ ਕਿ ਇਸ ਧਰਤੀ 'ਤੇ ਰਹਿੰਦੇ ਹਰੇਕ ਵਿਅਕਤੀ ਜਿਹੜਾ ਮਨੁੱਖਤਾ ਦੀ ਬਰਾਬਰੀ ਤੇ ਸ਼ਾਂਤੀ ਵਿਚ ਵਿਸ਼ਵਾਸ ਰੱਖਦਾ ਹੈ, ਨੂੰ ਇਸ ਦੀ ਹਮਾਇਤ ਕਰਨੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਨਿਆਂ ਵਿਚ ਦੇਰੀ ਅਨਿਆਂ ਹੁੰਦਾ ਹੈ।

ਸੁਪਰੀਮ ਸਿੱਖ ਕੌਂਸਲ ਆਫ ਆਸਟਰੇਲੀਆ ਦੇ ਜਨਰਲ ਸਕੱਤਰ ਹਰਕੀਰਤ ਸਿੰਘ ਅਨੁਸਾਰ ਉਕਤ ਨਸਲਕੁਸ਼ੀ ਪਟੀਸ਼ਨ 'ਤੇ ਸਮੁੱਚੇ ਆਸਟਰੇਲੀਆ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਭਾਈਚਾਰੇ ਦੇ ਮੈਂਬਰਾਂ ਨੇ ਦਸਤਖਤ ਕੀਤੇ ਹਨ। ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਨਵੰਬਰ 1984 ਦੀਆਂ ਦਿਲ ਕੰਬਾਊ ਘਟਨਾਵਾਂ ਨੇ ਸਿੱਖ ਭਾਈਚਾਰੇ ਦੇ ਦਿਲਾਂ ਵਿਚ ਡੂੰਘੇ ਜ਼ਖ਼ਮ ਲਾਏ ਹਨ ਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਖਿਲਾਫ ਡਟਣ ਵਾਲੇ ਆਸਟਰੇਲੀਆ ਵਰਗੇ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਦੇ ਯੋਜਨਾਬੱਧ ਕਤਲੇਆਮ ਲਈ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ।

ਉਕਤ 'ਨਸਲਕੁਸ਼ੀ ਪਟੀਸ਼ਨ' ਆਸਟਰੇਲੀਆ ਦੀਆਂ ਸਿੱਖ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਦੇ ਸਹਿਯੋਗ ਨਾਲ ਪੇਸ਼ ਕੀਤੀ ਗਈ। ਜੂਨ 2010 ਵਿਚ ਇਸੇ ਤਰ੍ਹਾਂ ਦੀ ਇਕ ਪਟੀਸ਼ਨ ਕੈਨੇਡਾ ਵਿਚ ਸੰਸਦ ਮੈਂਬਰਾਂ ਵਲੋਂ ਪੇਸ਼ ਕੀਤੀ ਗਈ ਸੀ।

# ਨਵੰਬਰ 84 ਦੇ ਸਿੱਖ ਕਤਲੇਆਮ ਦੀ ਯਾਦ 'ਚ ਸਮਾਗਮ

**ਡੈਲਸ, ਟੈਕਸਸ (ਹਰਜੀਤ ਢੇਸੀ):** ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਲੋਕਾਂ ਦੀ ਯਾਦ ਨੂੰ ਸਮਰਪਿਤ ਇਕ ਵਿਸ਼ੇਸ਼ ਸਮਾਗਮ ਗੁਰਦੁਆਰਾ ਸਿੱਖ ਸੰਗਤ, ਯੂਲਿਸ (ਟੈਕਸਸ) ਵਿਖੇ ਕਰਵਾਇਆ ਗਿਆ ਜਿਸ ਵਿਚ ਡੈਲਸ-ਫੋਰਟਵਰਥ ਦੇ ਸਮੂਹ ਗੁਰੂ ਘਰਾਂ ਵਲੋਂ ਸਹਿਯੋਗ ਦਿੱਤਾ ਗਿਆ।

ਸਵੇਰ ਦੇ ਦੀਵਾਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਸਕੱਤਰ ਭਾਈ ਅਮਰਜੀਤ ਸਿੰਘ ਨੇ ਨਵੰਬਰ '84 ਦੇ ਸਿੱਖ ਕਤਲੇਆਮ ਨੂੰ ਇਕ ਮੰਦਭਾਗਾ ਤੇ ਦਰਦਨਾਕ ਸਾਕਾ ਕਰਾਰ ਦਿੰਦਿਆਂ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਹਜ਼ਾਰਾਂ ਸਿੱਖਾਂ ਨੂੰ ਸਿਰਫ ਇਸ ਕਰ ਕੇ ਕਤਲ ਕਰ ਦਿਤਾ ਗਿਆ ਕਿ ਉਹ ਸਿੱਖ ਸਨ। ਜਿਵੇਂ ਸਿੱਖ ਹੋਣਾ ਹੀ ਉਨ੍ਹਾਂ ਲਈ ਇਕ ਜੁਰਮ ਸੀ। ਉਨ੍ਹਾਂ ਕਿਹਾ ਕਿ ਇਸ ਸਾਕੇ ਦੀ ਯਾਦ ਸਿੱਖ ਭਾਈਚਾਰੇ ਦੇ ਮਨਾਂ ਵਿਚ ਹਮੇਸ਼ਾ ਦਰਦ ਪੈਦਾ ਕਰਦੀ ਰਹੇਗੀ।

ਇਸ ਮੌਕੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਇਸ ਗੱਲ ਨੂੰ ਮੰਦਭਾਗਾ ਕਰਾਰ ਦਿੱਤਾ ਕਿ 28 ਸਾਲ ਬੀਤ ਜਾਣ ਉਪਰੰਤ ਵੀ ਪੀੜਤ ਸਿੱਖ ਕੌਮ ਨੂੰ ਭਾਰਤ ਸਰਕਾਰ ਵਲੋਂ ਇਨਸਾਫ ਨਹੀਂ ਦਿੱਤਾ ਗਿਆ ਅਤੇ ਅੱਜ ਤੱਕ ਵੀ ਪੀੜਤ ਪਰਿਵਾਰਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਨਵੰਬਰ 1984 ਦਾ ਇਹ ਸਾਕਾ ਭਾਰਤ ਦੇ ਇਤਿਹਾਸ 'ਤੇ ਕਾਲਾ ਧੱਬਾ ਬਣਿਆ ਰਹੇਗਾ। ਬੁਲਾਰਿਆਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸਭ ਇਨਸਾਫਪਸੰਦ ਤਾਕਤਾਂ ਨੂੰ ਇਕਜੁੱਟ ਹੋ ਕੇ ਭਾਰਤੀ ਹਾਕਮਾਂ ਦਾ ਫਾਸ਼ੀ ਚਿਹਰਾ ਨੰਗਾ ਕਰਨਾ ਚਾਹੀਦਾ ਹੈ। ਇਸ ਸਮਾਗਮ ਵਿਚ ਜਿਹੜੇ ਬੁਲਾਰੇ ਵਿਸ਼ੇਸ਼ ਤੌਰ 'ਤੇ ਪਹੁੰਚੇ, ਉਨ੍ਹਾਂ ਵਿਚ ਸਮਾਜਕ ਚੇਤਨਾ ਜਥੇਬੰਦੀ ਵਲੋਂ ਸਾਜੀ



ਗੋਪਾਲ, ਅਮਰੀਕੀ ਨਿਆਂ ਵਿਭਾਗ ਵਲੋਂ ਸਿੰਥੀਆ ਡੀਮੋਇਨਜ਼, ਐਸ ਐਮ ਯੂ ਤੋਂ ਜੌਹਨ ਵਰਨਨ, ਇਸਲਾਮੀ ਐਸੋਸੀਏਸ਼ਨ ਵਲੋਂ ਡਾ. ਟਾਡ ਕੋਲੀਅਰ ਅਤੇ ਹੋਲੋਕਾਸਟ ਐਂਡ ਜੈਨੋਸਾਈਡ ਵਿਰੁਧ ਜਥੇਬੰਦੀ ਵਲੋਂ ਮਾਈਕ ਗਾਊਸ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਰਿਚਰਡਸਨ ਪੁਲਿਸ ਵਿਭਾਗ ਦੇ ਮੁਖੀ ਵੀ ਪਹੁੰਚੇ ਹੋਏ ਸਨ। ਡਾ. ਪ੍ਰਿਤਪਾਲ ਸਿੰਘ ਨੇ ਮੰਚ ਸੰਚਾਲਨ ਕੀਤਾ।

ਭਾਈ ਸੁਰਿੰਦਰ ਸਿੰਘ ਨੇ ਆਏ ਬੁਲਾਰਿਆਂ ਅਤੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਸਮੁੱਚੀ ਸਿੱਖ ਕੌਮ ਨੂੰ ਇਕ ਮੰਚ ਉਤੇ ਇਕੱਠੇ ਹੋ ਕੇ ਇਨਸਾਫ ਲਈ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਸਿੱਖ ਜਥੇਬੰਦੀ ਯੂਨਾਈਟਿਡ ਸਿੱਖਸ ਦੇ ਭਾਈ ਕੁਲਵਿੰਦਰ ਸਿੰਘ ਨੇ ਵੀ ਇਸ ਸਮਾਗਮ ਵਿਚ ਭਰਵਾਂ ਯੋਗਦਾਨ ਪਾਇਆ। ਉਨ੍ਹਾਂ ਯੂਨਾਈਟਿਡ ਸਿੱਖਸ ਵਲੋਂ ਜਾਣਕਾਰੀ ਭਰਪੂਰ ਲਿਟਰੇਚਰ ਵੀ ਇਸ ਮੌਕੇ ਵੰਡਿਆ।

## ਬੀਬੀ ਜਗੀਰ ਕੌਰ ਜ਼ਮਾਨਤ 'ਤੇ ਰਿਹਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਧੀ ਦਾ ਜਬਰੀ ਗਰਭਪਾਤ ਕਰਵਾਉਣ ਦੇ ਦੋਸ਼ ਹੇਠ ਕੈਦ ਕੱਟ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਜ਼ਮਾਨਤ ਦੇ ਦਿੱਤੀ ਹੈ। ਉਹ ਕਪੂਰਥਲਾ ਜੇਲ੍ਹ ਵਿਚ ਬੰਦ ਸਨ ਤੇ ਅਦਾਲਤ ਨੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਨਾ ਜਾਣ ਦੀ ਸ਼ਰਤ 'ਤੇ ਜ਼ਮਾਨਤ ਦੇ ਦਿੱਤੀ।

ਇਹ ਹੁਕਮ ਹਾਈ ਕੋਰਟ ਦੇ ਜਸਟਿਸ ਏ ਕੇ ਮਿੱਤਲ ਤੇ ਜਸਟਿਸ ਜੀ ਐਸ ਸੰਧਾਵਾਲੀਆ ਦੀ ਅਦਾਲਤ ਨੇ ਸੁਣਾਏ ਤੇ ਉਨ੍ਹਾਂ ਨੂੰ ਵਿਦੇਸ਼ ਜਾਣ ਤੋਂ ਪਹਿਲਾਂ ਅਦਾਲਤ ਦੀ ਇਜਾਜ਼ਤ ਲੈਣ ਲਈ ਕਿਹਾ। ਇਸ ਤੋਂ ਪਹਿਲਾਂ ਇਸੇ ਸਾਲ ਮਾਰਚ ਵਿਚ ਪਟਿਆਲਾ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਉਨ੍ਹਾਂ ਨੂੰ ਆਪਣੀ ਧੀ ਹਰਪ੍ਰੀਤ ਕੌਰ ਦਾ ਜਬਰੀ ਗਰਭਪਾਤ ਕਰਵਾਉਣ ਜਿਸ ਦੇ ਸਿੱਟੇ ਵਜੋਂ ਹਰਪ੍ਰੀਤ ਕੌਰ ਦੀ ਮੌਤ ਹੋ ਗਈ ਸੀ, ਦੇ ਦੋਸ਼ ਹੇਠ ਪੰਜ ਸਾਲ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਉਹ ਉਦੋਂ ਤੋਂ ਹੀ ਜੇਲ੍ਹ ਵਿਚ ਬੰਦ ਸਨ।

## ਸਭ ਤੋਂ ਵਡੇਰੀ ਉਮਰ ਦਾ ਪੰਜਾਬੀ ਜੋੜਾ

**ਲੰਡਨ:** ਪੰਜਾਬ ਨਾਲ ਸਬੰਧਤ 107 ਸਾਲਾ ਕਰਮ ਤੇ 100 ਸਾਲਾ ਕਟਾਰੀ ਚਾਂਦ 87 ਸਾਲ ਤੋਂ ਆਨੰਦਮਈ ਜੀਵਨ ਗੁਜ਼ਾਰਨ ਵਾਲਾ ਸੰਸਾਰ ਦਾ ਪਹਿਲਾ ਵਿਆਹੁਤਾ ਜੋੜਾ ਹੈ ਜਿਸ ਦੇ ਅੱਠ ਬੱਚੇ ਤੇ 28 ਪੋਤਰੇ-ਪੋਤਰੀਆਂ ਹਨ। ਇਨ੍ਹਾਂ ਦੋਵਾਂ ਦੀ ਲੰਬੀ ਤੇ ਤੰਦਰੁਸਤ ਉਮਰ ਦਾ ਰਾਜ਼ ਇਕ-ਦੂਜੇ ਦੀ ਹਰ ਪੱਖ ਤੋਂ ਦੇਖ-ਭਾਲ ਕਰਨਾ ਤੇ ਖੁਸ਼ ਰਹਿਣਾ ਹੈ।

ਇਸ ਬਾਰੇ ਕਰਮ ਦਾ ਕਹਿਣਾ ਹੈ ਕਿ ਉਸ ਦੇ ਸੁਣਾਏ ਚੁਟਕਲੇ ਕਟਾਰੀ ਨੂੰ ਖ਼ੂਬ ਹਸਾਉਂਦੇ ਹਨ ਤੇ ਸਾਡਾ ਜੀਵਨ ਰੁਮਾਂਚ ਨਾਲ ਭਰ ਜਾਂਦਾ ਹੈ। ਉਸ ਨੇ ਕਿਹਾ ਕਿ ਉਹ ਆਪਣੀ ਪਤਨੀ ਨੂੰ ਬਹੁਤ ਪਿਆਰ ਕਰਦਾ ਹੈ ਤੇ 80 ਸਾਲ ਹੋਰ ਇਕੱਠੇ ਬਤੀਤ ਕਰਨ ਦੇ ਇਛੁੱਕ ਹਨ। 'ਡੇਲੀ ਮੇਲ' ਦੀ ਰਿਪੋਰਟ ਅਨੁਸਾਰ ਬਰੈਡਫੋਰਡ ਵਿਚ ਰਹਿੰਦਾ ਪੰਜਾਬ ਨਾਲ ਸਬੰਧਤ ਇਹ ਪਰਵਾਸੀ ਜੋੜਾ ਜੋ 'ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਵਿਚ ਪਹਿਲਾਂ ਬਣੇ ਰਿਕਾਰਡ ਦੀ ਤੁਲਨਾ ਵਿਚ ਪੰਜ ਸਾਲ ਅੱਗੇ ਲੰਘ ਗਿਆ ਹੈ, ਵੱਲੋਂ ਆਪਣਾ ਨਾਂ ਦਰਜ ਕਰਵਾਉਣ ਲਈ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

# ਲੈਨਸਿੰਗ ਦੀਆਂ ਸੰਗਤਾਂ ਨੇ ਸੰਤ ਮੁਰਾਲੇਵਾਲਿਆਂ ਦਾ ਜਨਮ ਦਿਹਾੜਾ ਮਨਾਇਆ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਵਿਖੇ ਸਮੂਹ ਸੰਗਤਾਂ ਵਲੋਂ ਬ੍ਰਹਮ ਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਜਨਮ ਦਿਹਾੜਾ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਦੂਰੋਂ-ਨੇੜਿਓਂ ਪਹੁੰਚੀਆਂ ਸੰਗਤਾਂ ਨੇ ਭਰਵੀਂ ਹਾਜ਼ਰੀ ਭਰੀ।

ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਸਜੇ ਦੀਵਾਨ ਵਿਚ ਭਾਈ ਤਰਲੋਕ ਸਿੰਘ, ਭਾਈ ਰਵਿੰਦਰ ਸਿੰਘ ਅਤੇ ਭਾਈ ਮਹਿੰਦਰ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਕਥਾਵਾਚਕ ਭਾਈ ਰਣਧੀਰ ਸਿੰਘ ਖਾਲਸਾ ਦਸੂਹੇ ਵਾਲਿਆਂ ਨੇ ਕਥਾ ਵਿਆਖਿਆ ਕਰਦਿਆਂ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੇ ਜੀਵਨ ਅਤੇ ਉਨ੍ਹਾਂ ਵਲੋਂ ਸਿੱਖ ਕੌਮ ਲਈ ਕੀਤੇ ਗਏ ਕਾਰਜਾਂ ਉਪਰ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਕਿਵੇਂ ਸੰਤ ਮੁਰਾਲੇਵਾਲਿਆਂ ਨੇ ਅਨਪੜ੍ਹਤਾ ਅਤੇ



ਸਮਾਜਕ ਨਾਬਰਾਬਰੀ ਵਿਰੁਧ ਆਵਾਜ਼ ਉਠਾਈ, ਥਾਂ ਥਾਂ ਵਿਦਿਅਕ ਸੰਸਥਾਵਾਂ ਖੋਲ੍ਹੀਆਂ ਅਤੇ ਗੁਰਮਤਿ ਪ੍ਰਚਾਰ ਲਈ ਮੁਹਿੰਮ ਚਲਾਈ।

ਇਸ ਸਮਾਗਮ ਦੌਰਾਨ ਅਖੰਡ ਪਾਠ ਦੀ ਸੇਵਾ ਸ. ਗੁਰਜਿੰਦਰ ਸਿੰਘ ਡਿੰਪਲ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਗਈ। ਚਾਹ ਅਤੇ ਮਿਠਾਈ ਦੀ ਸੇਵਾ ਗੁਰੂ ਘਰ ਦੇ ਸੇਵਕ ਭਾਈ ਕੁਲਦੀਪ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤੀ ਗਈ ਜਦੋਂਕਿ ਮਨਜੀਤ ਸਿੰਘ ਫਲਿੰਟ (ਗਰਿਲ ਆਫ ਇੰਡੀਆ) ਨੇ ਲੰਗਰ ਦੀ ਸੇਵਾ ਕੀਤੀ।

ਗੁਰੂ ਘਰ ਦੀਆਂ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਦੀਵਾਲੀ ਦਾ ਦਿਹਾੜਾ 13 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸੰਗਤਾਂ ਵਲੋਂ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ 26 ਤੋਂ 28 ਨਵੰਬਰ ਤੱਕ ਮਨਾਇਆ ਜਾਵੇਗਾ। ਉਸ ਸਮੇਂ ਅਖੰਡ ਪਾਠ ਦੀ ਸੇਵਾ ਬਲਬੀਰ ਸਿੰਘ ਲੰਮੇ ਅਤੇ ਜਸਵਿੰਦਰ ਸਿੰਘ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ।

ਗੁਰੂ ਘਰ ਦੇ ਪ੍ਰਧਾਨ ਕੁਲਦੀਪ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੈਨਸਿੰਗ ਦੀਆਂ ਸੰਗਤਾਂ ਵਲੋਂ ਖਾਲਸਾ ਸਿਰਜਣਾ ਦਿਵਸ ਮੌਕੇ ਮਹਾਨ ਨਗਰ ਕੀਰਤਨ 27 ਅਪਰੈਲ 2013, ਦਿਨ ਸਨਿਚਰਵਾਰ ਨੂੰ ਸਜਾਇਆ ਜਾਵੇਗਾ। ਹੋਰ ਜਾਣਕਾਰੀ ਲਈ ਉਨ੍ਹਾਂ ਨਾਲ ਫੋਨ 517-402-4910 ਉਤੇ ਸੰਪਰਕ ਕੀਤਾ ਜਾ ਸਕਦਾ ਹੈ।





# ਓਕ ਕਰੀਕ ਗੁਰਦੁਆਰੇ ਦੇ ਬਾਹਰੋਂ ਸ਼ੱਕੀ ਬੰਦਾ ਕਾਬੂ

**ਮਿਲਵਾਕੀ:** ਗੁਰਦੁਆਰਾ ਓਕ ਕਰੀਕ ਦੇ ਬਾਹਰੋਂ ਪਿਛਲੇ ਦਿਨੀਂ ਪੁਲਿਸ ਨੇ ਸ਼ੱਕੀ ਹਾਲਤ ਵਿਚ ਇਕ ਵਿਅਕਤੀ ਨੂੰ ਕਾਬੂ ਕੀਤਾ ਜਿਸ ਕੋਲੋਂ ਹਥਿਆਰ ਤੇ ਕੁਝ ਸ਼ੱਕੀ ਲਿਖਤਾਂ ਬਰਾਮਦ ਹੋਈਆਂ। ਜ਼ਿਕਰਯੋਗ ਹੈ ਕਿ ਇਸ ਗੁਰਦੁਆਰੇ ਵਿਚ ਅਗਸਤ ਮਹੀਨੇ ‘ਚ ਇਕ ਸਿਰਫਿਰੇ ਗੋਰੇ ਨੇ ਅਨ੍ਹੇਵਾਹ ਗੋਲੀਆਂ ਚਲਾ ਕੇ ਛੇ ਸ਼ਰਧਾਲੂ ਸਿੱਖਾਂ ਨੂੰ ਮਾਰ ਦਿੱਤਾ ਸੀ। ਪੁਲਿਸ ਸੂਤਰਾਂ ਅਨੁਸਾਰ ਸ਼ੱਕੀ ਵਿਅਕਤੀ ਤੋਂ ਪੁੱਛਗਿੱਛ ਕੀਤੀ ਗਈ ਪਰ ਇਹ ਸਪਸ਼ਟ ਹੋ ਗਿਆ ਕਿ ਉਸ ਤੋਂ ਗੁਰਦੁਆਰੇ ਨੂੰ ਕੋਈ ਖਤਰਾ ਨਹੀਂ ਸੀ, ਇਸ ਲਈ ਉਸ ਨੂੰ ਰਿਹਾ ਕਰ ਦਿੱਤਾ ਹੈ।

ਓਕ ਕਰੀਕ ਪੁਲਿਸ ਵਿਭਾਗ ਅਨੁਸਾਰ ਮੈਰੀਲੈਂਡ ਦੇ 32 ਸਾਲਾ ਨੌਜਵਾਨ ਨੂੰ 9 ਐਮ.ਐਮ. ਦੇ ਪਿਸਤੌਲ ਤੇ ਸ਼ੱਕੀ ਲਿਖਤਾਂ ਸਣੇ ਗੁਰਦੁਆਰੇ ਦੇ ਬਾਹਰੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਸਵੇਰੇ ਪੌਣੇ ਨੌਂ ਵਜੇ ਗੁਰਦੁਆਰੇ ਦੇ ਅੰਦਰ ਵੜਦੇ ਹੋਏ ਵੇਖਿਆ ਗਿਆ। ਪੁਲਿਸ ਨੇ ਇਸ ਨੌਜਵਾਨ ਦੀ ਸ਼ਨਾਖ਼ਤ ਬਿਆਨ ਨਹੀਂ ਕੀਤੀ। ਪੁਲਿਸ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਇਹ ਨੌਜਵਾਨ ਅਗਸਤ ਮਹੀਨੇ ਗੁਰਦੁਆਰੇ ‘ਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਲਈ ਆਇਆ ਸੀ ਪਰ ਬਾਅਦ ‘ਚ ਪੁਲਿਸ ਨੇ ਬਿਆਨ ਬਦਲਦਿਆਂ ਕਿਹਾ ਕਿ ਉਹ ਕਿਤਾਬ ਲਿਖ ਰਿਹਾ ਹੈ ਤੇ ਉਥੇ ਲੋਕਾਂ ਨਾਲ ਗੱਲਬਾਤ ਕਰਨਾ ਚਾਹੁੰਦਾ ਸੀ।

## ਰਛਪਾਲ ਖੰਗੂੜਾ ਨੂੰ ਸਦਮਾ ਭਰਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦੇ ਪ੍ਰਧਾਨ ਰਛਪਾਲ ਸਿੰਘ ਖੰਗੂੜਾ ਨੂੰ ਉਦੋਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਭਰਾ ਕੁਲਦੀਪ ਸਿੰਘ ਖੰਗੂੜਾ ਲੰਘੀ 31 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 61 ਵਰ੍ਹਿਆਂ ਦੇ ਸਨ ਅਤੇ ਪੰਜਾਬ ਵਿਚ ਆਪਣੇ ਪਿੰਡ ਮਾਲਾ, ਨਜ਼ਦੀਕ ਫਿਲੌਰ ਰਹਿੰਦੇ ਸਨ। ਉਹ ਆਪਣੇ ਪਿਛੇ ਪਤਨੀ ਜਸਵੀਰ ਕੌਰ, ਦੋ ਧੀਆਂ, ਭਰਾ-ਰਛਪਾਲ ਸਿੰਘ, ਪਰਮਜੀਤ ਸਿੰਘ ਤੇ ਹਰਜਿੰਦਰ (ਜਿੰਦੀ) ਖੰਗੂੜਾ ਛੱਡ ਗਏ ਹਨ। ਉਨ੍ਹਾਂ ਦੇ ਮਾਤਾ-ਪਿਤਾ ਕੁਝ ਸਾਲ ਪਹਿਲਾਂ ਗੁਜ਼ਰ ਗਏ ਸਨ।

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦੀ ਕਾਰਜਕਾਰਨੀ ਨੇ ਖੰਗੂੜਾ ਪਰਿਵਾਰ ਨੂੰ ਪਹੁੰਚੇ ਇਸ ਡੂੰਘੇ ਸਦਮੇ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਉਹ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਸ੍ਰੀ ਰਛਪਾਲ ਖੰਗੂੜਾ ਨਾਲ ਫੋਨ 847-361-4908 ਅਤੇ ਸ੍ਰੀ ਜਿੰਦੀ ਖੰਗੂੜਾ ਫੋਨ 847-529-1464 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ‘ਸਨਜ਼ ਆਫ਼ ਸਰਦਾਰ’ ’ਚੋਂ ਇਤਰਾਜ਼ਯੋਗ ਦ੍ਰਿਸ਼ ਹਟਾਏ

**ਮੁੰਬਈ:** ਅਜੈ ਦੇਵਗਨ ਦੀ ਫ਼ਿਲਮ ‘ਸਨਜ਼ ਆਫ਼ ਸਰਦਾਰ’ ਵਿਚੋਂ ਇਤਰਾਜ਼ਯੋਗ ਦ੍ਰਿਸ਼ ਹਟਾ ਲਏ ਗਏ ਹਨ। ਇਸ ਫ਼ਿਲਮ ਵਿਚ ਸਿੱਖ ਭਾਈਚਾਰੇ ਬਾਰੇ ਇਤਰਾਜ਼ਯੋਗ ਦ੍ਰਿਸ਼ਾਂ ਤੋਂ ਅਜੈ ਦੇਵਗਨ ਨੂੰ ਜਾਣੂ ਕਰਵਾਇਆ ਗਿਆ ਸੀ।

# ਸੈਂਡੀ ਤੂਫਾਨ ਦੇ ਪੀੜਤਾਂ ਦੀ ਮਦਦ ਵਾਸਤੇ ਅਪੀਲ

ਕੋਲੰਬਸ, ਓਹਾਇਓ (ਬਿਊਰੋ): ਵਿਸ਼ਵ ਸਿੱਖ ਕੌਂਸਲ, ਅਮਰੀਕਾ ਖੇਤਰ ਨੇ ਸਮੂਹ ਖਾਸ ਕਰਕੇ ਈਸਟ ਕੋਸਟ ਦੇ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਪਿਛਲੇ ਹਫਤੇ ਈਸਟ ਕੋਸਟ ਇਲਾਕੇ ਵਿਚ ਆਏ ਸੈਂਡੀ ਤੂਫਾਨ ਦੀ ਤਬਾਹੀ ਦਾ ਸ਼ਿਕਾਰ ਹੋਏ ਲੋਕਾਂ ਦੀ ਮਦਦ ਲਈ ਵਧ ਚੜ੍ਹ ਕੇ ਹਿੱਸਾ ਪਾਇਆ ਜਾਵੇ। ਸਮੂਹ ਗੁਰੂ ਘਰਾਂ ਦੇ ਦਰਵਾਜ਼ੇ ਇਸ ਤੂਫਾਨ ਨਾਲ ਪੀੜਤ ਲੋੜਵੰਦ ਲੋਕਾਂ ਲਈ ਖੋਲ੍ਹੇ ਜਾਣ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇ। ਸਿੱਖ ਧਰਮ ਵਿਚ ਉਂਜ ਵੀ ਸ਼ਰਨ ਆਏ ਲੋੜਵੰਦ ਨੂੰ ਰਹਿਣ ਲਈ ਥਾਂ ਅਤੇ ਭੋਜਨ ਦੇਣ ਦੀ ਰਵਾਇਤ ਹੈ।

ਜਥੇਬੰਦੀ ਵਲੋਂ ਜਾਰੀ ਬਿਆਨ ਵਿਚ ਆਖਿਆ ਗਿਆ ਹੈ ਕਿ ਲੋੜਵੰਦਾਂ ਨੂੰ ਇਸ ਨਾਜ਼ੁਕ ਸਮੇਂ ਗਰਮ ਕੱਪੜੇ, ਭੋਜਨ ਅਤੇ ਗੁਸਲਖਾਨੇ ਨਾਲ ਸਬੰਧਤ ਨਿੱਕੀਆਂ ਮੋਟੀਆਂ ਚੀਜ਼ਾਂ ਅਤੇ ਨਕਦ ਸਹਾਇਤਾ ਦੇਣ ਲਈ ਯੁਨਾਈਟਿਡ ਸਿੱਖਸ ਫੋਨ 646-688-3525, 888-243-1690, ਸਾਲਵੇਸ਼ਨ ਆਰਮੀ ਫੋਨ 800-128-7825 ਜਾਂ ਰੈਡ ਕਰਾਸ ਫੋਨ 800-733-2767 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜੋ ਸਿੱਖ ਗੰਭੀਰ ਅਵਸਥਾ ਵਿਚ ਰਹਿ ਰਹੇ ਲੋਕਾਂ ਦੀ ਮਦਦ ਜਾਂ ਸਾਂਭ ਸੰਭਾਲ ਵਿਚ ਹਿੱਸਾ ਪਾਉਣਾ ਚਾਹੁੰਦੇ ਹਨ, ਉਹ ਨੈਸ਼ਨਲ ਸਰਵਿਸ ਫੋਨ 202-606-5000, 800-833-3722 ਜਾਂ ਨਿਊ ਜਰਸੀ ਸਿਟੀ ਐਮਰਜੈਂਸੀ ਸਰਵਿਸ ਫੋਨ 212-639-9675 ਨਾਲ ਸੰਪਰਕ ਕਰ ਸਕਦੇ ਹਨ।

## ਗੁਰਦੁਆਰਾ ਹੈਮਿਲਟਨ ਦੀ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ

**ਸਿਨਸਿਨੈਟੀ, ਓਹਾਇਓ (ਬਿਊਰੋ):** ਗੁਰਦੁਆਰਾ ਗੁਰੂ ਨਾਨਕ ਸੁਸਾਇਟੀ, ਹੈਮਿਲਟਨ (ਓਹਾਇਓ) ਦੀ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ ਵਿਚ ਹਰਜਿੰਦਰ ਸਿੰਘ ਚੌਹਾਨ, ਸੋਹਨ ਸਿੰਘ, ਭਰਪੂਰ ਸਿੰਘ, ਜਸਬੀਰ ਸਿੰਘ, ਗੁਰਦਰਸ਼ਨ ਸਿੰਘ, ਬੀਬੀ ਸੁਰਜੀਤ ਕੌਰ ਬਿਲਕੂ ਅਤੇ ਬੀਬੀ ਰਾਣੀ ਬਿਨੇਪਾਲ ਕਮੇਟੀ ਦੇ ਮੈਂਬਰ ਚੁਣੇ ਗਏ।

ਇਸ ਚੋਣ ਲਈ ਚਾਹਵਾਨ ਉਮੀਦਵਾਰਾਂ ਦੇ ਨਾਂਵਾਂ ਦੀਆਂ ਪਰਚੀਆਂ ਪਾਈਆਂ ਗਈਆਂ ਅਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਪਰਚੀਆਂ ਕੱਢ ਕੇ ਚੋਣ ਕੀਤੀ ਗਈ। ਸੰਗਤ ਨੇ ਅਰਦਾਸ ਪਿਛੋਂ ਜੈਕਾਰਿਆਂ ਦੀ ਗੂੰਜ ਨਾਲ ਨਵੀਂ ਕਮੇਟੀ ਨੂੰ ਆਪਣੀ ਪ੍ਰਵਾਨਗੀ ਦਿੱਤੀ। ਗੁਰੂ ਨਾਨਕ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਦੀ ਚੋਣ ਹਰ ਦੋ ਸਾਲ ਬਾਅਦ ਹੁੰਦੀ ਹੈ।

We Specialize in Insuring small Businesses
Advance Insurance Consultants Inc.
Business Insurance Specialists
1783 S. Washington St., ST#101B, Naperville, IL 60565
>We specialize in Insuring computer consultants, Gas Stations, Restaurants, Hotels/Motels, Physicians offices, Workers Comp, etc.
>We will do a complete analysis of your current policy & apply maximum credits and discounts to get you the best rates with “A” rated company.
Call Tanvir Ahmad or Tariq S. Bhatti, Ph:630-718-9492

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways
Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ
ਹਾਰਡਵੁੱਡ ਫਲੋਰ, ਕਿਚਨ ਕੈਬਨਿਟ
ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ



ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?
ਗੁਰਪਤਵੰਤ ਸਿੰਘ ਪੰਨੂੰ ਅਟਾਰਨੀ ਐਟ ਲਾਅ
ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ
ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ
• ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
• 9th & 2nd ਸਰਕਿਟ ਅਪੀਲਜ਼
• ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
• ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ
ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ
NEW YORK
T 718.672.8000
75-20 Astoria Blvd, Suite 170
Jackson Heights, New York 11370
* Admitted in the state of New York only
CALIFORNIA
T 510.796.9000
39180 Liberty Street, Suite 118
Freemont. CA 94538

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਥਕ ਕਮੇਟੀ ਦੇ ਸਾਬਕਾ ਮੁਖੀ ਡਾ. ਸੋਹਨ ਸਿੰਘ ਦਾ ਦੇਹਾਂਤ

**ਚੰਡੀਗੜ੍ਹ:** ਪੰਥਕ ਕਮੇਟੀ ਦੇ ਸਾਬਕਾ ਮੁਖੀ ਅਤੇ ਖ਼ਾਲਿਸਤਾਨ ਲਈ ਚੱਲੀ ਲਹਿਰ ਦੇ ਆਗੂ ਡਾ. ਸੋਹਨ ਸਿੰਘ (98 ਸਾਲ) ਦਾ ਦੇਹਾਂਤ ਗਿਆ। ਉਨ੍ਹਾਂ ਦੀ ਸਿਹਤ ਕਾਫੀ ਸਮੇਂ ਤੋਂ ਠੀਕ ਨਹੀਂ ਸੀ ਤੇ ਪਹਿਲੀ ਨਵੰਬਰ ਨੂੰ ਉਹ ਮੁਹਾਲੀ ਦੇ ਫੇਜ਼-2 ਸਥਿਤ ਆਪਣੇ ਘਰ ਵਿਚ ਅਚਾਨਕ ਡਿੱਗ ਕੇ ਬੇਹੋਸ਼ ਹੋ ਗਏ। ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।



ਡਾ. ਸੋਹਨ ਸਿੰਘ ਦਾ ਜਨਮ 27 ਮਾਰਚ, 1914 ਨੂੰ ਚੱਕ 464 ਜੀ.ਬੀ. ਸਮੁੰਦਰੀ, ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ ਸੀ। ਉਹ ਪੰਜਾਬ ਸਿਹਤ ਵਿਭਾਗ ਵਿਚ ਡਾਇਰੈਕਟਰ ਦੇ ਅਹੁਦੇ 'ਤੇ ਤਾਇਨਾਤ ਰਹੇ। ਜ਼ਿਕਰਯੋਗ ਹੈ ਕਿ ਖਾੜਕੂਵਾਦ ਦੇ ਸਮੇਂ ਦੌਰਾਨ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ 1993 ਵਿਚ ਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ ਨੂੰ ਕਾਫੀ ਸਮਾਂ ਜੇਲ੍ਹ ਵਿਚ ਬਿਤਾਉਣਾ ਪਿਆ। ਤਕਰੀਬਨ ਤਿੰਨ ਸਾਲ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਸੀ। ਉਨ੍ਹਾਂ ਦੇ ਚਾਰ ਪੁੱਤਰ ਹਨ ਜਿਨ੍ਹਾਂ ਵਿਚੋਂ ਐਸ.ਐਸ. ਬੋਪਾਰਾਏ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਹਨ, ਇੰਦਰਜੀਤ ਸਿੰਘ ਏਅਰ ਕਮਾਂਡਰ, ਤੇਜਵੰਤ ਸਿੰਘ ਤੇ ਚੌਥਾ ਬੇਟਾ ਜਗਜੀਤ ਸਿੰਘ ਅਮਰੀਕਾ ਵਿਚ ਰਹਿੰਦਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਵਜ਼ਾਰਤ ਵਿਚ ਵਿਦੇਸ਼ ਮੰਤਰੀ ਰਹੇ ਸਰਦਾਰ ਸਵਰਨ ਸਿੰਘ ਦੀ ਬੇਟੀ ਉਨ੍ਹਾਂ ਦੇ ਵੱਡੇ ਬੇਟੇ ਸ. ਬੋਪਾਰਾਏ ਨੂੰ ਵਿਆਹੀ ਹੋਈ ਹੈ।

ਕਿਸੇ ਵੇਲੇ ਖਾਲਿਸਤਾਨ ਲਹਿਰ ਦੇ ਥੰਮ੍ਹ ਰਹੇ ਡਾ. ਸੋਹਨ ਸਿੰਘ ਖਾਲਿਸਤਾਨ ਪੱਖੀ ਪੰਥਕ ਕਮੇਟੀ ਦੇ ਮੁਖੀ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਨੂੰ ਗਰਮਖਿਆਲ ਸਫ਼ਾਂ ਵਿਚ ਸਤਿਕਾਰ ਨਾਲ ਦੇਖਿਆ ਜਾਂਦਾ ਸੀ ਤੇ ਪੰਥ ਦਾ ਰੌਸ਼ਨ ਦਿਮਾਗ ਵੀ ਆਖਿਆ ਜਾਂਦਾ ਸੀ ਪਰ ਕੁਝ ਹਲਕਿਆਂ ਵਿਚ ਉਨ੍ਹਾਂ ਬਾਰੇ ਹਮੇਸ਼ਾਂ ਗ਼ਲਤਫਹਿਮੀ ਬਣੀ ਰਹੀ।

ਬੀਤੇ ਦਹਾਕੇ ਤੋਂ ਉਹ ਬਿਰਧ ਅਵਸਥਾ ਕਾਰਨ ਸਾਰੀਆਂ ਸਰਗਰਮੀਆਂ ਛੱਡ ਕੇ ਘਰ ਬੈਠ ਗਏ ਸਨ। ਗਰਮਖਿਆਲ ਸਫਾਂ ਨਾਲ ਜੁੜੇ ਆਗੂਆਂ ਨੂੰ ਅੱਜ ਵੀ ਉਹ ਸਮਾਂ ਯਾਦ ਹੈ ਜਦੋਂ ਡਾ. ਸੋਹਨ ਸਿੰਘ ਨੇ ਬੁੱਧੀਜੀਵੀ ਫੋਰਮ ਦਾ ਗਠਨ ਕੀਤਾ ਤੇ ਪਹਿਲੀ ਵਾਰ 80ਵਿਆਂ ਦੇ ਸ਼ੁਰੂ ਵਿਚ ਖਾਲਿਸਤਾਨ ਬਾਰੇ ਸੈਮੀਨਾਰ ਕਰਵਾਇਆ। ਉਸ ਵੇਲੇ ਉਹ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਨੇੜੇ ਵੀ ਰਹੇ ਪਰ ਉਹ ਸੰਤ ਭਿੰਡਰਾਂਵਾਲਿਆਂ ਨੂੰ ਆਪਣੀ ਵਿਚਾਰਧਾਰਾ ਵਿਚ ਨਹੀਂ ਰੰਗ ਸਕੇ। ਡਾ. ਸੋਹਨ ਸਿੰਘ ਚਾਹੁੰਦੇ ਸਨ ਕਿ ਖਾਲਿਸਤਾਨ ਦਾ ਐਲਾਨ ਕੀਤਾ ਜਾਵੇ ਪਰ ਇਸ ਮਾਮਲੇ ਵਿਚ ਉਨ੍ਹਾਂ ਨੂੰ ਉਸ ਵੇਲੇ ਸਮਰਥਨ ਨਹੀਂ ਮਿਲਿਆ। 26 ਜਨਵਰੀ 1986 ਨੂੰ ਦਮਦਮੀ ਟਕਸਾਲ ਵੱਲੋਂ ਸੱਦੇ ਗਏ ਸਰਬੱਤ ਖਾਲਸਾ ਵਿਚ ਵੀ ਉਨ੍ਹਾਂ ਨੇ ਖਾਲਿਸਤਾਨ ਦਾ ਐਲਾਨ ਕਰਾਉਣ ਦਾ ਯਤਨ ਕੀਤਾ ਪਰ ਅਜਿਹਾ ਨਹੀਂ ਹੋ ਸਕਿਆ। ਉਸ ਵੇਲੇ ਪੰਥਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ ਗਿਆ। ਇਸੇ ਪੰਥਕ ਕਮੇਟੀ ਨੇ ਅਪਰੈਲ 1986 ਵਿਚ ਸ੍ਰੀ ਅਕਾਲ ਤਖ਼ਤ ਤੋਂ ਖਾਲਿਸਤਾਨ ਦਾ ਐਲਾਨ ਕੀਤਾ ਸੀ। ਉਹ ਉਸ ਵੇਲੇ ਰੂਪੋਸ਼ ਹੋ ਗਏ ਪਰ 1987 ਵਿਚ ਸਮਾਨਅੰਤਰ ਇਕ ਹੋਰ ਪੰਥਕ ਕਮੇਟੀ ਬਣ ਗਈ ਜਿਸ ਨੂੰ ਬੱਬਰ ਖਾਲਸਾ ਅਤੇ ਕੇ.ਐਲ.ਐਫ. ਦਾ ਸਮਰਥਨ ਪ੍ਰਾਪਤ ਸੀ। ਡਾ. ਸੋਹਨ ਸਿੰਘ ਇਸ ਪੰਥਕ ਕਮੇਟੀ ਦੇ ਮੈਂਬਰ ਸਨ ਤੇ ਬਾਅਦ ਵਿਚ ਉਨ੍ਹਾਂ ਨੂੰ ਇਸ ਕਮੇਟੀ ਦਾ ਮੁਖੀ ਵੀ ਕਿਹਾ ਜਾਂਦਾ ਰਿਹਾ। ਉਸ ਸਮੇਂ ਗਰਮਖਿਆਲ ਸਫ਼ਾਂ ਵਿਚ ਉਨ੍ਹਾਂ ਦਾ ਵੱਡਾ ਬੋਲਬਾਲਾ ਸੀ। ਉਨ੍ਹਾਂ ਨੇ ਭਾਵੇਂ ਖੁਦ ਕਿਸੇ ਹਿੰਸਕ ਕਾਰਵਾਈ ਵਿਚ ਸ਼ਮੂਲੀਅਤ ਨਹੀਂ ਕੀਤੀ ਪਰ ਉਨ੍ਹਾਂ ਦੇ ਨਾਂ ਦਾ ਸਿੱਕਾ ਚੱਲਦਾ ਸੀ ਤੇ ਉਸ ਵੇਲੇ ਪੰਥਕ ਕਮੇਟੀ ਸਿਖ਼ਰਾਂ 'ਤੇ ਸੀ। ਉਹ 1990 ਵਿਚ ਮਰਹੂਮ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਵੱਲੋਂ ਗੱਲਬਾਤ ਦੀ ਕੀਤੀ ਪੇਸ਼ਕਸ਼ ਦੇ ਵੀ ਹਾਮੀ ਸਨ ਅਤੇ 1992 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਲੜਨ ਦੇ ਵੀ ਹਾਮੀ ਸਨ ਪਰ ਉਨ੍ਹਾਂ ਦਾ ਦੂਜੀਆਂ ਧਿਰਾਂ ਨੇ ਸਮਰਥਨ ਨਹੀਂ ਕੀਤਾ ਜਿਸ ਦੇ ਸਿੱਟੇ ਵਜੋਂ ਉਹ ਆਪਣੇ ਮਕਸਦ ਵਿਚ ਸਫਲ ਨਾ ਹੋ ਸਕੇ। ਇਸੇ ਕਾਰਨ ਉਹ 1992 ਵਿਚ ਪੰਥਕ ਕਮੇਟੀ ਤੋਂ ਵੱਖ ਹੋ ਗਏ ਤੇ ਰੂਪੋਸ਼ ਹੋ ਗਏ। ਫਿਰ ਉਹ ਨੇਪਾਲ ਚਲੇ ਗਏ ਤੇ 1993 ਵਿਚ ਉਨ੍ਹਾਂ ਨੂੰ ਉਥੋਂ ਹੀ ਗ੍ਰਿਫ਼ਤਾਰ ਕਰ ਕੇ ਭਾਰਤ ਲਿਆਂਦਾ ਗਿਆ। ਉਨ੍ਹਾਂ ਨੂੰ ਨਾਸਾ ਐਕਟ ਹੇਠ ਤਿੰਨ ਸਾਲ ਦੀ ਕੈਦ ਹੋਈ। ਇਸ ਕੈਦ ਦੌਰਾਨ ਉਹ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਬੰਦ ਰਹੇ। 1995 ਵਿਚ ਰਿਹਾਈ ਮਗਰੋਂ ਉਨ੍ਹਾਂ ਇਕ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਨ ਦਾ ਵੀ ਯਤਨ ਕੀਤਾ ਪਰ ਸਫਲ ਨਹੀਂ ਹੋਏ। ਇਸ ਪਿੱਛੋਂ ਉਨ੍ਹਾਂ ਆਪਣੀਆਂ ਸਰਗਰਮੀਆਂ ਘੱਟ ਕਰ ਦਿੱਤੀਆਂ ਤੇ ਮੁਹਾਲੀ ਵਿਖੇ ਰਹਿਣ ਲੱਗ ਪਏ। ਸੰਨ 2000 ਤੋਂ ਬਾਅਦ ਉਨ੍ਹਾਂ ਦਲ ਖਾਲਸਾ ਜਥੇਬੰਦੀ ਦੇ ਕੁਝ ਸਮਾਗਮਾਂ ਵਿਚ ਸ਼ਿਰਕਤ ਕੀਤੀ। ਉਨ੍ਹਾਂ ਦੇ ਅੰਤਿਮ ਸੰਸਕਾਰ ਵੇਲੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਪੁੱਜੇ 'ਪੰਥ ਦਰਦੀਆਂ' ਦੀ ਗਿਣਤੀ ਬਹੁਤੀ ਨਹੀਂ ਸੀ। ਉਨ੍ਹਾਂ ਦੇ ਸਸਕਾਰ ਵੇਲੇ ਜ਼ਿਆਦਾ ਗਿਣਤੀ ਰਿਸ਼ਤੇਦਾਰ ਹੀ ਪੁੱਜੇ ਹੋਏ ਸਨ।

# ਤਮੰਨਾ ਦਿਲ ਵਿਚ ਲੈ ਕੇ ਰੁਖ਼ਸਤ ਹੋ ਗਏ ਭਾਈ ਲਾਲ

**ਚੰਡੀਗੜ੍ਹ:** ਲੱਖਾਂ ਰੂਹਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਗੁਰੂਘਰ ਨਾਲ ਜੋੜਨ ਵਾਲੇ ਰਬਾਬੀ ਭਾਈ ਲਾਲ ਜੀ ਦਾ ਲਾਹੌਰ ਵਿਖੇ ਦੇਹਾਂਤ ਹੋ ਗਿਆ। ਉਹ 85 ਸਾਲ ਦੇ ਸਨ। ਭਾਈ ਲਾਲ ਜੀ ਗੁਰੂ ਨਾਨਕ ਸਾਹਿਬ ਦੇ ਪਿਆਰੇ ਸਾਥੀ ਭਾਈ ਮਰਦਾਨਾ ਦੀ ਸਤਾਰਵੀਂ ਪੀੜ੍ਹੀ ਵਿਚੋਂ ਸਨ। ਨਮੂਨੀਆ ਹੋ ਜਾਣ ਕਾਰਨ ਉਨ੍ਹਾਂ ਨੂੰ ਲਾਹੌਰ ਦੇ ਸਰਵਰ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਸੀ ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਉਹ ਆਈ.ਸੀ.ਯੂ. ਵਿਚ ਸਨ। ਭਾਈ ਲਾਲ ਦੀ ਤਮੰਨਾ ਸੀ ਕਿ ਉਹ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਨ, ਪਰ ਉਨ੍ਹਾਂ ਦੀ ਇਹ ਤਮੰਨਾ ਪੂਰੀ ਨਾ ਹੋ ਸਕੀ।



*ਭਾਈ ਲਾਲ ਅਤੇ ਉਨ੍ਹਾਂ ਦੇ ਸਾਥੀ ਸ੍ਰੀ ਹਰਿਮੰਦਰ ਸਾਹਿਬ ਵਿਖੇ।*

ਜ਼ਿਕਰਯੋਗ ਹੈ ਕਿ ਭਾਈ ਲਾਲ ਜੀ ਪਿਛਲੇ ਸੱਤ ਦਹਾਕਿਆਂ ਤੋਂ ਗੁਰਬਾਣੀ ਕੀਰਤਨ ਕਰਦੇ ਆ ਰਹੇ ਹਨ। 1947 ਤੱਕ ਉਹ ਆਪਣੇ ਸਾਥੀਆਂ ਨਾਲ ਦਰਬਾਰ ਸਾਹਿਬ, ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਡੇਹਰਾ ਸਾਹਿਬ ਲਾਹੌਰ, ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ ਹੋਰ ਇਤਿਹਾਸਕ ਗੁਰੂਘਰਾਂ ਵਿਚ ਕੀਰਤਨ ਕਰਦੇ ਰਹੇ। ਉਹ ਗੁਰੂ-ਘਰ ਦੇ ਹਜ਼ੂਰੀ ਰਾਗੀ ਸਨ ਪਰ 1947 ਵਿਚ ਉਨ੍ਹਾਂ ਨੂੰ ਮਾਰਧਾੜ ਵਾਲੇ ਮਾਹੌਲ ਵਿਚ ਭਰੇ ਮਨ ਨਾਲ ਅੰਮ੍ਰਿਤਸਰ ਛੱਡਣਾ ਪਿਆ ਤੇ ਲਾਹੌਰ ਜਾ ਵਸੇ ਪਰ ਉਥੇ ਜਾ ਕੇ ਵੀ ਉਨ੍ਹਾਂ ਨੇ ਗੁਰਬਾਣੀ ਦਾ ਪੱਲਾ ਨਾ ਛਡਿਆ ਤੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਦੇ ਰਹੇ। ਕੁਝ ਸਾਲਾਂ ਤੋਂ ਉਹ ਸੰਗਤ ਦੀ ਬੇਨਤੀ 'ਤੇ ਭਾਰਤ ਆ ਕੇ ਕੀਰਤਨ ਕਰਦੇ ਸਨ। ਅੰਤਰਰਾਸ਼ਟਰੀ ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ ਪੰਜਾਬ ਦੇ ਮੀਤ ਪ੍ਰਧਾਨ ਗੁਰਪਾਲ ਸਿੰਘ ਸਿੱਧੂ ਨੇ ਕਿਹਾ ਕਿ ਭਾਈ ਲਾਲ ਜੀ ਅਪਣੇ ਪੁੱਤਰਾਂ ਤੇ ਪੋਤਿਆਂ ਨੂੰ ਵੀ ਇਹ ਨਸੀਹਤ ਕਰਦੇ ਸਨ ਕਿ ਗੁਰਬਾਣੀ ਕੀਰਤਨ ਨਹੀਂ ਛੱਡਣਾ, ਇਸ ਕਰ ਕੇ ਉਹ ਵੀ ਗੁਰਬਾਣੀ ਕੀਰਤਨ ਪ੍ਰੰਪਰਾ ਨੂੰ ਅੱਗੇ ਵਧਾ ਰਹੇ ਹਨ। ਭਾਈ ਲਾਲ ਜੀ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ ਹੋਇਆ ਸੀ। ਤਮੰਨਾ ਦਿਲ ਵਿਚ ਹੀ ਰਹਿ ਗਈ: ਕਈ ਸਿੱਖ ਵਿਦਵਾਨਾਂ ਅਤੇ ਗਰਮਤਿ ਸੰਗੀਤ ਨਾਲ ਸਬੰਧਤ ਸ਼ਖਸੀਅਤਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਸੀ ਕਿ ਭਾਈ ਲਾਲ ਨੂੰ ਹਰਿਮੰਦਰ ਸਾਹਿਬ ਵਿਖੇ ਗਾਉਣ ਦੀ ਆਗਿਆ ਦੇ ਦਿੱਤੀ ਜਾਵੇ ਪਰ ਅਜਿਹਾ ਕੀਤਾ ਨਹੀਂ ਗਿਆ। ਸ਼੍ਰੋਮਣੀ ਕਮੇਟੀ ਦਾ ਤਰਕ ਸੀ ਕਿ ਸਿਰਫ ਅੰਮ੍ਰਿਤਧਾਰੀ ਸਿੱਖ ਹੀ ਉਥੇ ਕੀਰਤਨ ਕਰ ਸਕਦਾ ਹੈ।

ਯਾਦ ਰਹੇ ਕਿ ਮੁਸਲਿਮ ਰਬਾਬੀ ਸਦੀਆਂ ਤੋਂ ਹਰਿਮੰਦਰ ਸਾਹਿਬ ਵਿਖੇ ਗਾਉਂਦੇ ਰਹੇ ਹਨ ਪਰ ਸਿੱਖ ਕੋਡ ਲਾਗੂ ਹੋਣ ਤੋਂ ਬਾਅਦ ਸਿਰਫ ਅੰਮ੍ਰਿਤਧਾਰੀ ਸਿੱਖਾਂ ਨੂੰ ਹੀ ਉਥੇ ਕੀਰਤਨ ਕਰਨ ਦੀ ਆਗਿਆ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਹੈ ਕਿ ਭਾਈ ਲਾਲ ਦੀ ਤਮੰਨਾ ਪੂਰੀ ਨਾ ਹੋਣ ਦਾ ਉਨ੍ਹਾਂ ਨੂੰ ਦੁੱਖ ਹੈ ਪਰ ਰਵਾਇਤ ਦਾ ਖਿਆਲ ਰੱਖਣਾ ਹੀ ਪੈਂਦਾ ਹੈ। ਕਿਸੇ ਇਕ ਬੰਦੇ ਲਈ ਰਵਾਇਤ ਨਹੀਂ ਤੋੜੀ ਜਾ ਸਕਦੀ। ਉਂਜ ਵੀ ਇਸ ਬਾਰੇ ਕੋਈ ਵੀ ਫੈਸਲਾ ਪੰਜ ਸਿੰਘ ਸਾਹਿਬਾਨ ਨੇ ਹੀ ਕਰਨਾ ਸੀ।

# ਨਵੰਬਰ-84: ਪਹਿਲੀ ਵਾਰ ਸੰਸਾਰ ਪੱਧਰ 'ਤੇ ਲਾਮਬੰਦੀ

**ਚੰਡੀਗੜ੍ਹ:** ਨਵੰਬਰ 1984 ਵਿਚ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਏ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਇਸ ਵਾਰ ਵਿਸ਼ਵ ਭਰ ਵਿਚ ਮੁਹਿੰਮ ਵਿੱਢੀ ਗਈ ਹੈ। ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਵੀ ਵਿਸ਼ਾਲ ਰੋਸ ਮੁਜ਼ਾਹਰੇ ਕਰ ਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਗਈ ਹੈ। ਆਸਟਰੇਲੀਆ ਦੀ ਪਾਰਲੀਮੈਂਟ ਵਿਚ ਇਸ ਕਤਲੇਆਮ ਨੂੰ 'ਨਸਲਕੁਸ਼ੀ' ਕਰਾਰ ਦੇਣ ਲਈ ਮਤਾ ਪੇਸ਼ ਕੀਤਾ ਗਿਆ।

ਤਕਰੀਬਨ 28 ਵਰ੍ਹਿਆਂ ਬਾਅਦ ਵੀ ਇਸ ਮਾਮਲੇ ਦੀ ਨਾ ਤਾਂ ਸਹੀ ਤਰੀਕੇ ਨਾ ਜਾਂਚ ਹੋ ਸਕੀ ਤੇ ਨਾਂ ਹੀ ਕਿਸੇ ਅਦਾਲਤ ਨੇ ਕੇਸ ਦਾ ਨਿਬੇੜਾ ਕਰਦਿਆਂ ਦੋਸ਼ੀਆਂ ਨੂੰ ਸਜ਼ਾ ਸੁਣਾਈ। ਇੰਨੇ ਲੰਮੇ ਸਮੇਂ 'ਚ ਕਈ ਗਵਾਹ ਤੇ ਕਈ ਦੋਸ਼ੀ ਇਸ ਇਸ ਜਹਾਨ ਤੋਂ ਰੁਖਸਤ ਹੋ ਗਏ ਹਨ ਜਿਸ ਕਾਰਨ ਨਿਆਂ ਮਿਲਣ ਦੀ ਆਸ ਹੋਰ ਧੁੰਦਲੀ ਹੋ ਗਈ ਹੈ। ਹੈਰਾਨੀ ਇਸ ਗੱਲ 'ਤੇ ਵੀ ਹੈ ਕਿ ਅਜੇ ਤੱਕ ਇਸ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਸਹੀ ਗਿਣਤੀ ਦਾ ਵੀ ਪਤਾ ਨਹੀਂ ਲੱਗ ਸਕਿਆ।

ਉਂਜ, ਇਸ ਮਾਮਲੇ ਦੀ ਜਾਂਚ ਲਈ ਬਣੇ ਕਮਿਸ਼ਨਾਂ ਕੋਲ ਪੁੱਜੀਆਂ ਦਰਖ਼ਾਸਤਾਂ ਅਨੁਸਾਰ ਉਸ ਵੇਲੇ 4136 ਤੋਂ ਵੱਧ ਨਿਰਦੋਸ਼ ਸਿੱਖ ਕਤਲ ਕੀਤੇ ਗਏ ਸਨ। ਇਸ ਕਤਲੇਆਮ ਨੇ ਉਸ ਵੇਲੇ ਚੌਦਾਂ ਸੂਬਿਆਂ ਵਿਚ ਰਹਿੰਦੇ ਸਿੱਖਾਂ ਨੂੰ ਆਪਣੀ ਲਪੇਟ ਵਿਚ ਲਿਆ ਸੀ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਲੰਘੇ ਦਿਨੀਂ ਹੋਂਦ ਚਿੱਲੜ ਵਿਖੇ ਰਿਪੋਰਟ ਜਾਰੀ ਕੀਤੀ ਗਈ। ਇਸ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 31 ਅਕਤੂਬਰ ਨੂੰ ਬਾਅਦ ਦੁਪਹਿਰ ਸਿੱਖਾਂ ਉਤੇ ਹਮਲੇ ਸ਼ੁਰੂ ਹੋ ਗਏ। ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਕਾਇਮ ਜਾਂਚ ਕਮਿਸ਼ਨਾਂ ਕੋਲ ਆਈਆਂ ਸ਼ਿਕਾਇਤਾਂ ਦੇ ਆਧਾਰ 'ਤੇ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਸੂਚੀ ਤਿਆਰ ਕੀਤੀ ਗਈ ਹੈ। ਇਹ ਸੂਚੀ ਹੋਂਦ ਚਿੱਲੜ ਯਾਦਗਾਰੀ ਤਾਲਮੇਲ ਕਮੇਟੀ ਵਲੋਂ ਜਾਰੀ ਕੀਤੀ ਗਈ ਹੈ। ਕਮੇਟੀ ਮੈਂਬਰਾਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਦਰਸ਼ਨ ਸਿੰਘ ਘੋਲੀਆ ਨੇ ਦਾਅਵਾ ਕੀਤਾ ਹੈ ਕਿ ਸੂਚੀ ਵਿਚ ਉਨ੍ਹਾਂ ਹੀ ਮ੍ਰਿਤਕਾਂ ਦੇ ਨਾਂ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦੇ ਵਾਰਸਾਂ ਵੱਲੋਂ ਵੱਖ ਵੱਖ ਕਮਿਸ਼ਨਾਂ ਕੋਲ ਸ਼ਿਕਾਇਤਾਂ ਦਰਜ ਕਰਾਈਆਂ ਗਈਆਂ ਹਨ। ਇਹ ਆਪਣੀ ਕਿਸਮ ਦੀ ਪਹਿਲੀ ਸੂਚੀ ਹੈ ਜਿਸ ਵਿਚ ਇਕ ਰਾਜ ਦੀ ਥਾਂ ਪੂਰੇ ਦੇਸ਼ ਵਿਚ ਹੋਏ ਕਤਲੇਆਮ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਇਸੇ ਦੌਰਾਨ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਤੇ ਪੱਤਰਕਾਰ ਜਰਨੈਲ ਸਿੰਘ ਦੀ ਜਥੇਬੰਦੀ 'ਫੋਰਗੌਟਨ ਸਿਟੀਜ਼ਨਸ-1984' ਵੱਲੋਂ ਜੰਤਰ ਮੰਤਰ ਵਿਖੇ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਵਿਚ ਵੱਡੀ ਗਿਣਤੀ ਸਿੱਖਾਂ ਨੇ ਸ਼ਮੂਲੀਅਤ ਕਰ ਕੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਤੇ 40 ਹਜ਼ਾਰ ਤੋਂ ਵੱਧ ਦਸਤਖਤਾਂ ਵਾਲੀ ਪਟੀਸ਼ਨ ਪ੍ਰਧਾਨ ਮੰਤਰੀ ਨੂੰ ਸੌਂਪੀ। ਇਸ ਪਟੀਸ਼ਨ 'ਤੇ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਕ੍ਰਿਸ਼ਨਾ ਅਈਅਰ, ਸਾਬਕਾ ਜਸਟਿਸ ਰਜਿੰਦਰ ਸੱਚਰ, ਸਾਬਕਾ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਨ, ਐਡਵੋਕੇਟ ਵਕੀਲ ਪ੍ਰਸ਼ਾਂਤ ਭੂਸ਼ਨ, ਫਾਲੀ ਨਰੀਮਨ, ਸੋਲੀ ਸੋਰਾਬਜੀ, ਤੀਸਤਾ ਸੇਤਲਵਾੜ, ਫਿਲਮ ਨਿਰਦੇਸ਼ਕ ਸੋਨਾਲੀ ਬੋਸ ਤੇ ਹੋਰਨਾਂ ਸ਼ਖ਼ਸੀਅਤਾਂ ਦੇ ਵੀ ਦਸਤਖ਼ਤ ਹਨ।

ਇਸ ਮੌਕੇ ਕੁਲਦੀਪ ਨਈਅਰ ਨੇ ਕਿਹਾ ਕਿ ਜਿਨ੍ਹਾਂ ਦੋਸ਼ੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ, ਉਨ੍ਹਾਂ ਨੂੰ ਬਚਾਉਣ ਵਾਲਿਆਂ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ। ਸਾਬਕਾ ਜਸਟਿਸ ਰਜਿੰਦਰ ਸੱਚਰ ਨੇ ਕਿਹਾ ਕਿ ਇਹ ਨਹੀਂ ਮੰਨਿਆ ਜਾ ਸਕਦਾ ਕਿ ਅਚਾਨਕ ਹੀ ਭੀੜ ਇਕੱਠੀ ਹੋਈ ਤੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲੱਗ ਪਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਬੀਬੀ ਗੁਰਮੇਜ ਕੌਰ ਸੁਰਗਵਾਸ



ਮਾਤਾ ਗੁਰਮੇਜ ਕੌਰ ਸ਼ਾਹੀ

**ਸ਼ਿਕਾਗੋ (ਬਿਊਰੋ):** ਮਾਤਾ ਗੁਰਮੇਜ ਕੌਰ ਸ਼ਾਹੀ ਲੰਘੀ 2 ਨਵੰਬਰ ਨੂੰ ਇਸ ਸੰਸਾਰ ਨੂੰ ਸਦੀਵੀ ਅਲਵਿਦਾ ਕਹਿ ਗਏ। ਉਹ ਕਰੀਬ 82 ਵਰ੍ਹਿਆਂ ਦੇ ਸਨ। ਮਾਤਾ ਗੁਰਮੇਜ ਕੌਰ ਆਪਣੇ ਪਿਛੇ ਪੁੱਤਰ ਮਨਜੀਤ ਸਿੰਘ, ਧੀ ਸੁਖਵੰਤ ਕੌਰ, ਜਵਾਈ ਸੁਰਿੰਦਰ ਸਿੰਘ ਮੋਰਸਾਰਾ ਅਤੇ ਨੂੰਹ ਮਨਿੰਦਰ ਕੌਰ ਸ਼ਾਹੀ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਪਤੀ ਅਜਾਇਬ ਸਿੰਘ ਕੁਝ ਸਾਲ ਪਹਿਲਾਂ ਗੁਜਰ ਗਏ ਸਨ। ਮਨਜੀਤ ਸਿੰਘ ਸ਼ਾਹੀ ਸਥਾਨਕ ਪਤਵੰਤਿਆਂ ਡਾ. ਐਸ ਪੀ ਸਿੰਘ ਧਾਲੀਵਾਲ ਦੇ ਬਹਿਨੋਈ ਅਤੇ ਡਾ. ਗੁਰਦਿਆਲ ਸਿੰਘ ਬਸਰਾਨ ਤੇ ਇੰਦਰਜੀਤ ਸਿੰਘ ਸਰਾਓਂ ਦੇ ਸਾਂਢੂ ਹਨ।

ਮਾਤਾ ਗੁਰਮੇਜ ਕੌਰ ਦਾ ਸਸਕਾਰ 6 ਨਵੰਬਰ, ਮੰਗਲਵਾਰ ਨੂੰ ਇਥੇ ਬਾਰਟਲੈਟ ਵਿਚ ਕਰ ਦਿੱਤਾ ਗਿਆ। ਪਰਿਵਾਰ ਨਾਲ ਸੰਪਰਕ ਫੋਨ 630-213-1348 ਰਾਹੀਂ ਕੀਤਾ ਜਾ ਸਕਦਾ ਹੈ।

# ਬਾਦਲ ਸਰਕਾਰ ਨੇ ਪਾਇਆ ਸ਼ਹਿਰੀਆਂ 'ਤੇ 150 ਕਰੋੜੀ ਭਾਰ

**ਚੰਡੀਗੜ੍ਹ:** ਪੰਜਾਬ ਵਿਚ ਨਵਾਂ ਜਾਇਦਾਦ ਕਾਨੂੰਨ ਲਾਗੂ ਹੋ ਗਿਆ ਹੈ। ਰਾਜਪਾਲ ਸ਼ਿਵਰਾਜ ਵੀ. ਪਾਟਿਲ ਦੀ ਪ੍ਰਵਾਨਗੀ ਤੋਂ ਬਾਅਦ ਸਵੈ ਸ਼ਾਸਨ ਵਿਭਾਗ ਨੇ ਨਵੇਂ ਕਾਨੂੰਨ ਦੇ ਆਰਡੀਨੈਂਸ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਨਵਾਂ ਜਾਇਦਾਦ ਟੈਕਸ ਹੁਣ ਪੁਰਾਣੇ ਹਾਊਸ ਟੈਕਸ ਕਾਨੂੰਨ ਦੀ ਥਾਂ ਲਵੇਗਾ। ਇਸ ਨਾਲ ਸ਼ਹਿਰੀ ਲੋਕਾਂ 'ਤੇ 150 ਕਰੋੜ ਰੁਪਏ ਦੇ ਕਰੀਬ ਦਾ ਵਾਧੂ ਮਾਲੀ ਭਾਰ ਪਵੇਗਾ। ਪੁਰਾਣੇ ਕਾਨੂੰਨ ਤਹਿਤ ਸਿਰਫ਼ ਵਪਾਰਕ ਤੇ ਉਦਯੋਗਿਕ ਇਕਾਈਆਂ ਹੀ ਮਿਉਂਸਪਲ ਕਮੇਟੀਆਂ ਨੂੰ ਟੈਕਸ ਅਦਾ ਕਰਦੀਆਂ ਸਨ।

## ਪੰਜਾਬ ਵਿਚ ਨਵਾਂ ਜਾਇਦਾਦ ਕਾਨੂੰਨ ਲਾਗੂ

ਸਰਕਾਰ ਦੇ ਤਾਜ਼ਾ ਫੈਸਲੇ ਤੋਂ ਬਾਅਦ ਰਿਹਾਇਸ਼ੀ ਮਕਾਨਾਂ ਤੇ ਖਾਲੀ ਪਲਾਟਾਂ ਦੇ ਮਾਲਕਾਂ ਨੂੰ ਵੀ ਪ੍ਰਾਪਰਟੀ ਟੈਕਸ ਦੇਣਾ ਪਵੇਗਾ। ਇਹ ਟੈਕਸ ਸ਼ਹਿਰੀ ਖੇਤਰਾਂ ਵਿਚ ਲੱਗੇਗਾ। ਰਾਜ ਦੇ ਕਈ ਅਜਿਹੇ ਸ਼ਹਿਰ ਸਨ ਜਿੱਥੇ ਮਿਉਂਸਪਲ ਕਮੇਟੀਆਂ ਵੱਲੋਂ ਹਾਊਸ ਟੈਕਸ ਨਹੀਂ ਲਾਇਆ ਗਿਆ ਸੀ। ਇਨ੍ਹਾਂ ਵਿਚ ਮੁਹਾਲੀ ਸ਼ਹਿਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੈ। ਮੁਹਾਲੀ ਦੀਆਂ ਵਪਾਰਕ, ਉਦਯੋਗਿਕ ਤੇ ਰਿਹਾਇਸ਼ੀ ਸਾਰੀਆਂ ਥਾਵਾਂ ਇਸ ਕਰ ਦੀ ਮਾਰ ਹੇਠ ਆ ਗਈਆਂ ਹਨ। ਇਸ ਸ਼ਹਿਰ ਦੀ ਨਗਰ ਨਿਗਮ ਨੂੰ ਇਸ ਕਰ ਤੋਂ ਸਾਲਾਨਾ ਕਰੋੜਾਂ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਮੁਹਾਲੀ ਇਲਾਕੇ ਵਿਚ ਪਿਛਲੇ ਕਈ ਸਾਲਾਂ ਦੌਰਾਨ ਬਿਲਡਰਾਂ ਵੱਲੋਂ ਥੋਕ ਵਿਚ ਹੀ ਫਲੈਟਾਂ ਦੀ ਉਸਾਰੀ ਕੀਤੀ ਗਈ ਹੈ। ਇਸ ਆਰਡੀਨੈਂਸ ਨੂੰ ਮੰਤਰੀ ਮੰਡਲ ਨੇ ਸਤੰਬਰ ਮਹੀਨੇ ਪ੍ਰਵਾਨਗੀ ਦੇ ਦਿੱਤੀ ਸੀ।

ਪੰਜਾਬ ਦੀਆਂ ਮਿਉਂਸਪਲ ਕਮੇਟੀਆਂ ਨੂੰ ਹਾਊਸ ਟੈਕਸ ਤੋਂ ਸਾਲਾਨਾ 200 ਕਰੋੜ ਰੁਪਏ ਦੀ ਆਮਦਨ ਹੁੰਦੀ ਸੀ। ਨਵੇਂ ਕਾਨੂੰਨ ਤਹਿਤ ਜਾਇਦਾਦ ਟੈਕਸ ਅਦਾ ਹੋਣ ਨਾਲ ਕਮੇਟੀਆਂ ਨੂੰ 350 ਕਰੋੜ ਰੁਪਏ ਸਾਲਾਨਾ ਆਮਦਨ ਹੋਣ ਦਾ ਅਨੁਮਾਨ ਹੈ। ਰਾਜ ਸਰਕਾਰ ਵੱਲੋਂ ਜਾਇਦਾਦ ਟੈਕਸ ਦੇ ਲਗਾਉਣ ਦਾ ਮਾਮਲਾ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਟਾਲਿਆ ਜਾ ਰਿਹਾ ਸੀ। ਕੇਂਦਰ ਸਰਕਾਰ ਦੀ ਯੋਜਨਾ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਯੋਜਨਾ ਅਧੀਨ ਸ਼ਹਿਰਾਂ ਦੇ ਵਿਕਾਸ ਲਈ ਗਰਾਂਟ ਹਾਸਲ ਕਰਨ ਖਾਤਰ ਜਾਇਦਾਦ ਟੈਕਸ ਦਾ ਲਾਉਣਾ ਜ਼ਰੂਰੀ ਸੀ।

ਸ਼ਹਿਰੀ ਸੁਧਾਰਾਂ ਦੇ ਮਿਸ਼ਨ ਨੂੰ ਪੂਰਾ ਨਾ ਕਰਨ ਕਾਰਨ ਰਾਜ ਸਰਕਾਰ ਨੂੰ ਪਿਛਲੇ ਸਾਲਾਂ ਦੌਰਾਨ ਕਰੀਬ 1100 ਕਰੋੜ ਰੁਪਏ ਦੀਆਂ ਗਰਾਂਟਾਂ ਤੋਂ ਹੱਥ ਧੋਣੇ ਪਏ ਸਨ। ਸਵੈ ਸ਼ਾਸਨ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਨੂੰ ਅਜੇ ਵੀ ਜਵਾਹਰ ਲਾਲ ਨਹਿਰੂ ਨਵੀਨੀਕਰਨ ਮਿਸ਼ਨ ਅਧੀਨ ਤਕਰੀਬਨ 400 ਕਰੋੜ ਰੁਪਏ ਦੀਆਂ ਬਕਾਇਆ ਗਰਾਂਟਾਂ ਮਿਲਣ ਦੀ ਉਮੀਦ ਬਣ ਗਈ ਹੈ।

# ਸੁਖਬੀਰ ਵੱਲੋਂ ਪਾਕਿਸਤਾਨ ਨਾਲ ਵਪਾਰ ਵਧਾਉਣ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਵੱਲੋਂ ਦੋਹਾਂ ਦੇਸ਼ਾਂ ਦੀ ਸਾਂਝੀ ਵਪਾਰਕ ਕਮੇਟੀ ਬਣਾਉਣ ਦੇ ਪ੍ਰਸਤਾਵ ਨਾਲ ਸਹਿਮਤੀ ਪ੍ਰਗਟਾਈ ਹੈ। ਆਪਣੀ ਪਾਕਿਸਤਾਨ ਫੇਰੀ ਦੌਰਾਨ ਲਾਹੌਰ ਵਿਚ ਸੁਖਬੀਰ ਨੇ ਐਲਾਨ ਕੀਤਾ ਕਿ ਸਾਂਝੀ ਵਪਾਰਕ ਕਮੇਟੀ ਵਿਚ ਸਿਆਸਤਦਾਨ, ਉਦਯੋਗਪਤੀ, ਵਪਾਰੀ ਤੇ ਅਗਾਂਹਵਧੂ ਕਿਸਾਨ ਸ਼ਾਮਲ ਕੀਤੇ ਜਾਣਗੇ। ਇਸ ਦੀ ਪਹਿਲੀ ਮੀਟਿੰਗ ਦਸੰਬਰ ਦੇ ਪਹਿਲੇ ਹਫਤੇ ਅੰਮ੍ਰਿਤਸਰ ਵਿਖੇ ਹੋਵੇਗੀ। ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਨੇ ਪ੍ਰਸਤਾਵਿਤ ਕਮੇਟੀ ਦੀ ਪਹਿਲੀ ਮੀਟਿੰਗ ਤੇ ਤੀਜੇ ਕਬੱਡੀ ਵਿਸ਼ਵ ਕੱਪ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਦੇ ਸ. ਬਾਦਲ ਦੇ ਸੱਦੇ ਨੂੰ ਮਨਜ਼ੂਰ ਕਰ ਲਿਆ।

ਪਾਕਿਸਤਾਨ ਬੋਰਡ ਆਫ ਇਨਵੈਸਟਮੈਂਟ ਐਂਡ ਟਰੇਡ ਵੱਲੋਂ ਕਰਵਾਈ ਗਈ ਪਾਕਿਸਤਾਨ/ਇੰਡੀਆ ਬਿਜ਼ਨਸ ਰਾਊਂਡ ਟੇਬਲ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ 21ਵੀਂ ਸਦੀ ਆਰਥਿਕਤਾ ਦੀ ਸਦੀ ਹੈ ਤੇ ਆਰਥਿਕ ਰਿਸ਼ਤੇ ਸੁਧਾਰ ਕੇ ਦੋਵੇਂ ਦੇਸ਼ ਦੁਵੱਲੇ ਸਬੰਧਾਂ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ। ਵਾਹਗਾ-ਅਟਾਰੀ ਸਰਹੱਦ ਦੇ ਖੋਲ੍ਹੇ ਜਾਣ ਨੂੰ ਦੋਹਾਂ ਦੇਸ਼ਾਂ ਦੇ ਇਤਿਹਾਸ ਵਿਚ ਇਕ 'ਇਤਿਹਾਸਕ ਮੋੜ' ਦੱਸਦਿਆਂ ਸ. ਬਾਦਲ ਨੇ ਕਿਹਾ ਕਿ ਦੋਵੇਂ ਦੇਸ਼ ਆਸਵੰਦ ਹਨ ਕਿ 31 ਦਸੰਬਰ ਤਕ ਵਪਾਰਕ ਵਸਤਾਂ ਦੀ ਨਾਂਹਪੱਖੀ ਸੂਚੀ ਜਾਂ ਤਾਂ ਬਿਲਕੁਲ ਖਤਮ ਕਰ ਦਿੱਤੀ ਜਾਵੇਗੀ ਜਾਂ ਫਿਰ ਇਸ ਵਿਚੋਂ ਵੱਡੀ ਗਿਣਤੀ ਵਿਚ ਵਸਤਾਂ ਬਾਹਰ ਕਰ ਦਿੱਤੀਆਂ ਜਾਣਗੀਆਂ।

ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਆਖਿਆ ਕਿ ਅਸੀਂ ਵਪਾਰ ਲਈ ਸਾਂਝੀ ਸੰਗਠਿਤ ਜਾਂਚ ਚੌਕੀ ਵਿਖੇ ਵੱਡਾ ਨਿਵੇਸ਼ ਕਰਕੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਹੈ ਤਾਂ ਜੋ ਵਪਾਰ ਵਿਚ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਵੇ। ਹੁਸੈਨੀਵਾਲਾ ਤੇ ਫਾਜ਼ਿਲਕਾ ਸਰਹੱਦ ਨੂੰ ਵਪਾਰ ਲਈ ਖੋਲ੍ਹੇ ਜਾਣ ਦੀ ਮੰਗ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਇਤਿਹਾਸ ਤੋਂ ਸਬਕ ਸਿੱਖਦਿਆਂ ਵਪਾਰ ਲਈ ਦੁਬਈ ਤੇ ਸਿੰਗਾਪੁਰ ਦਾ ਰਸਤਾ ਛੱਡ ਕੇ ਵਾਹਗਾ ਸਰਹੱਦ ਰਾਹੀਂ ਵਪਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਅਤੇ ਲਾਹੌਰ ਵਿਖੇ ਵੀਜ਼ਾ ਕੇਂਦਰਾਂ ਦੀ ਸਥਾਪਨਾ ਲਈ ਦੋਹਾਂ ਸੂਬਾਈ ਸਰਕਾਰਾਂ ਨੂੰ ਆਪੋ ਆਪਣੇ ਦੇਸ਼ਾਂ ਦੀਆਂ ਕੇਂਦਰੀ ਸਰਕਾਰਾਂ ਨੂੰ ਕਹਿਣਾ ਚਾਹੀਦਾ ਹੈ ਤਾਂ ਜੋ ਇਸ ਸਬੰਧੀ ਹਾਂਪੱਖੀ ਕਦਮ ਚੁੱਕੇ ਜਾ ਸਕਣ।

## Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5'-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ 'ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790, e-mail: prince.kular@yahoo.com

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

### ਕੰਨਿਆ ਦੀ ਲੋੜ ਹੈ

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11", ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖ਼ੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-675-5441


Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

*To Advertise with Punjab Times*
*Call: 847-359-0746*
*Fax: 847-705-9388*
*www.punjabtimesusa.com*

**Taste of India & Sweet Shop**
14096 Trade Center Dr., Fisher, IN 46038
ਵੇਟਰ, ਕੁੱਕ ਤੇ ਤੰਦੂਰੀਏ ਦੀ ਲੋੜ ਹੈ
ਪਤੀ-ਪਤਨੀ ਜੋੜੇ ਨੂੰ ਤਰਜ਼ੀਹ
ਸੰਪਰਕ ਕਰੋ: 317-771-2930

**Desi Bazar**
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**Sistar Mortgage**
Minimizing Cost, Maximizing Investment
www.SistarMortgage.com
Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
**Refinance up to 125% value of the house.*
*Loans Available In Most States!*



>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only



*Madan Khatri*

**Available:**
- Town Homes in Des Plaines/Schaumburg
- Single Family House in Bensenville
- 6-plex in Arlington Heights
- Convenience Store in Villa Park
- Store Space in Streamwood
- Beauty Saloon in Wood Dale
- 34 Rm Motel in North-Cent. Iowa

**Madan Khatri 1-847-530-1550**
*A Broker who can work with you from Beginning to End, Call Now!*
Top Producer in 2011 at the Prudential Office!
Interest Rates are below 4% and PRICES are DOWN 30% ! Buy A Home anywhere in Metro NOW !!
Prudential at 25 Turner Ave., Elk Grove Village, IL
www.PropertyZoo.com

# ਹੁਣ ਤਾਂ 'ਇਖਲਾਕ ਦੀ ਦੇਵੀ' ਦਾ ਬੁੱਤ ਲੱਗਣਾ ਹੀ ਰਹਿ ਗਿਐ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


**ਭਾਰਤ ਵਿਚ ਅੱਜਕੱਲ੍ਹ ਕਿਸੇ ਥਾਂ ਬੀਬੀ ਸੋਨੀਆ ਗਾਂਧੀ ਨੂੰ ਦੁਰਗਾ ਮਾਤਾ ਵਜੋਂ ਪੇਸ਼ ਕਰਦੀ ਤਸਵੀਰ ਬਣਾਈ ਜਾਂਦੀ ਹੈ, ਕਿਸੇ ਥਾਂ ਭਾਜਪਾ ਦੀ ਆਗੂ ਵਸੁੰਧਰਾ ਰਾਜੇ ਨੂੰ ਦੇਵੀ ਦਾ ਅਵਤਾਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਕਿਸੇ ਹੋਰ ਥਾਂ ਬਹੁਜਨ ਸਮਾਜ ਪਾਰਟੀ ਦੀ ਬੀਬੀ ਮਾਇਆਵਤੀ ਨੂੰ ਦੇਵੀ ਦਾ ਰੂਪ ਦੇ ਦਿੱਤਾ ਜਾਂਦਾ ਹੈ। ਕਿਸੇ-ਕਿਸੇ ਥਾਂ ਹੁਣ ਭਾਰਤ-ਮਾਤਾ ਦੀ ਦੇਵੀ ਬਣਾ ਕੇ ਉਸ ਦੀ ਪੂਜਾ ਵੀ ਕਰਨ ਦਾ ਰੁਝਾਨ ਵੇਖਣ ਵਿਚ ਆਉਣ ਲੱਗ ਪਿਆ ਹੈ, ਪਰ ਜੇ ਇਸ ਦੇਸ਼ ਵਿਚ ਕਿਸੇ ਥਾਂ 'ਇਖਲਾਕ ਦੀ ਦੇਵੀ' ਦਾ ਬੁੱਤ ਲਾ ਦਿੱਤਾ ਜਾਵੇ ਤਾਂ ਕਿਸੇ ਵੀ ਹੋਰ ਤੀਰਥ ਤੋਂ ਵੱਧ ਲੋਕ ਉਥੇ ਮੱਥਾ ਟੇਕਣ ਅਤੇ 'ਇਖਲਾਕ ਚਾਲੀਸਾ' ਪੜ੍ਹਨ ਲਈ ਜਾਇਆ ਕਰਨਗੇ।**

ਸੱਖਣੇ ਫੱਟੇ ਵਾਲੀ ਜਨਤਾ ਪਾਰਟੀ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਪ੍ਰਧਾਨ ਅਤੇ ਪਿਛਲੇ ਦਿਨੀਂ ਪਾਰਟੀ ਸਮੇਤ ਭਾਜਪਾ ਦੇ ਐਨ ਡੀ ਏ ਗੱਠਜੋੜ ਦਾ ਅੰਗ ਬਣ ਗਏ ਸੁਬਰਾਮਨੀਅਮ ਸਵਾਮੀ ਨੇ ਇੱਕ ਵਾਰੀ ਫਿਰ ਕਾਂਗਰਸ ਪਾਰਟੀ ਦੀ ਦੁਖਦੀ ਨਾੜ ਵਰਗੇ ਨਹਿਰੂ-ਗਾਂਧੀ ਪਰਿਵਾਰ ਉਤੇ ਸਿੱਧੇ ਦੋਸ਼ ਲਾਏ ਹਨ। ਇਸ ਵਾਰ ਉਸ ਨੇ ਇਸ ਪਰਿਵਾਰ ਉਤੇ ਕਾਂਗਰਸ ਪਾਰਟੀ ਦੇ ਫੰਡਾਂ ਦੀ ਆਪਣੇ ਹਿੱਤਾਂ ਲਈ ਵਰਤੋਂ ਕਰਨ ਦਾ ਦੋਸ਼ ਲਾ ਦਿੱਤਾ ਹੈ। ਨਹਿਰੂ-ਗਾਂਧੀ ਪਰਿਵਾਰ ਨਾਲ ਉਸ ਦੀ ਟੱਕਰ ਇੰਦਰਾ ਗਾਂਧੀ ਦੇ ਜ਼ਮਾਨੇ ਤੋਂ ਹੈ ਤੇ ਜਦੋਂ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਸੀ, ਉਦੋਂ ਉਸ ਕਤਲ ਨੂੰ ਵਰਤ ਕੇ ਉਸ ਨੇ ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਬਾਰੇ ਮਨਘੜਤ ਗੱਲਾਂ ਕਹਿ ਕੇ ਉਸ ਨੂੰ ਬੱਦੂ ਕਰਨ ਦੀ ਵਾਹ ਵੀ ਲਾਈ ਸੀ। ਇਸ ਕਰ ਕੇ ਕਈ ਲੋਕਾਂ ਨੂੰ ਉਸ ਦੇ ਲਾਏ ਹੁਣ ਵਾਲੇ ਦੋਸ਼ ਵੀ ਉਸੇ ਲੜੀ ਦਾ ਹਿੱਸਾ ਲੱਗਣਗੇ। ਸਵਾਮੀ ਨੇ ਜਦੋਂ ਟੂ-ਜੀ ਸਪੈਕਟਰਮ ਦਾ ਮਾਮਲਾ ਚੁੱਕਿਆ ਤੇ ਸੁਪਰੀਮ ਕੋਰਟ ਤੱਕ ਗਿਆ ਸੀ, ਉਦੋਂ ਵੀ ਇਹੋ ਜਾਪਦਾ ਸੀ, ਪਰ ਬਾਅਦ ਵਿਚ ਇਹ ਸਾਬਤ ਹੋ ਗਿਆ ਸੀ ਕਿ ਉਹ ਗੱਲ ਬਿਨਾਂ ਕਿਸੇ ਬੁਨਿਆਦ ਤੋਂ ਨਹੀਂ ਸੀ। ਹੁਣ ਵੀ ਇਹ ਦੋਸ਼ ਸਿਰਫ ਪੁਰਾਣੀ ਬਣੀ ਹੋਈ ਧਾਰਨਾ ਦਾ ਹਿੱਸਾ ਕਹਿ ਕੇ ਨਹੀਂ ਟਾਲੇ ਜਾ ਸਕਦੇ।

ਦੋਸ਼ ਹੁਣ ਇਹ ਲਾਇਆ ਗਿਆ ਹੈ ਕਿ ਕਾਂਗਰਸ ਪਾਰਟੀ ਦੇ ਨੱਬੇ ਕਰੋੜ ਰੁਪਏ ਦੇ ਫੰਡ 'ਯੰਗ ਇੰਡੀਅਨ' ਨਾਂ ਦੀ ਇੱਕ ਕੰਪਨੀ ਨੂੰ ਤਬਦੀਲ ਕੀਤੇ ਗਏ, ਜਿਸ ਵਿਚ ਸਭ ਤੋਂ ਵੱਧ ਸ਼ੇਅਰ ਸੋਨੀਆ ਗਾਂਧੀ ਅਤੇ ਉਸ ਦੇ ਪੁੱਤਰ ਰਾਹੁਲ ਗਾਂਧੀ ਦੇ ਹਨ। ਇਸ ਕੰਪਨੀ ਕੋਲ ਇੱਕ ਮੀਡੀਆ ਅਦਾਰੇ ਦੀ ਮਾਲਕੀ ਹੈ, ਜਿਹੜਾ ਆਜ਼ਾਦੀ ਲਹਿਰ ਦੇ ਸਮੇਂ ਤੋਂ ਕਾਂਗਰਸ ਪਾਰਟੀ ਦੀ ਇੱਕ ਸ਼ਾਖ ਸਮਝਿਆ ਜਾਂਦਾ ਰਿਹਾ ਹੈ ਅਤੇ ਇਸ ਦੀ ਮਾਲਕੀ ਦਾ ਵੀ ਝਗੜਾ ਪੈ ਸਕਦਾ ਹੈ। ਸਵਾਮੀ ਵੱਲੋਂ ਪੇਸ਼ ਕੀਤੀ ਇਸ ਸਾਰੀ ਕਹਾਣੀ ਨੂੰ ਬਹੁਤ ਸਾਰੇ ਲੋਕਾਂ ਵਾਂਗ ਠੀਕ ਮੰਨਦੇ ਹੋਏ ਦੇਸ਼ ਦੀ ਮੁੱਖ ਵਿਰੋਧੀ ਧਿਰ ਭਾਜਪਾ ਦੇ ਬੁਲਾਰਿਆਂ ਨੇ ਕੁਝ ਸਵਾਲ ਉਠਾਏ ਹਨ, ਤੇ ਠੀਕ ਹੀ ਉਠਾਏ ਹਨ। ਇਸ ਦਾ ਲਾਭ ਜਿਵੇਂ ਸੋਨੀਆ ਗਾਂਧੀ ਦੇ ਪਰਿਵਾਰ ਤੱਕ ਪਹੁੰਚ ਰਿਹਾ ਹੈ, ਉਸ ਬਾਰੇ ਭਾਜਪਾ ਦੀ ਮੰਗ ਹੈ, ਤੇ ਘੱਟੋ ਘੱਟ ਇਸ ਮਾਮਲੇ ਵਿਚ ਠੀਕ ਮੰਗ ਹੈ, ਕਿ ਸੋਨੀਆ ਗਾਂਧੀ ਨੂੰ ਇਸ ਦੀ ਇਖਲਾਕੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਭਾਰਤ ਵਿਚ ਹਰ ਕੋਈ ਨੇਕ ਸੋਚ ਵਾਲਾ ਬੰਦਾ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਇਹੋ ਜਿਹੇ ਮਾਮਲੇ ਦੀ ਇਖਲਾਕੀ ਜ਼ਿੰਮੇਵਾਰੀ ਲਈ ਜਾਣੀ ਚਾਹੀਦੀ ਹੈ, ਪਰ ਇਹ ਜ਼ਿੰਮੇਵਾਰੀ ਤਾਂ ਉਸੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨੇ ਹਵਾ ਵਿਚ ਉਡਾ ਦਿੱਤੀ ਸੀ, ਜਿਸ ਦੇ ਬੁਲਾਰੇ ਨੇ ਹੁਣ ਮੰਗ ਕੀਤੀ ਹੈ। ਹਾਲੇ ਪਿਛਲੇ ਸਾਲ ਦੀ ਗੱਲ ਹੈ ਕਿ ਭਾਜਪਾ ਦਾ ਪ੍ਰਧਾਨ ਨਿਤਿਨ ਗਡਕਰੀ ਵਿਦੇਸ਼ ਦੌਰੇ ਉਤੇ ਸੀ। ਉਸ ਵੇਲੇ ਕਰਨਾਟਕਾ ਦੇ ਰਾਜਸੀ ਹਾਲਾਤ ਵਿਗੜ ਗਏ। ਰਾਜ ਦੇ ਲੋਕ ਆਯੁਕਤ ਦੀ ਅਦਾਲਤ ਨੇ ਜਦੋਂ ਭਾਜਪਾ ਦੇ ਮੁੱਖ ਮੰਤਰੀ ਯੇਦੀਯੁਰੱਪਾ ਨੂੰ ਸਰਕਾਰੀ ਜ਼ਮੀਨਾਂ ਆਪਣੇ ਪੁੱਤਰਾਂ ਤੇ ਜਵਾਈ ਨੂੰ ਸੌਂਪਣ ਦੇ ਮਾਮਲੇ ਵਿਚ ਦੋਸ਼ੀ ਦੱਸ ਕੇ ਕੇਸ ਚਲਾਉਣ ਲਈ ਕਹਿ ਦਿੱਤਾ, ਚਾਰੇ ਪਾਸੇ ਦੁਹਾਈ ਪੈ ਗਈ ਤਾਂ ਯੇਦੀਯੁਰੱਪਾ ਨੇ ਅੱਗੋਂ ਇਹ ਕਹਿ ਦਿੱਤਾ ਕਿ ਉਸ ਦਾ ਪਰਿਵਾਰ ਇਹ ਜ਼ਮੀਨ ਮੋੜਨ ਲਈ ਤਿਆਰ ਹੈ। ਇਸ ਨਾਲ ਹੋਰ ਵੀ ਇਹ ਗੱਲ ਸਾਬਤ ਹੋ ਗਈ ਕਿ ਉਸ ਦੇ ਪਰਿਵਾਰ ਨੇ ਸਰਕਾਰੀ ਜ਼ਮੀਨਾਂ ਨਾਜਾਇਜ਼ ਹੜੱਪੀਆਂ ਸਨ, ਪਰ ਗਰਦਨ ਫਸਦੀ ਵੇਖ ਕੇ ਮੋੜਨ ਲੱਗੇ ਹਨ। ਇਹ ਸਵਾਲ ਵਿਦੇਸ਼ ਬੈਠੇ ਭਾਜਪਾ ਪ੍ਰਧਾਨ ਨੂੰ ਕੀਤਾ ਗਿਆ। ਨਿਤਿਨ ਗਡਕਰੀ ਨੇ ਹੱਸ ਕੇ ਕਿਹਾ ਸੀ ਕਿ ਜਦੋਂ ਯੇਦੀਯੁਰੱਪਾ ਜ਼ਮੀਨ ਵਾਪਸ ਕਰਨ ਨੂੰ ਤਿਆਰ ਹੈ ਤਾਂ ਕਾਨੂੰਨੀ ਤੌਰ ਉਤੇ ਕੋਈ ਕੇਸ ਨਹੀਂ ਰਹਿੰਦਾ, ਸਿਰਫ ਇਖਲਾਕੀ ਤੌਰ ਉਤੇ ਗਲਤੀ ਕੀਤੀ ਹੈ, ਤੇ ਉਸ ਦਾ ਕੀ ਹੁੰਦਾ ਹੈ? ਗਡਕਰੀ ਵੱਲੋਂ ਇਖਲਾਕੀ ਗਲਤੀ ਨੂੰ ਇੰਜ ਹੱਸ ਕੇ ਟਾਲ ਦੇਣ ਦਾ ਸਾਰੇ ਦੇਸ਼ ਵਿਚ ਰੌਲਾ ਪਿਆ ਸੀ, ਪਰ ਭਾਜਪਾ ਉਦੋਂ ਆਪਣੇ ਪ੍ਰਧਾਨ ਦੇ ਨਾਲ ਖੜੋਤੀ ਰਹੀ ਸੀ।

ਜੇ ਉਦੋਂ ਭਾਜਪਾ ਆਪਣੇ ਪ੍ਰਧਾਨ ਦੇ ਨਾਲ ਖੜੀ ਸੀ ਤਾਂ ਅੱਜ ਕਾਂਗਰਸ ਪਾਰਟੀ ਆਪਣੀ ਪ੍ਰਧਾਨ ਤੇ ਉਸ ਦੇ ਪੁੱਤਰ ਦੇ ਨਾਲ ਖੜੀ ਹੈ। ਹਰ ਰਾਜਸੀ ਪਾਰਟੀ ਆਪਣੀ ਵਾਰੀ ਆਈ ਤੋਂ ਏਦਾਂ ਹੀ ਕਰਦੀ ਹੈ। ਦੇਸ਼ ਦੇ ਲੋਕ ਇਹ ਸੋਚਦੇ ਹਨ ਕਿ ਹਰ ਪਾਰਟੀ ਦੂਸਰੀ ਤੋਂ ਜਿਹੜੀ ਆਸ ਰੱਖਦੀ ਹੈ, ਉਹ ਆਪ ਕਿਉਂ ਨਹੀਂ ਕਰਦੀ? ਜਦੋਂ ਇਖਲਾਕੀ ਜ਼ਿੰਮੇਵਾਰੀ ਦਾ ਸਵਾਲ ਉਠਦਾ ਹੈ, ਉਦੋਂ ਬਹੁਤ ਦੂਰ ਤੱਕ ਚਲਾ ਜਾਂਦਾ ਹੈ, ਤੇ ਜਾਣਾ ਵੀ ਚਾਹੀਦਾ ਹੈ। ਬਹੁਤ ਜ਼ਿਆਦਾ ਪਿੱਛੇ ਮੁੜਨ ਦੀ ਲੋੜ ਨਹੀਂ, ਸਿਰਫ ਪੰਦਰਾਂ ਦਿਨਾਂ ਦੀਆਂ ਖਬਰਾਂ ਛਾਣ ਕੇ ਵੇਖ ਲਈਆਂ ਜਾਣ ਅਤੇ ਉਨ੍ਹਾਂ ਦੇ ਆਧਾਰ ਉਤੇ ਇਖਲਾਕੀ ਜ਼ਿੰਮੇਵਾਰੀ ਤੈਅ ਕਰ ਦਿੱਤੀ ਜਾਵੇ ਤਾਂ ਕਈ ਬਖੇੜੇ ਉਠ ਪੈਣਗੇ।



ਸੁਬਰਾਮਨੀਅਮ ਸਵਾਮੀ

ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਨੂੰ ਇੱਕ ਰੀਅਲ ਐਸਟੇਟ ਕੰਪਨੀ ਡੀ ਐਲ ਐਫ ਵੱਲੋਂ ਬਹਾਨਾ ਬਣਾ ਕੇ ਕਈ ਸੌ ਕਰੋੜ ਰੁਪਏ ਦੀ ਕਮਾਈ ਕਰਵਾਏ ਜਾਣ ਤੇ ਹਰਿਆਣੇ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਲੋਂ ਇਸ ਉਤੇ ਪੋਚੇ ਪਾਉਣ ਦਾ ਮਾਮਲਾ ਛੋਟਾ ਨਹੀਂ। ਇਸ ਦੀ ਇਖਲਾਕੀ ਜ਼ਿੰਮੇਵਾਰੀ ਤੋਂ ਮੁੱਖ ਮੰਤਰੀ ਨੂੰ ਪਾਸੇ ਨਹੀਂ ਕੀਤਾ ਜਾ ਸਕਦਾ। ਉਸ ਮੁੱਖ ਮੰਤਰੀ ਨੂੰ ਤਾਂ ਚੌਧਰੀ ਭਜਨ ਲਾਲ ਦੀ ਹਰਿਆਣਾ ਜਨਹਿਤ ਕਾਂਗਰਸ ਪਾਰਟੀ ਦੇ ਛੇ ਵਿਧਾਇਕਾਂ ਨੂੰ ਤੋੜ ਕੇ ਕਾਂਗਰਸ ਵਿਚ ਲਿਆਉਣ ਦੇ ਮਾਮਲੇ ਵਿਚ ਵੀ ਇਖਲਾਕੀ ਜ਼ਿੰਮੇਵਾਰੀ ਤੋਂ ਨਹੀਂ ਭੱਜਣ ਦੇਣਾ ਚਾਹੀਦਾ। ਕਾਂਗਰਸ ਪਾਰਟੀ ਵੱਲੋਂ ਕੇਂਦਰੀ ਸਰਕਾਰ ਦੇ ਕੋਲਾ ਮੰਤਰੀ ਸ੍ਰੀਪ੍ਰਕਾਸ਼ ਜਾਇਸਵਾਲ ਅਤੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਬਾਰੇ ਵੀ ਇਖਲਾਕੀ ਜ਼ਿੰਮੇਵਾਰੀ ਆਪਣੇ ਸਿਰ ਲੈਣੀ ਚਾਹੀਦੀ ਹੈ ਅਤੇ ਕਾਮਨਵੈਲਥ ਖੇਡਾਂ ਦੀ ਜ਼ਿੰਮੇਵਾਰੀ ਚੁੱਕ ਕੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਵੀ ਖੁਦ ਹੀ ਪਾਸੇ ਹੋ ਜਾਣਾ ਚਾਹੀਦਾ ਹੈ।

ਸਥਿਤੀ ਦਾ ਦੂਸਰਾ ਪੱਖ ਇਹ ਹੈ ਕਿ ਜਿਹੜੀ ਭਾਰਤੀ ਜਨਤਾ ਪਾਰਟੀ ਨੇ ਇਸ ਮੌਕੇ ਇਹ ਸਵਾਲ ਉਠਾਇਆ ਹੈ ਕਿ ਰਾਜ ਕਰਦੀ ਪਾਰਟੀ ਦੀ ਪ੍ਰਧਾਨ ਨੂੰ ਆਪਣੀ ਇਖਲਾਕੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ, ਉਸ ਨੂੰ ਆਪ ਵੀ ਆਪਣੇ ਲੀਡਰਾਂ ਨੂੰ ਇਸ ਜ਼ਿੰਮੇਵਾਰੀ ਬਾਰੇ ਕੁਝ ਕਹਿਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਕਈ ਮਾਮਲੇ ਯਾਦ ਕਰਵਾਏ ਜਾ ਸਕਦੇ ਹਨ, ਜਦੋਂ ਇਹ ਜ਼ਿੰਮੇਵਾਰੀ ਲੈਣੀ ਬਣਦੀ ਸੀ, ਪਰ ਕਿਸੇ ਭਾਜਪਾ ਆਗੂ ਨੇ ਲਈ ਨਹੀਂ ਸੀ।

ਇੱਕ ਸਮਾਂ ਉਹ ਸੀ, ਜਦੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਪਾਰਲੀਮੈਂਟ ਅੰਦਰ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਸੀ ਕਿ ਨਰਸਿਮਹਾ ਰਾਓ ਦੀ ਸਰਕਾਰ ਨੂੰ ਬਚਾਉਣ ਲਈ ਝਾਰਖੰਡ ਮੁਕਤੀ ਮੋਰਚਾ ਦੇ ਮੈਂਬਰਾਂ ਨੇ ਇੱਕ-ਇੱਕ ਕਰੋੜ ਰੁਪਏ ਲੈ ਕੇ ਵੋਟਾਂ ਪਾਈਆਂ ਹਨ। ਇਹ ਸਵਾਲ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਪੈਸੇ ਲੈ ਕੇ ਕਾਂਗਰਸ ਨੂੰ ਵੋਟਾਂ ਪਾ ਚੁੱਕੇ ਇਨ੍ਹਾਂ ਬੰਦਿਆਂ ਨੂੰ ਤੁਸੀਂ ਹੁਣ ਕੀ ਦੇਣਾ ਕੀਤਾ ਹੈ? ਵਾਜਪਾਈ ਨੇ ਕਿਹਾ ਸੀ ਕਿ ਕੁਝ ਵੀ ਨਹੀਂ, ਏਥੋਂ ਤੱਕ ਕਿ ਇਨ੍ਹਾਂ ਨੂੰ ਅਗਲੀ ਚੋਣ ਦੀ ਟਿਕਟ ਵੀ ਭਾਜਪਾ ਨਹੀਂ ਦੇਵੇਗੀ। ਚੋਣਾਂ ਦੇ ਦਿਨ ਆਏ ਤਾਂ ਸਾਰਾ ਭੇਦ ਖੋਲ੍ਹਣ ਵਾਲੇ ਝਾਰਖੰਡ ਮੁਕਤੀ ਮੋਰਚਾ ਦੇ ਐਮ ਪੀ ਸ਼ੈਲੇਂਦਰ ਮਹਾਤੋ ਨੂੰ ਜੇਲ੍ਹ ਜਾਣਾ ਪੈ ਗਿਆ ਸੀ ਤੇ ਉਸ ਦੀ ਪਤਨੀ ਆਭਾ ਮਾਹਤੋ ਨੂੰ ਭਾਜਪਾ ਨੇ ਟਿਕਟ ਦੇ ਕੇ ਪਾਰਲੀਮੈਂਟ ਦੀ ਮੈਂਬਰ ਬਣਾ ਲਿਆ ਸੀ। ਇਹ ਸਵਾਲ ਵਾਜਪਾਈ ਜੀ ਨੂੰ ਫਿਰ ਕੀਤਾ ਗਿਆ ਸੀ ਕਿ ਤੁਸੀਂ ਮਹਾਤੋ ਨੂੰ ਨਾ ਸਹੀ, ਉਸ ਦੀ ਪਤਨੀ ਨੂੰ ਅੱਗੇ ਕਰ ਲਿਆ ਹੈ, ਕੀ ਇਹ ਗੱਲ ਰਾਜਸੀ ਸਦਾਚਾਰ ਦੇ ਪੱਖ ਤੋਂ ਗਿਰਾਵਟ ਵਾਲੀ ਨਹੀਂ? ਉਨ੍ਹਾ ਦਾ ਜਵਾਬ ਸੀ ਕਿ 'ਹਮਾਰੇ ਦੇਸ਼ ਕੀ ਰਾਜਨੀਤੀ ਮੇਂ ਯੇ ਸਬ ਚਲਤਾ ਹੀ ਹੈ।' ਯਾਨਿ ਇਖਲਾਕੀ ਗਿਰਾਵਟ ਕੋਈ ਮੁੱਦਾ ਹੀ ਨਹੀਂ ਸੀ। ਉਹ ਪੁਰਾਣੀ ਗੱਲ ਹੈ, ਜਿਸ ਸੁਰੇਸ਼ ਚੰਦੇਲ ਨੂੰ ਬਾਹਰੋਂ ਪੈਸੇ ਲੈ ਕੇ ਪਾਰਲੀਮੈਂਟ ਵਿਚ ਸਵਾਲ ਪੁੱਛਣ ਲਈ ਕਲੰਕੀ ਹੋਣ ਕਰ ਕੇ ਮੈਂਬਰੀ ਤੋਂ ਖਾਰਜ ਕਰ ਦਿੱਤਾ ਗਿਆ ਸੀ, ਉਸ ਨੂੰ ਹੁਣ ਭਾਜਪਾ ਨੇ ਵਿਧਾਨ ਸਭਾ ਦੀ ਟਿਕਟ ਦੇ ਦਿੱਤੀ ਹੈ। ਇਖਲਾਕੀ ਜ਼ਿੰਮੇਵਾਰੀ ਦਾ ਸਵਾਲ ਹੁੰਦਾ ਤਾਂ ਜਦੋਂ ਉਸ ਦੇ ਨਾਲ ਦੇ ਪਾਰਲੀਮੈਂਟ ਤੋਂ ਕੱਢੇ ਹੋਏ ਮੈਂਬਰਾਂ ਨੂੰ ਕਿਸੇ ਵੀ ਪਾਰਟੀ ਨੇ ਅਜੇ ਤੱਕ ਨੇੜੇ ਨਹੀਂ ਸੀ ਲਾਇਆ, ਭਾਜਪਾ ਵੀ ਨਾ ਲਾਉਂਦੀ, ਪਰ ਉਹ ਇਸ ਮਿਆਰ ਨੂੰ ਵੀ ਕਾਇਮ ਨਹੀਂ ਰੱਖ ਸਕੀ।

ਹੁਣੇ ਜਿਹੇ ਇੱਕ ਮੁੱਦਾ ਹੋਰ ਉਭਰਿਆ ਹੈ, ਤੇ ਉਹ ਮਾਮਲਾ ਵੀ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਦਾ ਹੈ। ਜਦੋਂ ਉਹ ਮਹਾਰਾਸ਼ਟਰ ਵਿਚ ਭਾਜਪਾ-ਸ਼ਿਵ ਸੈਨਾ ਸਰਕਾਰ ਦਾ ਮੰਤਰੀ ਹੁੰਦਾ ਸੀ, ਉਸ ਦੌਰਾਨ ਉਸ ਨੇ ਇੱਕ ਕੰਪਨੀ ਖੜੀ ਕੀਤੀ ਸੀ, ਜਿਸ ਦਾ ਨਾਂ ਪੂਰਤੀ ਸਿੰਚਨ ਸਮਰਿਧੀ ਹੁੰਦਾ ਸੀ। ਇਹ ਉਨ੍ਹਾਂ ਕੰਪਨੀਆਂ ਵਿਚ ਸ਼ਾਮਲ ਨਹੀਂ, ਜਿਨ੍ਹਾਂ ਦੀ ਹੇਰਾਫੇਰੀ ਜ਼ਾਹਰ ਹੋਣ ਪਿੱਛੋਂ ਹੁਣ ਛਾਪੇ ਵੱਜ ਰਹੇ ਹਨ। ਵੱਖਰੀ ਖੋਲ੍ਹੀ ਗਈ ਇਸ ਕੰਪਨੀ ਨੇ ਮਹਾਰਾਸ਼ਟਰ ਦੇ ਗਰੀਬੀ ਮਾਰੇ ਕਿਸਾਨਾਂ ਨੂੰ ਇਹ ਲਾਰਾ ਲਾਇਆ ਸੀ ਕਿ ਜਿਹੜੇ ਲੋਕ ਇਸ ਕੰਪਨੀ ਵਿਚ ਪੈਸਾ ਲਾਉਣਗੇ, ਉਨ੍ਹਾਂ ਦੀ 'ਸਮਰਿਧੀ' (ਖੁਸ਼ਹਾਲੀ) ਹੋ ਜਾਵੇਗੀ, ਪਰ ਅਮਲ ਵਿਚ ਏਦਾਂ ਨਹੀਂ ਸੀ ਹੋਇਆ। ਕਿਸਾਨਾਂ ਨੂੰ ਏਥੋਂ ਤੱਕ ਕਿਹਾ ਗਿਆ ਸੀ ਕਿ ਜੇ ਉਹ ਕਿਸੇ ਥਾਂ ਤੋਂ ਕਰਜ਼ਾ ਫੜ ਕੇ ਵੀ ਇਸ ਵਿਚ ਪੈਸੇ ਲਾ ਦੇਣ ਤਾਂ ਜਦੋਂ ਇਹ ਕੰਪਨੀ ਗੰਨੇ ਦੀ ਖੇਤੀ ਤੋਂ ਕਮਾਈ ਕਰੇਗੀ, ਉਹ ਉਸ ਕਮਾਈ ਨਾਲ ਕਰਜ਼ੇ ਅਤੇ ਵਿਆਜ ਉਤਾਰ ਕੇ ਵੀ ਮਾਲਾਮਾਲ ਹੋ ਜਾਣਗੇ। ਸਾਲ 2003-04 ਵਿਚ ਬਣੀ ਇਸ ਕੰਪਨੀ ਤੋਂ ਹਾਲੇ ਤੱਕ ਕਿਸਾਨਾਂ ਨੂੰ ਕੋਈ ਲਾਭ ਨਹੀਂ ਮਿਲਿਆ ਤੇ ਜਿਨ੍ਹਾਂ ਲੋਕਾਂ ਨੇ ਝਾਂਸੇ ਵਿਚ ਆ ਕੇ ਕਰਜ਼ਾ ਫੜ ਕੇ ਇਸ ਕੰਪਨੀ ਵਿਚ ਪੈਸੇ ਲਾਏ ਸਨ, ਉਨ੍ਹਾਂ ਦਾ ਵਿਆਜ ਵਧ ਕੇ ਏਨਾ ਹੋ ਚੁੱਕਾ ਹੈ ਕਿ ਜ਼ਮੀਨਾਂ ਵੇਚ ਕੇ ਵੀ ਹੁਣ ਲੱਥਣਾ ਨਹੀਂ।

ਸਾਡੇ ਪੰਜਾਬ ਦੀ ਕਾਂਗਰਸ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਹੰਸਪਾਲ ਨੂੰ ਵੀ ਇਸੇ ਤਰ੍ਹਾਂ ਦੇ ਇੱਕ ਕੇਸ ਵਿਚ ਇਸ ਹਫਤੇ ਦਿੱਲੀ ਵਿਚ ਇੱਕ ਅਦਾਲਤ ਨੇ ਪੰਜ ਲੱਖ ਰੁਪਏ ਜੁਰਮਾਨਾ ਲਾਇਆ ਹੈ। ਉਥੇ ਵੀ ਮਾਮਲਾ ਇਹ ਸੀ ਕਿ ਲੋਕਾਂ ਨੂੰ ਇਹ ਕਿਹਾ ਗਿਆ ਸੀ ਕਿ ਉਹ ਕੰਪਨੀ ਵਿਚ ਪੈਸੇ ਲਾਉਣ, ਕੰਪਨੀ ਰੁੱਖ ਲਾ ਕੇ ਕਮਾਈ ਕਰੇਗੀ। ਕਮਾਈ ਦੀ ਝਾਕ ਵਿਚ ਜਿਨ੍ਹਾਂ ਲੋਕਾਂ ਨੇ ਪੈਸਾ ਲਾਇਆ, ਕਮਾਈ ਮਿਲਣ ਦੇ ਦਿਨ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਕੰਪਨੀ ਬੰਦ ਕਰ ਦਿੱਤੀ ਗਈ ਹੈ। ਸੱਤ ਸੌ ਲੋਕਾਂ ਨਾਲ ਇਹ ਠੱਗੀ ਹੋਈ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇੱਕ ਦਿਨ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਪੈਸੇ ਰੁੱਖਾਂ ਨਾਲ ਨਹੀਂ ਲੱਗਦੇ, ਪਰ ਹੰਸਪਾਲ ਹੋਵੇ ਜਾਂ ਨਿਤਿਨ ਗਡਕਰੀ, ਦੋਵਾਂ ਵਾਸਤੇ ਪੈਸੇ ਰੁੱਖਾਂ ਨੂੰ ਲੱਗਣ ਦੀ ਗੱਲ ਸਾਬਤ ਹੋਈ ਹੈ। ਦੋਵੇਂ ਮਾਮਲੇ ਇੱਕੋ ਜਿਹੇ ਹੋਣ ਕਰ ਕੇ ਦੋਵਾਂ ਵੱਡੀਆਂ ਪਾਰਟੀਆਂ ਦੇ ਸਿਰ ਇਖਲਾਕੀ ਜ਼ਿੰਮੇਵਾਰੀ ਆਉਂਦੀ ਹੈ।

ਇਖਲਾਕ ਦਾ ਗਜ਼ ਹੁਣ ਸਿਰਫ ਆਮ ਆਦਮੀ ਲਈ ਰਹਿ ਗਿਆ ਹੈ। ਭਾਰਤ ਵਿਚ ਪ੍ਰਾਚੀਨ ਸਮਿਆਂ ਤੋਂ 'ਸਮਰੱਥ ਕੋ ਨਹੀਂ ਦੋਸ ਗੁਸਾਈਂ' ਦੀ ਧਾਰਨਾ ਬਣੀ ਆਈ ਹੈ, ਜਿਸ ਦਾ ਭਾਵ ਇਹ ਹੈ ਕਿ ਸਮਰੱਥਾਵਾਨ ਨੇ ਜਿੰਨੇ ਮਰਜ਼ੀ ਗੁਨਾਹ ਕੀਤੇ ਹੋਣ, ਉਸ ਦਾ ਕੋਈ ਦੋਸ਼ ਨਹੀਂ ਕੱਢਿਆ ਜਾ ਸਕਦਾ। ਪਾਕਿਸਤਾਨ ਵਿਚ ਜਨਰਲ ਜ਼ਿਆ ਉਲ ਹੱਕ ਦੇ ਫੌਜੀ ਰਾਜ ਵੇਲੇ ਇੱਕ ਵਾਰੀ ਇੱਕ ਯੂਨੀਵਰਸਿਟੀ ਦੇ ਇਮਤਿਹਾਨ ਦੇ ਰਾਜਨੀਤੀ ਦੇ ਪਰਚੇ ਵਿਚ ਸਵਾਲ ਪੁੱਛਿਆ ਗਿਆ ਕਿ 'ਸਟੈਚੂ ਆਫ ਲਿਬਰਟੀ' ਕੀ ਹੈ ਤੇ ਇਹ ਕਿਸ ਗੱਲ ਦਾ ਪ੍ਰਤੀਕ ਹੈ?' ਬਾਕੀ ਵਿਦਿਆਰਥੀਆਂ ਨੇ ਜੋ ਵੀ ਲਿਖਿਆ ਹੋਵੇ, ਕੰਮ ਦੀ ਗੱਲ ਸਿਰਫ ਇੱਕ ਜਣੇ ਨੇ ਲਿਖੀ ਸੀ। ਉਸ ਦਾ ਜਵਾਬ ਸੀ ਕਿ ''ਅਮਰੀਕਾ ਵਿਚ ਲੱਗਾ ਇਹ ਅਜ਼ਾਦੀ ਦੀ ਦੇਵੀ ਦਾ ਬੁੱਤ ਹੈ, ਜਿਸ ਨੂੰ ਵੇਖਣ ਲਈ ਜਦੋਂ ਪਾਕਿਸਤਾਨੀ ਟੂਰਿਸਟ ਉਥੇ ਜਾਂਦੇ ਹਨ ਤਾਂ 'ਲਿਬਰਟੀ, ਲਿਬਰਟੀ, ਲਿਬਰਟੀ' (ਆਜ਼ਾਦੀ, ਆਜ਼ਾਦੀ, ਆਜ਼ਾਦੀ) ਕਹਿ ਕੇ ਹਉਕੇ ਲੈਣ ਲੱਗ ਜਾਂਦੇ ਹਨ।'' ਭਾਰਤ ਵਿਚ ਅੱਜਕੱਲ੍ਹ ਕਿਸੇ ਥਾਂ ਬੀਬੀ ਸੋਨੀਆ ਗਾਂਧੀ ਨੂੰ ਦੁਰਗਾ ਮਾਤਾ ਵਜੋਂ ਪੇਸ਼ ਕਰਦੀ ਤਸਵੀਰ ਬਣਾਈ ਜਾਂਦੀ ਹੈ, ਕਿਸੇ ਥਾਂ ਭਾਜਪਾ ਦੀ ਆਗੂ ਵਸੁੰਧਰਾ ਰਾਜੇ ਨੂੰ ਦੇਵੀ ਦਾ ਅਵਤਾਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਕਿਸੇ ਹੋਰ ਥਾਂ ਬਹੁਜਨ ਸਮਾਜ ਪਾਰਟੀ ਦੀ ਬੀਬੀ ਮਾਇਆਵਤੀ ਨੂੰ ਦੇਵੀ ਦਾ ਰੂਪ ਦੇ ਦਿੱਤਾ ਜਾਂਦਾ ਹੈ। ਕਿਸੇ-ਕਿਸੇ ਥਾਂ ਹੁਣ ਭਾਰਤ-ਮਾਤਾ ਦੀ ਦੇਵੀ ਬਣਾ ਕੇ ਉਸ ਦੀ ਪੂਜਾ ਵੀ ਕਰਨ ਦਾ ਰੁਝਾਨ ਵੇਖਣ ਵਿਚ ਆਉਣ ਲੱਗ ਪਿਆ ਹੈ, ਪਰ ਜੇ ਇਸ ਦੇਸ਼ ਵਿਚ ਕਿਸੇ ਥਾਂ 'ਇਖਲਾਕ ਦੀ ਦੇਵੀ' ਦਾ ਬੁੱਤ ਲਾ ਦਿੱਤਾ ਜਾਵੇ ਤਾਂ ਕਿਸੇ ਵੀ ਹੋਰ ਤੀਰਥ ਤੋਂ ਵੱਧ ਲੋਕ ਉਥੇ ਮੱਥਾ ਟੇਕਣ ਅਤੇ 'ਇਖਲਾਕ ਚਾਲੀਸਾ' ਪੜ੍ਹਨ ਲਈ ਜਾਇਆ ਕਰਨਗੇ। ਇਹੋ ਇੱਕ ਕੰਮ ਹੁਣ ਬਾਕੀ ਰਹਿ ਗਿਆ ਹੈ, ਬਾਕੀ ਤਾਂ ਸਾਰਾ ਕੁਝ ਹੋਇਆ ਹੀ ਪਿਆ ਹੈ।

# ਸਿੱਖ ਗੁਰਦੁਆਰਾ ਐਕਟ 'ਚ ਸੋਧ ਤੋਂ ਅਕਾਲੀ ਦਲ ਖ਼ਫ਼ਾ

**ਚੰਡੀਗੜ੍ਹ:** ਦਿੱਲੀ ਗੁਰਦੁਆਰਾ ਕਮੇਟੀ ਚੋਣਾਂ ਸਮੇਂ ਸਿਰ ਕਰਵਾਉਣ ਦੀ ਮੰਗ ਦਿੱਲੀ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਦੀ ਤਜਵੀਜ਼ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਗ਼ੈਰਜਮਹੂਰੀ, ਭਾਰਤ ਦੇ ਸੰਵਿਧਾਨ ਦੀ ਮੂਲ ਭਾਵਨਾ ਤੋਂ ਉਲਟ ਕਰਾਰ ਦਿੰਦਿਆਂ ਮੰਗ ਕੀਤੀ ਹੈ ਕਿ ਇਸ ਕਾਰਵਾਈ ਨੂੰ ਤੁਰੰਤ ਰੋਕਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਸਿੱਖਾਂ ਦੇ ਮਾਮਲਿਆਂ ਵਿਚ ਸਿੱਧਾ ਦਖ਼ਲ ਕਰਾਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਦਲ ਦੀ ਕੋਰ ਕਮੇਟੀ ਦੀ ਮੁੱਖ ਮੰਤਰੀ ਨਿਵਾਸ 'ਤੇ ਹੋਈ ਮੀਟਿੰਗ ਵਿਚ ਕਿਹਾ ਗਿਆ ਕਿ ਪਾਰਟੀ ਮਹਿਸੂਸ ਕਰਦੀ ਹੈ ਕਿ ਦਿੱਲੀ ਗੁਰਦੁਆਰਾ ਐਕਟ ਵਿਚ ਤਜਵੀਜ਼ਸ਼ੁਦਾ ਸੋਧ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ-ਮਾਸਟਰ ਤਾਰਾ ਸਿੰਘ ਪੈਕਟ ਦੀ ਮੂਲ ਭਾਵਨਾ ਦੀ ਉਲੰਘਣਾ ਹੈ। ਇਸ ਪੱਤਰ ਵਿਚ ਵਿਸ਼ੇਸ਼ ਤੌਰ 'ਤੇ ਇਹ ਜ਼ਿਕਰ ਹੈ ਕਿ ਕੇਂਦਰ ਸਰਕਾਰ ਵੱਲੋਂ ਦਿੱਤੇ ਭਰੋਸੇ ਅਨੁਸਾਰ ਕਿ ਉਹ ਸਿੱਖ ਭਾਈਚਾਰੇ ਦੇ ਆਗੂਆਂ ਜੋ ਸ਼੍ਰੋਮਣੀ ਕਮੇਟੀ ਰਾਹੀਂ ਚੁਣੇ ਹੋਣਗੇ, ਦੀ ਸਹਿਮਤੀ ਤੋਂ ਬਿਨਾਂ ਕੋਈ ਕਦਮ ਨਹੀਂ ਚੁੱਕੇਗੀ। ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਕੋਰ ਕਮੇਟੀ ਮਹਿਸੂਸ ਕਰਦੀ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜੋ ਜਨਵਰੀ 2011 ਵਿਚ ਹੋਣੀਆਂ ਤੈਅ ਹਨ, ਨੂੰ ਅੱਗੇ ਪਾਉਣ ਲਈ ਦਿੱਲੀ ਸਰਕਾਰ ਵੱਲੋਂ ਇਹ ਕਾਰਵਾਈ ਕੀਤੀ ਜਾ ਰਹੀ ਹੈ ਤਾਂ ਜੋ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੂੰ ਕਮੇਟੀ ਦੀ ਮਿਆਦ ਵਧਾ ਕੇ ਲਾਹਾ ਦਿੱਤਾ ਜਾ ਸਕੇ।

ਅਕਾਲੀ ਦਲ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਅਜਿਹੀ ਕਿਸੇ ਵੀ ਕਾਰਵਾਈ ਨਾਲ ਸਿੱਖਾਂ ਦੇ ਮਨਾਂ ਵਿਚ ਭੁਲੇਖੇ ਉਪਜਣਗੇ ਤੇ ਕੁੜੱਤਣ ਵਧੇਗੀ। ਦਲ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਇਸ ਮਾਮਲੇ ਵਿਚ ਸਿੱਧੀ ਦਖਲਅੰਦਾਜ਼ੀ ਦੀ ਮੰਗ ਕਰਦਿਆਂ ਕਿਹਾ ਹੈ ਕਿ ਉਹ ਦਿੱਲੀ ਸਰਕਾਰ ਨੂੰ ਤੁਰੰਤ ਇਸ ਕਾਰਵਾਈ ਤੋਂ ਰੋਕਣ। ਦਲ ਨੇ ਪ੍ਰਧਾਨ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 31 ਦਸੰਬਰ ਤੋਂ ਪਹਿਲਾਂ-ਪਹਿਲਾਂ ਕਰਵਾਈਆਂ ਜਾਣ।

# ਸਨਾਵਰ ਸਕੂਲ ਦੀ ਗਰਾਂਟ ਬਣੀ ਸਰਕਾਰ ਲਈ ਮੁਸੀਬਤ

**ਚੰਡੀਗੜ੍ਹ:** ਲਾਰੈਂਸ ਸਕੂਲ ਸਨਾਵਰ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੀ ਇਕ ਕਰੋੜ ਰੁਪਏ ਦੀ ਗਰਾਂਟ ਸਰਕਾਰ ਲਈ ਮੁਸੀਬਤ ਬਣ ਗਈ ਹੈ। ਇਹ ਗਰਾਂਟ ਦੇਣ ਤੋਂ ਬਾਅਦ ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਰਾਜ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਮੰਨਿਆ ਕਿ ਇਹ ਗਰਾਂਟ 'ਪੰਜਾਬ ਨਿਰਮਾਣ ਪ੍ਰੋਗਰਾਮ' ਦੇ ਘੇਰੇ ਵਿਚ ਨਹੀਂ ਆਉਂਦੀ।

ਇਹ ਗੱਲ ਸਾਬਕਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਦਾਇਰ ਲੋਕ ਹਿਤ ਪਟੀਸ਼ਨ ਦੀ ਸੁਣਵਾਈ ਦੌਰਾਨ ਵਿੱਤ ਵਿਭਾਗ ਵੱਲੋਂ ਦਾਖ਼ਲ ਹਲਫ਼ਨਾਮੇ ਵਿਚ ਕਹੀ ਗਈ ਹੈ। ਹਲਫ਼ਨਾਮੇ ਵਿਚ ਵਿੱਤ ਵਿਭਾਗ ਦੇ ਪ੍ਰਮੁੱਖ ਸਕੱਤਰ ਸਤੀਸ਼ ਚੰਦਰਾ ਨੇ ਮੰਨਿਆ ਕਿ ਇਹ ਗਰਾਂਟ ਬਿਲਕੁਲ ਪੰਜਾਬ ਨਿਰਮਾਣ ਪ੍ਰੋਗਰਾਮ ਦੇ ਘੇਰੇ ਵਿਚ ਨਹੀਂ ਆਉਂਦੀ ਪਰ ਇਹ ਮੰਤਰੀ ਮੰਡਲ ਦੀ ਮਨਜ਼ੂਰੀ ਪਿੱਛੋਂ ਦਿੱਤੀ ਗਈ ਸੀ। ਪਟੀਸ਼ਨਰ ਵੱਲੋਂ ਦਿੱਤੀ ਦਲੀਲ ਕਿ ਵਿਧਾਨ ਸਭਾ ਵੱਲੋਂ ਕਿਸੇ ਖਾਸ ਸਕੀਮ ਤਹਿਤ ਰੱਖੇ ਫੰਡਾਂ ਨੂੰ ਹੋਰ ਮਕਸਦ ਲਈ ਨਹੀਂ ਵਰਤਿਆ ਜਾ ਸਕਦਾ, ਦਾ ਜਵਾਬ ਦਿੰਦਿਆਂ ਹਲਫ਼ਨਾਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਸੰਵਿਧਾਨ ਵਿਚ ਇਸ ਸਬੰਧੀ ਵਿਵਸਥਾ ਕੀਤੀ ਗਈ ਹੈ।

ਵਿਭਾਗ ਨੇ ਸੰਵਿਧਾਨ ਦੀ ਧਾਰਾ 205 ਦਾ ਹਵਾਲਾ ਦਿੰਦਿਆਂ ਹਲਫ਼ਨਾਮੇ ਵਿਚ ਕਿਹਾ ਹੈ ਕਿ ਇਸ ਧਾਰਾ ਤਹਿਤ ਰਾਜਪਾਲ ਦੀ ਮਨਜ਼ੂਰੀ ਨਾਲ ਇਸ ਸਬੰਧੀ ਵਿਧਾਇਕਾਂ ਅੱਗੇ ਪੂਰਕ ਮੰਗਾਂ ਰੱਖੀਆਂ ਜਾ ਸਕਦੀਆਂ ਹਨ ਤੇ ਇਸ ਮਾਮਲੇ ਵਿਚ ਵੀ ਇਹ ਅਮਲ ਅਪਣਾਇਆ ਜਾਵੇਗਾ। ਹਲਫ਼ਨਾਮੇ ਵਿਚ ਕਿਹਾ ਗਿਆ ਹੈ ਕਿ ਸਕੂਲ ਨੂੰ ਗਰਾਂਟ ਇਸ ਕਾਰਨ ਦਿੱਤੀ ਗਈ ਹੈ ਕਿਉਂਕਿ ਇਹ ਨਾਮੀ ਤੇ ਮੰਨਿਆ ਪ੍ਰਮੰਨਿਆ ਅਦਾਰਾ ਹੈ ਜਿੱਥੇ ਆਜ਼ਾਦੀ ਵੇਲੇ ਤੋਂ ਹੀ ਪੰਜਾਬੀ ਮੂਲ ਦੇ ਵੱਡੀ ਗਿਣਤੀ ਵਿਦਿਆਰਥੀ ਪੜ੍ਹਦੇ ਹਨ। ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੇ ਜ਼ੁਬਾਨੀ ਤੌਰ 'ਤੇ ਅਦਾਲਤ ਨੂੰ ਦੱਸਿਆ ਕਿ ਇਸ ਚੈੱਕ ਨੂੰ ਹਾਲੇ ਭੁਨਾਇਆ ਨਹੀਂ ਗਿਆ।

# OKKJI Transfer LLC.

15238 Radiance Dr., Noblesville, IN, 46060

## ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045
Fax: 317-774-9665



*To Advertise with Punjab Times Call: 847-359-0746*
*Fax: 847-705-9388, e-mail: punjabtimes1@sbcglobal.net*
*Visit us on the web:www.punjabtimesusa.com*



# R K Carpet & Flooring, Inc.

*6346 N. Claremont Ave. Chicago, IL 60659*



## ਵਾਜ਼ਬ ਭਾਅ, ਭਰੋਸੇਯੋਗ ਸਰਵਿਸ

*Commercial *Installation
*Residential *Cleaning
*Industrial *Repair
*Sales

*Ravinder Singh Ravi*
*Ph:773-761-6888*
*Fax:773-761-6865*



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
**ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

**1816 Main Ave., Secramento CA, 95838**



ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ **ਗੁਰਬਾਣੀ ਰੇਡੀਓ** ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
**Punjabi RADIO USA**
*Uniting Punjabi's All Over*
Studio Telephone : (408) 272-5200



## ਪੰਜਾਬੀ ਰੇਡੀਓ ਦੇ ਪ੍ਰੋਗਰਾਮ

☞ **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
☞ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
☞ ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
☞ ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
☞ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
☞ ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
☞ 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
☞ **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
☞ ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
☞ ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
☞ ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

**ਤਾਜ਼ੀਆਂ ਖ਼ਬਰਾਂ ਰੇਡੀਓ 'ਤੇ**
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
**ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ**
605.475.6868 Ext. 1 ਜਾਂ
832.551.5029 Ext. 1

**ਨਵੇਂ ਪ੍ਰੋਗਰਾਮ**

☞ **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
☞ **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
☞ **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
☞ **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

# ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ

*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*

# 605.475.6868 • 832.551.5029

ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

ਪੰਜਾਬ ਟਾਈਮਜ਼

*ਸਨਿਚਰਵਾਰ, 10 ਨਵੰਬਰ 2012*

# ਗ਼ਦਰੀ ਜਲੌਅ ਤੇ ਇਤਿਹਾਸ ਦੀਆਂ ਪੈੜਾਂ

ਭਾਰਤ ਦੀ ਆਜ਼ਾਦੀ ਵਾਸਤੇ ਗ਼ਦਰ ਮਚਾਉਣ ਲਈ ਸਾਡੇ ਪੁਰਖਿਆਂ ਨੇ ਅੱਜ ਤੋਂ 99 ਸਾਲ ਪਹਿਲਾਂ ਹੱਲਾ ਮਾਰਿਆ ਸੀ। ਉਹ ਵਕਤ ਹੁਣ ਇਤਿਹਾਸ ਦੇ ਸਫੇ ਉਤੇ ਫਰੀਜ਼ ਹੋਇਆ ਪਿਆ ਹੈ ਪਰ ਉਸ ਵਕਤ ਇਨ੍ਹਾਂ ਗ਼ਦਰੀਆਂ ਨੇ ਜਾਗਦੇ ਨੈਣਾਂ ਨਾਲ ਜਿਹੜੇ ਸੁਪਨੇ ਦੇਖੇ ਸਨ, ਉਹ ਅੱਜ ਵੀ ਸਾਡੇ ਚੇਤਿਆਂ ਵਿਚ ਕੱਲ੍ਹ ਵਾਂਗ ਤੈਰ ਰਹੇ ਹਨ। ਗ਼ਦਰੀਆਂ ਦੇ ਇਨ੍ਹਾਂ ਸੁਪਨਿਆਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ ਅਤੇ ਅਗਾਂਹ ਵੀ ਲਿਖਿਆ ਜਾਵੇਗਾ ਪਰ ਇਨ੍ਹਾਂ ਪੁਰਖਿਆਂ ਨੇ ਆਪਣੀਆਂ ਜ਼ਿੰਦਗਾਨੀਆਂ ਦਾਅ ਉਤੇ ਲਾ ਕੇ ਜੋ ਇਤਿਹਾਸ ਰਚਿਆ ਹੈ, ਉਹ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ। 99 ਸਾਲ ਪਿਛਾਂਹ ਪਰਤੀਏ ਤਾਂ ਪਤਾ ਲਗਦਾ ਹੈ ਕਿ ਗ਼ਦਰੀਆਂ ਦਾ ਇਹ ਹੱਲਾ ਕੋਈ ਸਾਧਾਰਨ ਨਹੀਂ ਸੀ। ਬਹੁਤੇ ਇਤਿਹਾਸਕਾਰ ਉਸ ਸਮੇਂ ਅਤੇ ਗ਼ਦਰੀਆਂ ਦੀ ਸਰਗਰਮੀ ਦਾ ਮੁਲੰਕਣ ਕਰਦਿਆਂ ਗ਼ਦਰ ਨੂੰ ਹੋਸ਼ ਨਾਲੋਂ ਵੱਧ ਜੋਸ਼ ਨਾਲ ਜੋੜ ਦਿੰਦੇ ਹਨ ਅਤੇ ਫਿਰ ਆਪੋ-ਆਪਣੇ ਨਿਰਣੇ ਸੁਣਾਉਣੇ ਅਰੰਭ ਦਿੰਦੇ ਹਨ। ਇਹ ਲੋਕ ਇਤਿਹਾਸ ਦਾ ਉਹ ਸਫਾ ਉਕਾ ਹੀ ਭੁਲਾ ਦਿੰਦੇ ਹਨ ਜਿਸ ਉਤੇ ਗ਼ਦਰੀਆਂ ਦੀ ਮੁਕੰਮਲ ਵਿਉਂਤਬੰਦੀ ਬਹੁਤ ਗੂੜ੍ਹੀ ਉਕਰੀ ਹੋਈ ਹੈ। ਗ਼ਦਰੀਆਂ ਦੀ ਆਜ਼ਾਦੀ ਦੀ ਵਿਉਂਤਬੰਦੀ ਕਸ਼ਮੀਰ ਦੀ ਆਜ਼ਾਦੀ ਨਾਲ ਸ਼ੁਰੂ ਹੁੰਦੀ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਲੰਮੇ ਘੋਲ ਰਾਹੀਂ ਕਸ਼ਮੀਰ ਨੂੰ 1925 ਤੱਕ ਆਜ਼ਾਦ ਕਰਵਾਉਣ ਦਾ ਟੀਚਾ ਮਿਥਿਆ ਸੀ। ਇਹ ਸਾਰੀਆਂ ਵਿਉਂਤਬੰਦੀਆਂ 1913-14 ਦੀਆਂ ਹਨ, ਪਰ ਉਸੇ ਸਮੇਂ ਦੋ ਅਹਿਮ ਮਸਲੇ ਅਚਾਨਕ ਸਾਹਮਣੇ ਆਏ। ਇਕ ਤਾਂ ਯੂਰਪ ਵਿਚ ਜੰਗ ਛਿੜ ਗਈ ਅਤੇ ਦੂਜੇ ਗ਼ਦਰੀਆਂ ਵੱਲੋਂ ਭਾਰਤ ਦੇ ਹਾਲਾਤ ਬਾਰੇ ਤਿਆਰ ਕਰਵਾਈਆਂ ਗਈਆਂ ਰਿਪੋਰਟਾਂ ਆ ਗਈਆਂ। ਇਹ ਉਹ ਦੋ ਅਹਿਮ ਨੁਕਤੇ ਸਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਗ਼ਦਰੀਆਂ ਨੇ ਆਪਣੀ ਵਿਉਂਤਬੰਦੀ ਵਿਚ ਮੁਲੋਂ ਤਬਦੀਲੀ ਕਰ ਦਿੱਤੀ ਅਤੇ ਗ਼ਦਰ ਮਚਾਉਣ ਦਾ ਹੋਕਾ ਦੇ ਦਿੱਤਾ। ਗ਼ਦਰੀਆਂ ਨੇ ਮਿਲ-ਬੈਠ ਕੇ ਇਹ ਸਿੱਟਾ ਕੱਢਿਆ ਕਿ ਜੰਗ ਵਿਚ ਫਸੇ ਅੰਗਰੇਜ਼ ਹੁਣ ਹੋਰ ਕਮਜ਼ੋਰ ਹੋਣਗੇ। ਇਸ ਕਮਜ਼ੋਰੀ ਦਾ ਲਾਹਾ ਲਿਆ ਜਾਣਾ ਚਾਹੀਦਾ ਹੈ। ਦੂਜੇ, ਭਾਰਤ ਦੇ ਸਿਆਸੀ ਹਾਲਾਤ ਦਾ ਜਾਇਜ਼ਾ ਲੈਣ ਲਈ ਗ਼ਦਰੀਆਂ ਨੇ ਜਿਹੜੇ ਵਫਦ ਭਾਰਤ ਭੇਜੇ ਸਨ, ਉਨ੍ਹਾਂ ਦੀਆਂ ਰਿਪੋਰਟਾਂ ਸਨ ਕਿ ਭਾਰਤੀ ਆਵਾਮ ਅੰਗਰੇਜ਼ ਖਿਲਾਫ ਹੱਲਾ ਬੋਲਣ ਲਈ ਤਿਆਰ-ਬਰ-ਤਿਆਰ ਹੈ। ਬੱਸ, ਇਕ ਹੋਕਰਾ ਮਾਰਨ ਦੀ ਹੀ ਲੋੜ ਹੈ। ਨਤੀਜੇ ਵਜੋਂ ਗ਼ਦਰੀਆਂ ਨੇ ਵਤਨ ਵੱਲ ਵਹੀਰਾਂ ਘੱਤ ਲਈਆਂ ਅਤੇ ਗ਼ਦਰ ਦੀ ਤਿਆਰੀ ਅਰੰਭ ਦਿੱਤੀ। ਇਨ੍ਹਾਂ ਗ਼ਦਰੀਆਂ ਨੇ ਅੰਗਰੇਜ਼ਾਂ ਦਾ ਤਖਤ ਕਿੰਨੀ ਬੁਰੀ ਤਰ੍ਹਾਂ ਹਿਲਾ ਦਿੱਤਾ ਸੀ, ਇਸ ਦੀ ਗਵਾਹੀ ਅੰਗਰੇਜ਼ਾਂ ਦੀਆਂ ਖੁਫੀਆ ਫਾਈਲਾਂ ਵਿਚ ਵੀ ਸਾਂਭੀ ਮਿਲਦੀ ਹੈ। 1857 ਵਿਚ ਉਠੇ ਆਪ-ਮੁਹਾਰੇ ਗ਼ਦਰ ਤੋਂ ਬਾਅਦ ਇਹ ਪਹਿਲੀ ਵਾਰ ਸੀ ਕਿ ਇੰਨੀ ਵੱਡੀ ਪੱਧਰ 'ਤੇ ਗ਼ਦਰ ਵਿਉਂਤਿਆ ਗਿਆ ਸੀ।

ਇਹ ਸਨ, ਉਹ ਹਾਲਾਤ ਜਿਨ੍ਹਾਂ ਕਰ ਕੇ ਗ਼ਦਰੀਆਂ ਨੇ ਜੋਸ਼ ਨੂੰ ਪਹਿਲ ਦਿੱਤੀ। ਗ਼ਦਰੀਆਂ ਦੇ ਮੁਢਲੇ ਦਸਤਾਵੇਜ਼ ਇਨ੍ਹਾਂ ਗੱਲਾਂ ਦੇ ਗਵਾਹ ਹਨ ਕਿ ਉਨ੍ਹਾਂ ਅੰਗਰੇਜ਼ਾਂ ਦੀ ਹਰ ਕੋਝੀ ਚਾਲ ਪਛਾੜਨ ਲਈ ਪੂਰੀ ਘੇਰਾਬੰਦੀ ਕੀਤੀ। ਇਸ ਸਿਲਸਿਲੇ ਵਿਚ ਮਾਰਚ 1913 ਨੂੰ ਪਾਸ ਕੀਤੇ ਉਹ ਮਤੇ ਅਹਿਮ ਹਨ ਜਿਨ੍ਹਾਂ ਵਿਚ ਗ਼ਦਰ ਦਾ ਆਧਾਰ ਤਿਆਰ ਕੀਤਾ ਗਿਆ। ਇਸ ਵਿਚ ਇਕ ਮਤਾ ਧਰਮ ਨਾਲ ਸਬੰਧਤ ਵੀ ਸੀ। ਇਹ ਮਤਾ ਇਸੇ ਕਰ ਕੇ ਅਹਿਮ ਸੀ ਕਿ ਅੰਗਰੇਜ਼ ਸ਼ਾਸਕਾਂ ਨੇ ਆਪਣੀਆਂ ਫੁੱਟਪਾਊ ਨੀਤੀਆਂ ਤਹਿਤ ਧਰਮ ਨੂੰ ਆਪਣੇ ਹੀ ਹਿਸਾਬ ਨਾਲ ਖੂਬ ਵਰਤਿਆ ਸੀ। ਗ਼ਦਰੀਆਂ ਨੇ ਨੁਕਤਾ ਐਨ ਸਪਸ਼ਟ ਕਰ ਦਿੱਤਾ ਕਿ ਧਰਮ ਹਰ ਕਿਸੇ ਦਾ ਆਪਣਾ ਮਾਮਲਾ ਹੈ, ਇਹ ਗ਼ਦਰ ਦੇ ਰਾਹ ਵਿਚ ਰੋੜਾ ਕਤਈ ਨਹੀਂ ਬਣਨਾ ਚਾਹੀਦਾ। ਇਹ ਗ਼ਦਰੀ ਆਪਣੇ ਇਸ ਸਿਰੜੀ ਫੈਸਲੇ ਉਤੇ ਸਾਰੀ ਉਮਰ ਕਾਇਮ ਰਹੇ ਅਤੇ ਬਾਅਦ ਵਿਚ ਵੱਖ ਵੱਖ ਗ਼ਦਰੀਆਂ ਨੇ ਵੱਖ ਵੱਖ ਕਰਮ-ਖੇਤਰਾਂ ਵਿਚ ਆਪੋ-ਆਪਣਾ ਯੋਗਦਾਨ ਪਾਇਆ, ਪਰ ਧਰਮ ਦੇ ਮਾਮਲੇ 'ਤੇ ਉਨ੍ਹਾਂ ਦਾ ਅਕੀਦਾ ਪਹਿਲੇ ਦਿਨ ਵਾਲਾ ਹੀ ਰਿਹਾ। ਅਸਲ ਵਿਚ ਗ਼ਦਰੀ ਜਿੰਨਾ ਸਮਾਂ ਵੀ ਜਿਉਂਦੇ ਰਹੇ, ਚੰਗੇਰੀ ਜ਼ਿੰਦਗੀ ਲਈ ਸਦਾ ਸੰਘਰਸ਼ ਵਿਚ ਰਹੇ। ਹਰ ਲਹਿਰ ਅਤੇ ਹਰ ਸਿਆਸੀ ਸਰਗਰਮੀ ਉਨ੍ਹਾਂ ਨਾਲ ਖਹਿ ਕੇ ਹੀ ਅਗਾਂਹ ਲੰਘ ਸਕੀ। ਉਨ੍ਹਾਂ ਦਾ ਧਰਮ ਸਿਰਫ ਸੰਘਰਸ਼ ਸੀ ਅਤੇ ਇਸ ਸੰਘਰਸ਼ ਤੋਂ ਉਹ ਰੱਤੀ ਭਰ ਵੀ ਲਾਂਭੇ ਨਾ ਹੋਏ; ਉਦੋਂ ਵੀ ਨਹੀਂ ਜਦੋਂ ਗ਼ਦਰ ਅਸਫਲ ਹੋ ਚੁੱਕਾ ਸੀ ਅਤੇ ਉਨ੍ਹਾਂ ਨੂੰ ਕਾਲੇ ਪਾਣੀਆਂ ਵਿਚ ਮੌਤ ਦੀ ਬੁੱਕਲ ਵਿਚ ਬਿਠਾ ਦਿੱਤਾ ਗਿਆ ਸੀ। ਇਹ ਗ਼ਦਰੀਆਂ ਦਾ ਸਿਰੜ ਹੀ ਸੀ ਕਿ ਉਹ ਉਥੇ ਅਤਿ ਦੇ ਔਖੇ ਹਾਲਾਤ ਵਿਚ ਵੀ ਕਾਇਮ ਰਹੇ ਅਤੇ ਵਾਪਸ ਵੀ ਆਏ। ਇਹੀ ਨਹੀਂ, ਜਦੋਂ ਅੰਗਰੇਜ਼ ਦੇਸ਼ ਛੱਡ ਕੇ ਗਏ ਅਤੇ 'ਆਪਣਾ ਰਾਜ' ਆਇਆ ਤਾਂ ਇਸ ਨੂੰ 'ਨਕਲੀ ਆਜ਼ਾਦੀ' ਆਖ ਕੇ ਨਵੇਂ ਸ਼ਾਸਕਾਂ ਖਿਲਾਫ ਵੀ ਡਟ ਗਏ। ਉਸ ਸਮੇਂ ਤੱਕ ਗ਼ਦਰੀ ਭਾਵੇਂ ਵੱਡੀ ਉਮਰ ਤੱਕ ਪਹੁੰਚ ਚੁੱਕੇ ਸਨ ਪਰ ਉਨ੍ਹਾਂ ਵਿਚ ਜੋਸ਼ ਉਹੀ ਨੌਜਵਾਨਾਂ ਵਾਲਾ ਸੀ। ਇਸ ਲਗਾਤਾਰ ਸੰਘਰਸ਼ ਕਰ ਕੇ 'ਬਾਬਾ' ਸ਼ਬਦ ਸਦਾ ਸਦਾ ਲਈ ਉਨ੍ਹਾਂ ਨਾਲ ਜੁੜ ਗਿਆ। ਉਹ ਗ਼ਦਰੀਆਂ ਤੋਂ ਸਿੱਧੇ ਗ਼ਦਰੀ ਬਾਬੇ ਹੋ ਗਏ। ਆਜ਼ਾਦੀ ਤੋਂ ਵੀਹ ਵਰ੍ਹਿਆਂ ਮਗਰੋਂ ਜਦੋਂ ਬੰਗਾਲ ਵਿਚ ਤੱਤੇ ਕਾਮਰੇਡਾਂ ਨੇ ਇਨਕਲਾਬ ਦਾ ਹੋਕਾ ਦਿੱਤਾ ਤਾਂ ਪੰਜਾਬ ਦੇ ਗ਼ਦਰੀ ਬਾਬੇ ਇਕ ਵਾਰ ਫਿਰ ਮੈਦਾਨ ਵਿਚ ਆਣ ਖਲੋਤੇ। ਇੱਦਾਂ ਦੀ ਮਿਸਾਲ ਇਤਿਹਾਸ ਵਿਚ ਬਹੁਤ ਘੱਟ ਮਿਲਦੀ ਹੈ। ਇਹ ਗ਼ਦਰੀ ਅਸਲ ਵਿਚ ਜਿਸ ਮਿੱਟੀ ਦੇ ਬਣੇ ਹੋਏ ਸਨ, ਇਹ ਉਸ ਮਿੱਟੀ ਦਾ ਹੀ ਕੋਈ ਜਲੌਅ ਹੈ। ਇਹੀ ਜਲੌਅ ਪੰਜਾਬ ਦੇ ਬਾਸ਼ਿੰਦਿਆਂ ਦੀ ਰਗ ਰਗ ਵਿਚ ਰਚਿਆ ਹੋਇਆ ਹੈ। ਇਸੇ ਕਰ ਕੇ ਜਦੋਂ ਵੀ ਕਦੀ ਭੀੜ ਪੈਂਦੀ ਹੈ ਅਤੇ ਸੰਘਰਸ਼ ਦਾ ਸੱਦਾ ਮਿਲਦਾ ਹੈ ਤਾਂ ਪੰਜਾਬੀ ਮਨੁੱਖ ਆਪਣੇ ਗ਼ਦਰੀ ਪੁਰਖਿਆਂ ਦੀ ਤਰਜ਼ 'ਤੇ ਪਿੜ ਆਣ ਮੱਲਦਾ ਹੈ। ਗ਼ਦਰ ਦਾ ਇਹ ਸਿਲਸਿਲਾ ਅਜੇ ਤੱਕ ਮੁੱਕਿਆ ਨਹੀਂ ਹੈ। ਪੰਜਾਬੀ ਮਨੁੱਖ ਦੇ ਇਸ ਸਿਰੜ ਅਤੇ ਸਿਦਕ ਨੂੰ ਸਿਜਦਾ ਹੈ ਜਿਸ ਵਿਚ ਅਨੰਤ ਗ਼ਦਰ ਕਰਨ ਦੀ ਜਾਨ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚਾਰੋਂ ਤਰਫ ਹਨੇਰਾ!

ਕਿਤਿਉਂ ਆਸ ਦੀ ਕਿਰਨ ਨਾ ਨਜ਼ਰ ਆਵੇ, ਸਾਡਾ ਦੇਸ਼ ਹਨੇਰਾ ਹੀ ਢੋ ਰਿਹਾ ਏ।
ਨਵੇਂ ਮੰਤਰੀ 'ਮੋਹਨ ਜੀ' ਥਾਪ ਕੇ ਤੇ, ਲੱਗੇ ਹੋਏ ਕਲੰਕਾਂ ਨੂੰ ਧੋ ਰਿਹਾ ਏ।
ਸਾਂਭ ਲਏ 'ਸਟੇਟ' ਸਭ ਟੱਬਰਾਂ ਨੇ, ਲੋਕ ਰਾਜ ਵਿਸ਼ਵਾਸ ਹੀ ਖੋ ਰਿਹਾ ਏ।
ਅੰਨਾ ਟੀਮ ਵੀ ਹੋਈ ਦੋਫਾੜ ਛੇਤੀ, ਚੱਕੀ ਆਪਣੀ 'ਕੇਜਰੀ' ਝੋ ਰਿਹਾ ਏ।
ਤੀਜੇ ਮੋਰਚੇ ਬਾਰੇ ਨਾ ਪਤਾ ਲੱਗੇ, ਅੰਦਰ ਖਾਤੇ ਉਹ ਬੀਜ ਕੀ ਬੋ ਰਿਹਾ ਏ।
ਭ੍ਰਿਸ਼ਟਾਚਾਰ 'ਚ ਲਿਬੜਿਆ ਹੱਥ-ਪੰਜਾ, ਫੁੱਲ ਕਮਲ ਵੀ ਖੱਝੀਆਂ ਹੋ ਰਿਹਾ ਏ!

# ਸਿੱਧਾ ਵਿਦੇਸ਼ੀ ਨਿਵੇਸ਼, ਪੁੱਠਾ ਅਸਰ

***ਅਮਰੀਕਾ ਦਾ ਤਜਰਬਾ ਹੀ ਇਨ੍ਹਾਂ ਦਲੀਲਾਂ ਨੂੰ ਗਲਤ ਸਾਬਤ ਕਰ ਦਿੰਦਾ ਹੈ। ਅਮਰੀਕਾ ਦੇ 22.6 ਫ਼ੀਸਦੀ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। 1930 'ਚ 70 ਲੱਖ ਖੇਤੀ ਫਾਰਮ ਸਨ ਜੋ 1990ਵਿਆਂ ਵਿਚ ਘਟ ਕੇ ਸਿਰਫ਼ 18 ਲੱਖ ਰਹਿ ਗਏ, ਭਾਵ 52 ਲੱਖ ਕਿਸਾਨ ਖੇਤੀ ਛੱਡ ਗਏ। ਅਮਰੀਕਾ ਵਿਚ ਸਾਲ 2008 ਵਿਚ ਪਾਸ ਕੀਤੇ ਗਏ ਫਾਰਮ ਬਿੱਲ ਵਿਚ ਖੇਤੀਬਾੜੀ ਨੂੰ ਘਾਟੇ ਵਿਚ ਜਾਣ ਕਰ ਕੇ ਅਗਲੇ ਪੰਜ ਸਾਲਾਂ 'ਚ 307 ਅਰਬ ਡਾਲਰ ਦੀ ਰਾਸ਼ੀ ਇਸ ਖੇਤਰ ਨੂੰ ਸਹਾਇਤਾ ਦੇਣ ਲਈ ਰੱਖੀ ਗਈ ਹੈ। ਜੇ ਜਥੇਬੰਦ ਪ੍ਰਚੂਨ ਵਪਾਰ ਦੀ ਨੀਤੀ ਐਨੀ ਹੀ ਫ਼ਾਇਦੇਮੰਦ ਹੈ ਤਾਂ ਐਨੀ ਵੱਡੀ ਸਹਾਇਤਾ ਦੀ ਕੀ ਲੋੜ ਸੀ? ਅਜਿਹਾ ਹੋਣ ਦੇ ਬਾਵਜੂਦ ਯੂਰਪ ਵਿਚ ਹਰ ਮਿੰਟ 'ਚ ਇੱਕ ਕਿਸਾਨ ਖੇਤੀਬਾੜੀ ਨੂੰ ਅਲਵਿਦਾ ਆਖ ਰਿਹਾ ਹੈ।***

ਜਿਉਂ ਹੀ ਪੱਛਮੀ ਮੀਡੀਆ ਨੇ ਭਾਰਤ ਵਿਚ ਆਰਥਿਕ ਸੁਧਾਰਾਂ ਦੀ ਮੱਠੀ ਚਾਲ ਨੂੰ ਮੁੱਦਾ ਬਣਾ ਕੇ ਡਾ. ਮਨਮੋਹਨ ਸਿੰਘ ਨੂੰ ਅਸਫ਼ਲ ਪ੍ਰਧਾਨ ਮੰਤਰੀ ਵਜੋਂ ਪੇਸ਼ ਕੀਤਾ, ਯੂ.ਪੀ.ਏ. ਸਰਕਾਰ ਨੇ ਇੱਕਦਮ ਕੋਲਗੇਟ ਅਤੇ ਕਈ ਹੋਰ ਘੁਟਾਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਅਤੇ ਸਾਰੀਆਂ ਹੀ ਵਿਰੋਧੀ ਪਾਰਟੀਆਂ ਦੀ ਅੰਦਰੋਂ-ਅੰਦਰੀ ਸਹਿਮਤੀ ਅਤੇ ਉੱਪਰੋਂ-ਉੱਪਰੀ ਵਿਰੋਧ ਦੀ ਨੀਤੀ ਨੂੰ ਸਮਝਦੇ ਹੋਏ ਏਅਰਲਾਈਨਾਂ 'ਚ 49 ਫ਼ੀਸਦੀ, ਊਰਜਾ ਵਪਾਰ ਦੇ ਆਦਾਨ-ਪ੍ਰਦਾਨ 'ਚ 49 ਫ਼ੀਸਦੀ, ਪੈਨਸ਼ਨ ਫੰਡ ਵਿਚ 49 ਫ਼ੀਸਦੀ, ਬ੍ਰਾਡਕਾਸਟਿੰਗ ਖੇਤਰ 'ਚ 74 ਫ਼ੀਸਦੀ ਅਤੇ ਪ੍ਰਚੂਨ ਬਜ਼ਾਰ 'ਚ 51



ਡਾ. ਸੁਖਪਾਲ ਸਿੰਘ
ਫੋਨ: +91-98760-63523

ਫ਼ੀਸਦੀ ਸਿੱਧੇ ਵਿਦੇਸ਼ੀ ਪੂੰਜੀ-ਨਿਵੇਸ਼ ਦੀ ਖੁੱਲ੍ਹ ਦੇ ਦਿੱਤੀ। ਇਨ੍ਹਾਂ ਵਿਚੋਂ ਪ੍ਰਚੂਨ ਬਾਜ਼ਾਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਮੁੱਦਾ ਸਭ ਤੋਂ ਵੱਧ ਵਿਵਾਦ ਵਿਚ ਘਿਰਿਆ। ਸਰਕਾਰ ਦੀਆਂ ਉਹੀ ਦਲੀਲਾਂ ਹਨ ਕਿ ਸਿੱਧੇ ਵਿਦੇਸ਼ੀ ਨਿਵੇਸ਼ ਨਾਲ ਦੇਸ਼ ਵਿਚ ਇੱਕ ਕਰੋੜ ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਕਿਸਾਨਾਂ ਤੇ ਖਪਤਕਾਰਾਂ ਵਿਚੋਂ ਵਿਚੋਲੀਏ ਖ਼ਤਮ ਹੋਣ ਨਾਲ ਦੋਵਾਂ ਨੂੰ ਲਾਭ ਹੋਵੇਗਾ, ਦੇਸ਼ ਦੀ ਦਰਮਿਆਨੀ ਅਤੇ ਛੋਟੀ ਸਨਅਤ ਤੋਂ 30 ਫ਼ੀਸਦੀ ਕੱਚਾ ਮਾਲ ਖਰੀਦਣ ਕਰਕੇ ਇਨ੍ਹਾਂ ਨੂੰ ਫ਼ਾਇਦਾ ਹੋਵੇਗਾ, ਦੇਸ਼ ਵਿਚ ਵੱਡੀ ਪੱਧਰ 'ਤੇ ਪੂੰਜੀ ਆਉਣ ਨਾਲ ਦੇਸ਼ ਦਾ ਵਿਕਾਸ ਹੋਵੇਗਾ, ਖਪਤਕਾਰਾਂ ਨੂੰ ਚੰਗੀ ਕੁਆਲਿਟੀ ਵਾਲਾ ਮਾਲ ਮੁਹੱਈਆ ਹੋਵੇਗਾ, ਮਹਿੰਗਾਈ ਨੂੰ ਨੱਥ ਪਵੇਗੀ, 10 ਲੱਖ ਤੋਂ ਵੱਧ ਵਸੋਂ ਵਾਲੇ 53 ਸ਼ਹਿਰਾਂ ਵਿਚ ਸਥਾਪਤ ਹੋਣ ਕਰ ਕੇ ਇਸ ਦਾ ਦੇਸ਼ ਦੇ ਵਿਆਪਕ ਪ੍ਰਚੂਨ ਵਿਕਰੇਤਾਵਾਂ 'ਤੇ ਅਸਰ ਨਹੀਂ ਹੋਵੇਗਾ। ਵਿਦੇਸ਼ੀ ਨਿਵੇਸ਼ ਦਾ 50 ਫ਼ੀਸਦੀ ਹਿੱਸਾ ਕੋਲਡ ਸਟੋਰਾਂ, ਵੇਅਰ ਹਾਊਸਾਂ, ਰੈਫਰੀਜਰੇਟਰ ਟਰੱਕਾਂ ਅਤੇ ਖੇਤੀ ਵਸਤਾਂ ਨੂੰ ਪ੍ਰੋਸੈਸਿੰਗ ਕਰਨ ਵਾਲੀ ਤਕਨੀਕ ਮੁਹੱਈਆ ਕਰਨ ਉੱਪਰ ਖਰਚ ਹੋਣ ਕਾਰਨ ਇਸ ਨਾਲ ਖੇਤੀਬਾੜੀ ਕਾਰੋਬਾਰ ਨੂੰ ਹੁੰਗਾਰਾ ਮਿਲੇਗਾ ਅਤੇ ਇਸ ਨਾਲ ਫਲ, ਸ਼ਬਜੀਆਂ ਅਤੇ ਹੋਰ ਜਲਦੀ ਨਸ਼ਟ ਹੋ ਜਾਣ ਵਾਲੀਆਂ ਖੇਤੀ ਵਸਤਾਂ ਨੂੰ ਵੀ ਬਚਾਇਆ ਜਾ ਸਕੇਗਾ।

ਦੁਨੀਆ ਦੀਆਂ ਛੇ ਕੰਪਨੀਆਂ-ਵਾਲਮਾਰਟ, ਸੈਂਸਵਰੀਜ਼, ਟੈਸਕੋ, ਅਲਈ, ਕੇਰੇਫੋਰ ਅਤੇ ਮੈਟਰੋ ਭਾਰਤ ਦੀ ਪ੍ਰਚੂਨ ਮੰਡੀ ਵਿਚ ਦਾਖ਼ਲ ਹੋਣ ਵਾਲੀਆਂ ਹਨ। ਵਾਲਮਾਰਟ ਦੁਨੀਆ ਦੀ ਤੀਜੀ ਵੱਡੀ ਬਹੁਕੌਮੀ ਕੰਪਨੀ ਹੈ ਅਤੇ ਇਸ ਨੂੰ ਪ੍ਰਾਈਵੇਟ ਸੈਕਟਰ ਦੀ ਸਭ ਤੋਂ ਵੱਧ ਰੁਜ਼ਗਾਰ ਦੇਣ ਵਾਲੀ ਕੰਪਨੀ ਕਿਹਾ ਜਾਂਦਾ ਹੈ। ਇਸ ਦੇ ਕੁੱਲ 22 ਲੱਖ ਮੁਲਾਜ਼ਮ ਹਨ ਜਿਹੜੇ 15 ਦੇਸ਼ਾਂ ਵਿਚ 8500 ਸਟੋਰਾਂ 'ਤੇ ਕੰਮ ਕਰਦੇ ਹਨ। ਇਸ ਕੰਪਨੀ ਦਾ ਕੁੱਲ ਵਪਾਰ 420 ਅਰਬ ਡਾਲਰ ਦਾ ਹੈ। ਭਾਰਤੀ ਪ੍ਰਚੂਨ ਅਤੇ ਥੋਕ ਵਪਾਰ ਲਗਪਗ 450 ਅਰਬ ਡਾਲਰ ਦਾ ਹੈ। ਇਸ ਵਿਚ ਲਗਪਗ 4.5 ਕਰੋੜ ਲੋਕ ਕੰਮ ਕਰਦੇ ਹਨ। ਪ੍ਰਚੂਨ ਵਪਾਰ ਵਿਚ ਭਾਰਤ ਅਤੇ ਵਾਲਮਾਰਟ ਦੀ ਲਗਪਗ ਬਰਾਬਰ ਪੂੰਜੀ ਲੱਗੀ ਹੋਣ ਦੇ ਬਾਵਜੂਦ ਭਾਰਤ ਵਿਚ ਵਾਲਮਾਰਟ ਨਾਲੋਂ 21 ਗੁਣਾ ਜ਼ਿਆਦਾ ਰੁਜ਼ਗਾਰ ਮਿਲਿਆ ਹੋਇਆ ਹੈ। ਸਪਸ਼ਟ ਹੈ ਕਿ ਜੇ ਇਹ ਮੰਡੀ ਵਾਲਮਾਰਟ ਦੇ ਹੱਥਾਂ ਵਿਚ ਆ ਗਈ ਤਾਂ ਭਾਰਤੀ ਬੇਰੁਜ਼ਗਾਰਾਂ ਦੀ ਗਿਣਤੀ 'ਚ ਹੋਰ ਵਾਧਾ ਹੋ ਜਾਵੇਗਾ। ਪ੍ਰਸਿੱਧ ਅਰਥਸ਼ਾਸਤਰੀ ਜਯੰਤੀ ਘੋਸ਼ ਅਨੁਸਾਰ ਵਾਲਮਾਰਟ ਦਾ ਇੱਕ ਸਟੋਰ 1400 ਛੋਟੀਆਂ ਪ੍ਰਚੂਨ ਦੁਕਾਨਾਂ ਦਾ ਕੰਮ ਖੋਹ ਲੈਂਦਾ ਹੈ ਜਿਸ ਨਾਲ 5000 ਬੰਦੇ ਬੇਰੁਜ਼ਗਾਰ ਹੋ ਜਾਂਦੇ ਹਨ। ਵਾਲਮਾਰਟ 'ਤੇ ਚੀਜ਼ਾਂ ਵੱਡੀ ਗਿਣਤੀ ਵਿਚ ਮਿਲਦੀਆਂ ਹੋਣ ਕਾਰਨ ਛੋਟੀਆਂ ਦੁਕਾਨਦਾਰੀਆਂ ਬੰਦ ਹੋ ਜਾਣਗੀਆਂ। ਵਾਲਮਾਰਟ ਦੀ ਇਸ ਨੀਤੀ ਕਰਕੇ 2005 ਵਿਚ ਆਇਵਾ (ਅਮਰੀਕਾ) ਵਿਖੇ 555 ਕਰਿਆਨਾ ਸਟੋਰ, 288 ਹਾਰਡਵੇਅਰ ਸਟੋਰ, 293 ਇਮਾਰਤ ਸਪਲਾਇਰ, 161 ਵਰਾਇਟੀ ਸਟੋਰ, 158 ਵਿਮੈਨ ਸਟੋਰ ਅਤੇ 116 ਫਾਰਮੇਸੀਆਂ ਦਾ ਕੰਮ ਬੰਦ ਹੋ ਗਿਆ। ਇੱਥੋਂ ਤਕ ਕਿ ਵਾਸ਼ਿੰਗਟਨ ਅਤੇ ਨਿਊਯਾਰਕ ਦੇ ਲੋਕਾਂ ਨੇ ਵਾਲਮਾਰਟ ਦੇ ਸਟੋਰ ਖੋਲ੍ਹਣ ਤੋਂ ਤੌਬਾ ਕੀਤੀ।

ਜਥੇਬੰਦ ਪ੍ਰਚੂਨ ਪ੍ਰਬੰਧ ਦੇ ਸਭ ਤੋਂ ਵੱਧ ਹੰਢੇ ਦੇਸ਼ ਅਮਰੀਕਾ ਅੰਦਰ ਇਹੀ ਕੰਪਨੀਆਂ ਕਈ ਦਹਾਕਿਆਂ ਤੋਂ ਸਰਗਰਮ ਹਨ। ਅਮਰੀਕਾ ਦਾ ਤਜਰਬਾ ਹੀ ਇਨ੍ਹਾਂ ਦਲੀਲਾਂ ਨੂੰ ਗਲਤ ਸਾਬਤ ਕਰ ਦਿੰਦਾ ਹੈ। ਅਮਰੀਕਾ ਦੇ 22.6 ਫ਼ੀਸਦੀ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। 1930 'ਚ 70 ਲੱਖ ਖੇਤੀ ਫਾਰਮ ਸਨ ਜੋ 1990ਵਿਆਂ ਵਿਚ ਘਟ ਕੇ ਸਿਰਫ਼ 18 ਲੱਖ ਰਹਿ ਗਏ, ਭਾਵ 52 ਲੱਖ ਕਿਸਾਨ ਖੇਤੀ ਛੱਡ ਗਏ। ਅਮਰੀਕਾ ਵਿਚ ਸਾਲ 2008 ਵਿਚ ਪਾਸ ਕੀਤੇ ਗਏ ਫਾਰਮ ਬਿੱਲ ਵਿਚ ਖੇਤੀਬਾੜੀ ਨੂੰ ਘਾਟੇ ਵਿਚ ਜਾਣ ਕਰ ਕੇ ਅਗਲੇ ਪੰਜ ਸਾਲਾਂ 'ਚ 307 ਅਰਬ ਡਾਲਰ ਦੀ ਰਾਸ਼ੀ ਇਸ ਖੇਤਰ ਨੂੰ ਸਹਾਇਤਾ ਦੇਣ ਲਈ ਰੱਖੀ ਗਈ ਹੈ। ਜੇ ਜਥੇਬੰਦ ਪ੍ਰਚੂਨ ਵਪਾਰ ਦੀ ਨੀਤੀ ਐਨੀ ਹੀ ਫ਼ਾਇਦੇਮੰਦ ਹੈ ਤਾਂ ਐਨੀ ਵੱਡੀ ਸਹਾਇਤਾ ਦੀ ਕੀ ਲੋੜ ਸੀ? ਅਜਿਹਾ ਹੋਣ ਦੇ ਬਾਵਜੂਦ ਯੂਰਪ ਵਿਚ ਹਰ ਮਿੰਟ 'ਚ ਇੱਕ ਕਿਸਾਨ ਖੇਤੀਬਾੜੀ ਨੂੰ ਅਲਵਿਦਾ ਆਖ ਰਿਹਾ ਹੈ।

ਜਿੱਥੋਂ ਤਕ ਵਿਦੇਸ਼ੀ ਨਿਵੇਸ਼ ਰਾਹੀਂ ਭਾਰਤ ਅੰਦਰ ਪਰਚੂਨ ਲਈ ਸਹਾਇਕ ਢਾਂਚੇ ਵਿਚ 50 ਫ਼ੀਸਦੀ ਖਰਚ ਕੇ ਕੋਲਡ ਸਟੋਰ ਖੋਲ੍ਹਣ, ਪ੍ਰੋਸੈਸਿੰਗ ਅਤੇ ਕਿਸਾਨਾਂ ਨੂੰ ਉੱਚ ਤਕਨੀਕ ਮੁਹੱਈਆ ਕਰਨ ਦਾ ਸੁਆਲ ਹੈ, ਇਹ ਕੰਪਨੀਆਂ ਆਪਣੇ ਸ਼ੋਅਰੂਮ ਬਣਾਉਣ ਸਮੇਤ ਸਾਰੇ ਖਰਚ ਬੈਕ ਇੰਡ ਇਫਰਾਸਟਰਕਚਰ ਵਿਚ ਹੀ ਗਿਣਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਕੰਪਨੀਆਂ ਦਾ ਵਿਸ਼ਵ-ਵਿਆਪੀ ਤਾਣਾ-ਬਾਣਾ ਹੋਣ ਕਰ ਕੇ ਇਨ੍ਹਾਂ ਨੂੰ ਇਸ ਨਿਵੇਸ਼ ਦੀ ਲੋੜ ਨਹੀਂ। ਇਨ੍ਹਾਂ ਨੂੰ ਇੱਕ ਵਾਰ ਭਾਰਤ ਅੰਦਰ ਕਾਨੂੰਨੀ ਖੁੱਲ੍ਹ ਮਿਲਣ ਤੋਂ ਬਾਅਦ ਇਹ ਭਾਰਤ ਸਰਕਾਰ ਉੱਪਰ ਇਹ ਮਦਾਂ ਹਟਾਉਣ ਲਈ ਦਬਾਅ ਪਾਉਣਗੀਆਂ। ਇਸੇ ਕਰ ਕੇ ਇਨ੍ਹਾਂ ਨੇ 18 ਮਹੀਨੇ ਤੱਕ ਭਾਰਤ ਆਉਣ ਦਾ ਸਮਾਂ ਰੱਖਿਆ ਹੈ। ਸਰਕਾਰ ਜਲਦੀ ਹੀ ਇਹ ਮਦਾਂ ਵਾਪਸ ਲੈ ਲਵੇਗੀ। ਇਹ ਗੱਲ ਸਿੰਗਲ ਬਰਾਂਡ ਥੋਕ ਫਰਨੀਚਰ ਕੰਪਨੀ ਆਇਕੀਆ ਦੇ ਕੇਸ ਵਿਚੋਂ ਹੀ ਸਾਫ਼ ਹੋ ਜਾਂਦੀ ਹੈ।

ਭਾਰਤ ਸਰਕਾਰ ਨੇ ਇਸ ਕੰਪਨੀ ਨੂੰ ਮਨਜ਼ੂਰੀ ਦੇਣ ਸਮੇਂ ਇਸ ਵੱਲੋਂ 30 ਫ਼ੀਸਦੀ ਮਾਲ ਮਾਈਕਰੋ ਅਤੇ ਛੋਟੀਆਂ ਸਨਅਤਾਂ ਤੋਂ ਖਰੀਦਣ ਦੀ ਸ਼ਰਤ ਰੱਖੀ ਸੀ ਪਰ ਜਦੋਂ ਇਸ ਕੰਪਨੀ ਨੇ ਸਰਕਾਰ ਉੱਪਰ ਦਬਾਅ ਪਾਇਆ ਤਾਂ ਸਰਕਾਰ ਨੇ ਇਹ ਮਦ ਵਾਪਸ ਲੈ ਲਈ। ਇਹ ਕੰਪਨੀਆਂ ਕਦੇ ਵੀ ਭਾਰਤ ਅੰਦਰ ਸਹਾਇਕ ਢਾਂਚਾ ਨਹੀਂ ਉਸਾਰਨਗੀਆਂ ਕਿਉਂਕਿ ਇਨ੍ਹਾਂ ਕੰਪਨੀਆਂ ਦਾ ਭਾਰਤ ਵਿਚ ਆਉਣ ਦਾ ਮੰਤਵ ਹੀ ਚੀਨ ਜਾਂ ਅਮਰੀਕਾ ਵਰਗੇ ਦੇਸ਼ਾਂ ਤੋਂ ਮਾਲ ਚੁੱਕ ਕੇ ਭਾਰਤ ਵਿਚ ਵੇਚਣਾ ਹੈ ਜਿਸ ਦਾ ਨੁਕਸਾਨ ਇੱਥੋਂ ਦੀ ਸਨਅਤ ਅਤੇ ਖੇਤੀਬਾੜੀ ਨੂੰ ਹੋਣਾ ਹੈ।

ਸਰਕਾਰ ਕੋਲ ਵਿਦੇਸ਼ੀ ਨਿਵੇਸ਼ ਪਿੱਛੇ ਪੂੰਜੀ ਦੀ ਘਾਟ ਵਾਲੀ ਦਲੀਲ ਵੀ ਤਰਕਹੀਣ ਹੈ ਕਿਉਂਕਿ ਇਸੇ ਸਰਕਾਰ ਨੇ ਪਿਛਲੇ ਤਿੰਨ ਸਾਲਾਂ 'ਚ ਕਾਰਪੋਰੇਟ ਜਗਤ ਨੂੰ ਟੈਕਸਾਂ ਦੇ ਰੂਪ 'ਚ 2 ਲੱਖ ਕਰੋੜ ਤੋਂ ਵੀ ਜ਼ਿਆਦਾ ਛੋਟ ਦਿੱਤੀ ਹੈ ਜੋ ਕਿ ਕੋਲਾ ਘੁਟਾਲੇ ਤੋਂ ਵੀ ਵੱਡੀ ਰਕਮ ਹੈ। ਇਸੇ ਤਰ੍ਹਾਂ ਐਕਸਾਈਜ਼ ਕਰ 'ਚ 4.23 ਲੱਖ ਕਰੋੜ ਅਤੇ ਕਸਟਮ ਡਿਊਟੀ 'ਚ 6.22 ਲੱਖ ਕਰੋੜ ਦੀ ਛੋਟ ਦਿੱਤੀ ਗਈ ਹੈ। ਕੇਂਦਰ ਸਰਕਾਰ ਨੇ ਪ੍ਰਚੂਨ ਕਾਰੋਬਾਰ 'ਚ ਖੁੱਲ੍ਹ ਦੇਣ ਦਾ ਆਖ਼ਰੀ ਫ਼ੈਸਲਾ ਲੈਣ ਦਾ ਸਵਾਲ ਸੂਬਾ ਸਰਕਾਰਾਂ 'ਤੇ ਛੱਡ ਦਿੱਤਾ ਹੈ ਪਰ ਕੌਮਾਂਤਰੀ ਵਪਾਰਕ ਕਾਇਦੇ-ਕਾਨੂੰਨਾਂ ਅਨੁਸਾਰ ਮੈਂਬਰ ਦੇਸ਼ਾਂ ਤੋਂ ਹਰ ਥਾਂ ਇੱਕੋ ਜਿਹੇ ਸਲੂਕ ਦੀ ਮੰਗ ਕੀਤੀ ਜਾਂਦੀ ਹੈ। ਭਾਰਤ ਨੇ ਦੁਵੱਲੇ ਪੂੰਜੀ ਨਿਵੇਸ਼ ਦੀ ਤਰੱਕੀ ਅਤੇ ਸੁਰੱਖਿਆ ਸਮਝੌਤੇ ਤਹਿਤ ਪਹਿਲਾਂ ਹੀ 70 ਤੋਂ ਵੱਧ ਦੇਸ਼ਾਂ ਨਾਲ ਅਜਿਹੇ ਇਕਰਾਰਨਾਮੇ ਕੀਤੇ ਹੋਏ ਹਨ ਜਿਨ੍ਹਾਂ ਤਹਿਤ ਇਹ ਉਨ੍ਹਾਂ ਨਾਲ ਇਕਸਾਰ ਕੌਮੀ ਸਲੂਕ ਕਰਨ ਲਈ ਪਾਬੰਦ ਹੈ। ਦਸਤਖ਼ਤ ਕਰਨ ਤੋਂ ਬਾਅਦ ਸੂਬਾ ਸਰਕਾਰਾਂ ਤਾਂ ਕੀ ਕੇਂਦਰ ਸਰਕਾਰ ਦੇ ਵੀ ਹੱਥ ਵੱਸ ਕੁਝ ਨਹੀਂ ਰਹਿੰਦਾ।

ਅਗਲੀ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਸਿੱਧੇ ਵਿਦੇਸ਼ੀ ਨਿਵੇਸ਼ ਨਾਲ ਵਿਚੋਲੇ ਖ਼ਤਮ ਹੋ ਜਾਣਗੇ ਜਿਸ ਕਾਰਨ ਉਤਪਾਦਕ ਅਤੇ ਖਪਤਕਾਰ ਦੋਵਾਂ ਨੂੰ ਫ਼ਾਇਦਾ ਹੋ ਜਾਵੇਗਾ। ਇਹ ਦਲੀਲ ਵੀ ਗਲਤ ਹੈ ਕਿਉਂਕਿ ਵਿਚੋਲੇ ਖ਼ਤਮ ਹੋਣ ਦਾ ਫ਼ਾਇਦਾ ਨਾ ਉਤਪਾਦਕਾਂ ਨੂੰ ਹੋਣਾ ਹੈ ਅਤੇ ਨਾ ਹੀ ਖਪਤਕਾਰਾਂ ਨੂੰ ਸਗੋਂ ਵਿਚੋਲਿਆਂ ਵਾਲਾ ਹਿੱਸਾ ਵੀ ਖ਼ੁਦ ਇਹ ਕੰਪਨੀਆਂ ਹੀ ਲੈ ਜਾਣਗੀਆਂ ਅਤੇ ਪ੍ਰਚੂਨ ਵਪਾਰ 'ਤੇ ਵੱਡੀਆਂ ਕੰਪਨੀਆਂ ਦੀ ਇਜਾਰੇਦਾਰੀ ਹੋਣ ਕਰ ਕੇ ਖਪਤਕਾਰਾਂ ਨੂੰ ਮਾਲ ਮਹਿੰਗਾ ਹੀ ਮਿਲੇਗਾ। ਅਨਾਜ ਦੇ ਖ਼ਰਾਬ ਹੋਣ ਵਾਲੀ ਗੱਲ ਵਾਲੀ ਵੀ ਵਾਜਬ ਨਹੀਂ ਕਿਉਂਕਿ ਭਾਰਤ ਦੇ ਅਨਾਜ ਭੰਡਾਰਾਂ ਵਿਚ ਪਿਛਲੇ 11 ਸਾਲਾਂ ਵਿਚ ਸਿਰਫ਼ 0.6 ਫ਼ੀਸਦੀ ਖ਼ਰਾਬੀ ਹੀ ਹੋਈ ਹੈ। ਫਲ ਅਤੇ ਸਬਜ਼ੀਆਂ ਦੀ ਖ਼ਰਾਬੀ ਨਹੀਂ ਹੁੰਦੀ ਸਗੋਂ ਇਨ੍ਹਾਂ ਦੇ ਮੁੱਲ ਵਿਚ ਕਮੀ ਆਉਂਦੀ ਹੈ। ਕੰਪਨੀਆਂ ਦੇ ਆਉਣ ਨਾਲ ਖ਼ਰਾਬੀ ਘਟਣ ਦੀ ਥਾਂ ਵਧਣ ਦੀਆਂ ਸੰਭਾਵਨਾਵਾਂ ਹਨ।

ਜਥੇਬੰਦ ਪ੍ਰਚੂਨ ਖੇਤਰ ਦੀਆਂ ਇਨ੍ਹਾਂ ਕੰਪਨੀਆਂ ਦੀਆਂ ਕਾਮਿਆਂ ਵਿਰੋਧੀ ਨੀਤੀਆਂ ਦਾ ਖੁਲਾਸਾ ਅਮਰੀਕਨ ਪਾਰਲੀਮੈਂਟ ਦੀ 2004 ਦੀ ਰਿਪੋਰਟ ਵਿਚੋਂ ਹੁੰਦਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਵਾਲਮਾਰਟ ਦੀ ਸਫ਼ਲਤਾ ਦਾ ਸਿੱਧਾ ਨੁਕਸਾਨ ਮਜ਼ਦੂਰਾਂ ਦੀ ਦਿਹਾੜੀ ਅਤੇ ਸਹੂਲਤਾਂ ਨੂੰ ਹੋਇਆ ਹੈ। ਇਸ ਨਾਲ ਕਾਮਿਆਂ ਦੇ ਅਧਿਕਾਰਾਂ 'ਤੇ ਮਾੜਾ ਅਸਰ ਪਿਆ ਹੈ। ਅਪ੍ਰੈਲ 2012 ਵਿਚ 'ਨਿਊਯਾਰਕ ਟਾਈਮਜ਼' ਨੇ ਵੱਡਾ ਸਕੈਂਡਲ ਬੇਨਕਾਬ ਕੀਤਾ ਜਿਸ ਵਿਚ ਵਾਲਮਾਰਟ ਨੇ ਮੈਕਸੀਕੋ ਵਿਚ ਉਸਾਰੀ ਦੇ ਪਰਮਿਟ ਲੈਣ ਲਈ ਕਾਫ਼ੀ ਰਕਮ ਵੱਢੀ ਵਜੋਂ ਦਿੱਤੀ ਸੀ। ਮਈ 2012 ਵਿਚ ਵਾਲਮਾਰਟ ਦੀ ਫੈਕਟਰੀ ਵਿਚ ਬੰਧੂਆਂ ਮਜ਼ਦੂਰਾਂ ਖ਼ਿਲਾਫ਼ ਕੰਬੋਡੀਆ ਅਤੇ ਮਿਆਂਮਾਰ ਵਿਚ 2000 ਵਰਕਰਾਂ ਨੇ ਮੁਜ਼ਾਹਰੇ ਕੀਤੇ। ਇੱਥੋਂ ਤਕ ਕਿ ਵਾਲਮਾਰਟ ਦੇ ਸਟੋਰਾਂ 'ਤੇ ਮਨੁੱਖੀ ਤਸਕਰੀ ਦੇ ਕੇਸ ਦੀਆਂ ਰਿਪੋਰਟਾਂ ਵੀ ਮਿਲੀਆਂ ਜਿਨ੍ਹਾਂ ਵਿਚ ਵਾਲਮਾਰਟ ਦੇ ਸਟੋਰਾਂ 'ਤੇ ਬੱਚਿਆਂ ਨੂੰ ਕੰਮ ਕਰਨ ਲਈ ਵੇਚਿਆ ਜਾਂਦਾ ਸੀ।

ਇੱਕ ਅਨੁਮਾਨ ਅਨੁਸਾਰ ਦੁਨੀਆ ਭਰ ਵਿਚ ਵਾਲਮਾਰਟ ਕੰਪਨੀ ਖ਼ਿਲਾਫ਼ ਰੋਜ਼ਾਨਾ 15 ਤੋਂ ਵੱਧ ਕੇਸ ਦਰਜ ਹੁੰਦੇ ਹਨ। ਸੋ, ਭਾਰਤੀ ਪ੍ਰਚੂਨ ਵਪਾਰ ਵਿਚ ਵਿਦੇਸ਼ੀ ਨਿਵੇਸ਼ ਦਾ ਨਾ ਤਾਂ ਭਾਰਤ ਦੇ ਖਪਤਕਾਰਾਂ ਨੂੰ ਕੋਈ ਫ਼ਾਇਦਾ ਹੋਣਾ ਹੈ ਅਤੇ ਨਾ ਹੀ ਛੋਟੇ ਸਨਅਤਕਾਰਾਂ ਅਤੇ ਕਿਸਾਨਾਂ ਨੂੰ, ਸਗੋਂ ਵਿਦੇਸ਼ੀ ਕੰਪਨੀਆਂ ਇੱਥੋਂ ਸੁਪਰ ਮੁਨਾਫ਼ੇ ਕਮਾ ਕੇ ਆਪਣੇ ਦੇਸ਼ਾਂ ਨੂੰ ਭੇਜਣਗੀਆਂ ਜਿਸ ਨਾਲ ਭਾਰਤ ਵਿਚੋਂ ਪੈਦਾ ਹੋਣ ਵਾਲੀ ਪੂੰਜੀ ਦਾ ਵਿਦੇਸ਼ਾਂ ਨੂੰ ਨਿਕਾਸ ਹੋਵੇਗਾ।

# ਫੌਜੀ ਬੂਟਾਂ ਖਿਲਾਫ ਜੱਦੋਜਹਿਦ ਅਤੇ ਬੋਲੇ ਹਾਕਮ

## ਇਰੋਮ ਸ਼ਰਮੀਲਾ ਦਾ ਮਰਨ ਵਰਤ 13ਵੇਂ ਵਰ੍ਹੇ 'ਚ ਦਾਖ਼ਲ

***ਇਰੋਮ ਸ਼ਰਮੀਲਾ ਦੀ ਲੜਾਈ ਬਿਲਕੁਲ ਵੱਖਰੇ ਸਰੋਕਾਰਾਂ ਅਤੇ ਹਿੱਤਾਂ ਦੀ ਲੜਾਈ ਹੈ। ਸਤਹੀ ਤੌਰ 'ਤੇ ਦੇਖਿਆਂ ਉਸ ਦੀ ਜੱਦੋਜਹਿਦ ਮਨੀਪੁਰ ਅੰਦਰ ਅਫਸਪਾ ਦੀਆਂ ਬੇਥਾਹ ਜਾਬਰ ਤਾਕਤਾਂ ਨਾਲ ਲੈਸ ਭਾਰਤੀ ਫ਼ੌਜ ਦੇ ਜ਼ੁਲਮਾਂ ਨੂੰ ਖ਼ਤਮ ਕਰਾਉਣਾ ਜਾਪਦੀ ਹੈ, ਪਰ ਅਸਲ ਵਿਚ ਇਹ ਲੜਾਈ ਇਸ ਸਮੁੱਚੇ ਖਿੱਤੇ 'ਚ ਵਸਦੀਆਂ ਦੱਬੀਆਂ-ਕੁਚਲੀਆਂ ਕੌਮੀਅਤਾਂ ਦੀ ਵਡੇਰੀ ਜਮਹੂਰੀ ਜੱਦੋਜਹਿਦ ਦਾ ਹਿੱਸਾ ਹੈ; ਜੋ ਦੁਨੀਆ ਭਰ 'ਚ ਪ੍ਰਵਾਨਤ ਸਵੈ-ਨਿਰਣੇ ਦੇ ਹੱਕ (ਸਮੇਤ ਵੱਖਰੇ ਹੋਣ ਦੇ) ਲਈ ਜੱਦੋਜਹਿਦ ਹੈ। ਉਨ੍ਹਾਂ ਕੁਲ ਕੌਮੀਅਤਾਂ ਦੀ ਜੱਦੋਜਹਿਦ ਜੋ ਇਸ ਖਿੱਤੇ ਨੂੰ ਅੰਗਰੇਜ਼ ਬਸਤੀਵਾਦੀਆਂ ਵਲੋਂ ਗ਼ੁਲਾਮ ਬਣਾ ਲੈਣ ਤੋਂ ਪਹਿਲਾਂ ਕਦੇ ਵੀ 'ਅਖੰਡ ਭਾਰਤ' ਦਾ ਹਿੱਸਾ ਨਹੀਂ ਰਹੀਆਂ। ਇਨ੍ਹਾਂ ਕੌਮੀਅਤਾਂ ਨੂੰ 1947 ਵਿਚ ਸੱਤਾ ਦੇ ਤਬਾਦਲੇ ਉਪਰੰਤ ਇਕਤਰਫ਼ਾ ਤੌਰ 'ਤੇ ਭਾਰਤ ਦਾ ਹਿੱਸਾ ਐਲਾਨ ਦਿੱਤਾ ਗਿਆ; ਬਿਨਾ ਕੋਈ ਜਮਹੂਰੀ ਅਮਲ ਅਪਣਾਏ, ਬਿਨਾ ਕੋਈ ਰਾਇ-ਸ਼ੁਮਾਰੀ ਕਰਵਾਏ ਅਤੇ ਬਿਨਾ ਉਨ੍ਹਾਂ ਦੀ ਰਜ਼ਾਮੰਦੀ ਲਏ। ਮਨੀਪੁਰੀ ਲੋਕ ਉਨ੍ਹਾਂ ਕੌਮੀਅਤਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਅੱਜ ਤੱਕ ਇਸ ਹੋਣੀ ਨੂੰ ਪ੍ਰਵਾਨ ਨਹੀਂ ਕੀਤਾ। ਕਸ਼ਮੀਰ ਤੇ ਉੱਤਰ-ਪੂਰਬ ਦੀਆਂ ਹੋਰ ਕੌਮੀਅਤਾਂ ਵਾਂਗ ਉਨ੍ਹਾਂ ਨੂੰ ਵੀ ਫ਼ੌਜੀ ਤਾਕਤ ਦੇ ਜ਼ੋਰ ਭਾਰਤ ਦਾ ਹਿੱਸਾ ਬਣਾ ਕੇ ਰੱਖਿਆ ਜਾ ਰਿਹਾ ਹੈ। ਸਾਢੇ ਛੇ ਦਹਾਕਿਆਂ 'ਚ ਭਾਰਤੀ ਹੁਕਮਰਾਨਾਂ ਨੇ ਇਕ ਵੀ ਕਦਮ ਅਜਿਹਾ ਨਹੀਂ ਚੁੱਕਿਆ ਜਿਸ ਦੀ ਫ਼ਿਤਰਤ ਜਮਹੂਰੀ ਹੋਵੇ; ਜਿਸ ਵਿਚੋਂ ਕੌਮੀਅਤਾਂ ਦੀਆਂ ਭਾਵਨਾਵਾਂ ਤੇ ਰੀਝਾਂ ਦੇ ਸਤਿਕਾਰ ਦਾ ਹਾਂ-ਪੱਖੀ ਵਤੀਰਾ ਝਲਕਦਾ ਹੋਵੇ।***

ਸਾਲ 2012 ਦੀ 2 ਨਵੰਬਰ ਨੂੰ 'ਫ਼ੌਲਾਦੀ ਔਰਤ' (ਆਇਰਨ ਲੇਡੀ) ਨੂੰ ਮਰਨ ਵਰਤ 'ਤੇ ਬੈਠਿਆਂ ਬਾਰਾਂ ਵਰ੍ਹੇ ਪੂਰੇ ਹੋ ਗਏ। ਉਸ ਦੀ ਜ਼ਿੰਦਗੀ ਮਨੀਪੁਰ ਦੇ ਸਰਕਾਰੀ ਹਸਪਤਾਲ ਵਿਚ ਨੱਕ ਵਿਚ ਲਾਈਆਂ ਨਾਲੀਆਂ ਰਾਹੀਂ ਧੱਕੇ ਨਾਲ ਦਿੱਤੇ ਜਾ ਰਹੇ ਖਾਣੇ ਸਹਾਰੇ ਧੜਕ ਰਹੀ ਹੈ। ਇਹ 'ਫ਼ੌਲਾਦੀ ਔਰਤ' ਮਨੀਪੁਰ ਦੀ ਬਹਾਦਰ ਧੀ ਇਰੋਮ ਸ਼ਰਮੀਲਾ ਚਾਨੂ ਹੈ ਜੋ ਆਪਣੀ ਸਰਜ਼ਮੀਨ ਤੋਂ ਜ਼ਾਲਮ ਕਾਨੂੰਨ ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਦਾ ਮਨਹੂਸ ਸਾਇਆ

ਬੂਟਾ ਸਿੰਘ
ਫ਼ੋਨ: +9194634-74342

ਖ਼ਤਮ ਕਰਨ ਦੀ ਮੰਗ ਨੂੰ ਲੈ ਕੇ 2 ਨਵੰਬਰ 2000 ਤੋਂ ਲਗਾਤਾਰ ਜਾਨ-ਹੂਲਵੀਂ ਲੜਾਈ ਲੜ ਰਹੀ ਹੈ। ਉਸ ਦੀ ਜਾਨ ਨਿਸੱਤੀ ਹੋ ਚੁੱਕੀ ਹੈ, ਇਸ ਦੇ ਬਾਵਜੂਦ ਇਰੋਮ ਦਾ ਫੌਲਾਦੀ ਇਰਾਦਾ, ਸਿਰੜ ਅਤੇ ਹੌਸਲਾ ਚਟਾਨ ਵਾਂਗ ਅਡੋਲ ਹੈ। ਕਿਹਾ ਜਾਂਦਾ ਹੈ ਕਿ 'ਬਾਰਾਂ ਵਰ੍ਹੇ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ', ਪਰ ਉਸ ਦੀ ਸਿਰੜੀ ਜੱਦੋਜਹਿਦ ਦਾ ਬਾਰਾਂ ਵਰ੍ਹੇ ਪਿੱਛੋਂ ਵੀ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਪੱਥਰ ਦਿਲ ਨਿਜ਼ਾਮ ਉੱਪਰ ਕੋਈ ਅਸਰ ਨਹੀਂ ਹੋ ਰਿਹਾ। ਹਥਿਆਰਬੰਦ ਲੜਾਈ ਲੜਨ ਵਾਲਿਆਂ ਨਾਲ ਗੱਲਬਾਤ ਲਈ ਤਾਂ ਇਹ ਹੁਕਮਰਾਨ 'ਪਹਿਲਾਂ ਹਥਿਆਰ ਸੁੱਟ ਕੇ ਮੁੱਖਧਾਰਾ ਵਿਚ ਸ਼ਾਮਲ ਹੋਵੋ' ਦੀ ਪੂਰਵ-ਸ਼ਰਤ ਲਾ ਦਿੰਦੇ ਹਨ, ਪਰ ਇਰੋਮ ਦੀ ਜੱਦੋਜਹਿਦ ਤਾਂ ਹੈ ਹੀ ਸ਼ਾਂਤਮਈ! ਫਿਰ ਉਸ ਨਾਲ ਗੱਲਬਾਤ ਦੇ ਦਰਵਾਜ਼ੇ ਬੰਦ ਕਿਉਂ? ਰਾਜਧਾਨੀ ਵਿਚ 'ਰਾਸ਼ਟਰ ਪਿਤਾ' ਦੀ ਸਮਾਧੀ (ਰਾਜਘਾਟ) 'ਤੇ ਰੋਸ ਵਿਖਾਵਾ, ਪ੍ਰਧਾਨ ਮੰਤਰੀ ਨੂੰ ਚਿੱਠੀਆਂ, ਅੰਨਾ ਹਜ਼ਾਰੇ ਨੂੰ ਅਪੀਲਾਂ, ਲਗਾਤਾਰ ਮਰਨ ਵਰਤ, ਗੱਲ ਕੀ ਉਹ ਹਰ ਢੰਗ ਨਾਲ ਆਪਣੀ ਮੰਗ ਉਠਾਉਂਦੀ ਰਹੀ ਹੈ। ਹੁਕਮਰਾਨਾਂ ਨੇ ਉਸ ਦੀ ਮੰਗ ਨੂੰ ਵਿਚਾਰਨ ਦੀ ਲੋੜ ਵੀ ਕਦੇ ਨਹੀਂ ਸਮਝੀ। ਮੁਲਕ ਦਾ ਮੱਧ ਵਰਗ ਜੋ ਰਾਮ ਲੀਲ੍ਹਾ ਮੈਦਾਨ 'ਚ ਅੰਨਾ ਹਜ਼ਾਰੇ, ਅਰਵਿੰਦ ਕੇਜਰੀਵਾਲ ਜਾਂ ਰਾਮਦੇਵ ਵੱਲੋਂ ਮਰਨ ਵਰਤ ਰੱਖਣ 'ਤੇ ਸੜਕਾਂ ਜਾਮ ਕਰ ਦਿੰਦਾ ਹੈ, ਇਰੋਮ ਦੇ ਸੰਘਰਸ਼ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰ ਰਿਹਾ ਹੈ, ਦੱਬੇ-ਕੁਚਲੇ ਲੋਕਾਂ ਦੇ ਹੋਰ ਬੇਸ਼ੁਮਾਰ ਸੰਘਰਸ਼ਾਂ ਵਾਂਗ। ਅੰਨਾ ਹਜ਼ਾਰੇ ਤੇ ਕੇਜਰੀਵਾਲ ਦੀਆਂ 'ਟੀਮਾਂ' ਅਤੇ ਇਨ੍ਹਾਂ ਦੀ ਆਵਾਜ਼ ਮੁਲਕ ਦੇ ਘਰ ਘਰ ਪਹੁੰਚਾਉਣ ਵਾਲਾ 'ਮੁੱਖਧਾਰਾ' ਮੀਡੀਆ ਵੀ ਇਸ ਸੰਘਰਸ਼ ਬਾਰੇ ਕਦੇ ਮੂੰਹ ਨਹੀਂ ਖੋਲ੍ਹਦਾ, ਇਰੋਮ ਵਲੋਂ ਉਠਾਏ ਮੁੱਦੇ ਦੀ ਹਮਾਇਤ ਕਰਨ ਦੀ ਤਾਂ ਗੱਲ ਹੀ ਛੱਡੋ। ਵਜ੍ਹਾ ਸਪਸ਼ਟ ਹੈ: ਅਫਸਪਾ ਵਰਗੇ ਤਮਾਮ ਜ਼ਾਲਮ ਕਾਨੂੰਨਾਂ ਦਾ ਸੰਤਾਪ ਭੋਗ ਰਹੇ ਲੋਕ ਇਨ੍ਹਾਂ ਲਈ ਕੋਈ ਮਾਅਨੇ ਨਹੀਂ ਰੱਖਦੇ। ਸਿਵਲ ਸੁਸਾਇਟੀ ਹੋਣ ਦੇ ਦਾਅਵੇਦਾਰ ਇਹ ਕੁਲੀਨ ਲੋਕ 'ਮੁੱਖ ਧਾਰਾ' ਦੇ ਸਰੋਕਾਰਾਂ ਅਤੇ ਮੁਲਕ ਦੀ 'ਏਕਤਾ-ਅਖੰਡਤਾ' ਦਾ ਰਾਗ ਅਲਾਪ ਕੇ ਹੀ ਸੰਤੁਸ਼ਟ ਹਨ ਜਾਂ ਫਿਰ ਕਾਰਪੋਰੇਟ ਸਰਮਾਏਦਾਰੀ ਦੇ ਅਸਲ ਭ੍ਰਿਸ਼ਟਾਚਾਰ 'ਤੇ ਪਰਦਾਪੋਸ਼ੀ ਕਰਨ ਲਈ ਮਹਿਜ਼ ਸਿਆਸੀ ਕੋੜਮੇ ਦੇ ਭ੍ਰਿਸ਼ਟਾਚਾਰ ਦਾ ਹੋ-ਹੱਲਾ ਮਚਾ ਕੇ।

ਇਰੋਮ ਸ਼ਰਮੀਲਾ ਦੀ ਲੜਾਈ ਬਿਲਕੁਲ ਵੱਖਰੇ ਸਰੋਕਾਰਾਂ ਅਤੇ ਹਿੱਤਾਂ ਦੀ ਲੜਾਈ ਹੈ। ਸਤਹੀ ਤੌਰ 'ਤੇ ਦੇਖਿਆਂ ਉਸ ਦੀ ਜੱਦੋਜਹਿਦ ਮਨੀਪੁਰ ਅੰਦਰ ਅਫਸਪਾ ਦੀਆਂ ਬੇਥਾਹ ਜਾਬਰ ਤਾਕਤਾਂ ਨਾਲ ਲੈਸ ਭਾਰਤੀ ਫ਼ੌਜ ਦੇ ਜ਼ੁਲਮਾਂ ਨੂੰ ਖ਼ਤਮ ਕਰਾਉਣਾ ਜਾਪਦੀ ਹੈ, ਪਰ ਅਸਲ ਵਿਚ ਇਹ ਲੜਾਈ ਇਸ ਸਮੁੱਚੇ ਖਿੱਤੇ 'ਚ ਵਸਦੀਆਂ ਦੱਬੀਆਂ-ਕੁਚਲੀਆਂ ਕੌਮੀਅਤਾਂ ਦੀ ਵਡੇਰੀ ਜਮਹੂਰੀ ਜੱਦੋਜਹਿਦ ਦਾ ਹਿੱਸਾ ਹੈ; ਜੋ ਦੁਨੀਆ ਭਰ 'ਚ ਪ੍ਰਵਾਨਤ ਸਵੈ-ਨਿਰਣੇ ਦੇ ਹੱਕ (ਸਮੇਤ ਵੱਖਰੇ ਹੋਣ ਦੇ) ਲਈ ਜੱਦੋਜਹਿਦ ਹੈ। ਉਨ੍ਹਾਂ ਕੁਲ ਕੌਮੀਅਤਾਂ ਦੀ ਜੱਦੋਜਹਿਦ ਜੋ ਇਸ ਖਿੱਤੇ ਨੂੰ ਅੰਗਰੇਜ਼ ਬਸਤੀਵਾਦੀਆਂ ਵਲੋਂ ਗ਼ੁਲਾਮ ਬਣਾ ਲੈਣ ਤੋਂ ਪਹਿਲਾਂ ਕਦੇ ਵੀ 'ਅਖੰਡ ਭਾਰਤ' ਦਾ ਹਿੱਸਾ ਨਹੀਂ ਰਹੀਆਂ। ਇਨ੍ਹਾਂ ਕੌਮੀਅਤਾਂ ਨੂੰ 1947 ਵਿਚ ਸੱਤਾ ਦੇ ਤਬਾਦਲੇ ਉਪਰੰਤ ਇਕਤਰਫ਼ਾ ਤੌਰ 'ਤੇ ਭਾਰਤ ਦਾ ਹਿੱਸਾ ਐਲਾਨ ਦਿੱਤਾ ਗਿਆ; ਬਿਨਾ ਕੋਈ ਜਮਹੂਰੀ ਅਮਲ ਅਪਣਾਏ, ਬਿਨਾ ਕੋਈ ਰਾਇ-ਸ਼ੁਮਾਰੀ ਕਰਵਾਏ ਅਤੇ ਬਿਨਾ ਉਨ੍ਹਾਂ ਦੀ ਰਜ਼ਾਮੰਦੀ ਲਏ। ਮਨੀਪੁਰੀ ਲੋਕ ਉਨ੍ਹਾਂ ਕੌਮੀਅਤਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਅੱਜ ਤੱਕ ਇਸ ਹੋਣੀ ਨੂੰ ਪ੍ਰਵਾਨ ਨਹੀਂ ਕੀਤਾ। ਕਸ਼ਮੀਰ ਤੇ ਉੱਤਰ-ਪੂਰਬ ਦੀਆਂ ਹੋਰ ਕੌਮੀਅਤਾਂ ਵਾਂਗ ਉਨ੍ਹਾਂ ਨੂੰ ਵੀ ਫ਼ੌਜੀ ਤਾਕਤ ਦੇ ਜ਼ੋਰ ਭਾਰਤ ਦਾ ਹਿੱਸਾ ਬਣਾ ਕੇ ਰੱਖਿਆ ਜਾ ਰਿਹਾ ਹੈ। ਸਾਢੇ ਛੇ ਦਹਾਕਿਆਂ 'ਚ ਭਾਰਤੀ ਹੁਕਮਰਾਨਾਂ ਨੇ ਇਕ ਵੀ ਕਦਮ ਅਜਿਹਾ ਨਹੀਂ ਚੁੱਕਿਆ ਜਿਸ ਦੀ ਫ਼ਿਤਰਤ ਜਮਹੂਰੀ ਹੋਵੇ; ਜਿਸ ਵਿਚੋਂ ਕੌਮੀਅਤਾਂ ਦੀਆਂ ਭਾਵਨਾਵਾਂ ਤੇ ਰੀਝਾਂ ਦੇ ਸਤਿਕਾਰ ਦਾ ਹਾਂ-ਪੱਖੀ ਵਤੀਰਾ ਝਲਕਦਾ ਹੋਵੇ। ਇਸ ਦੇ ਉਲਟ, ਉਨ੍ਹਾਂ ਦੀਆਂ ਰੀਝਾਂ ਨਾਲ ਖਿਲਵਾੜ ਅਤੇ ਵਾਅਦਾ-ਖ਼ਿਲਾਫ਼ੀ ਦੀਆਂ ਬਥੇਰੀਆਂ ਮਿਸਾਲਾਂ ਮਿਲ ਜਾਂਦੀਆਂ ਹਨ। ਜਦੋਂ ਹੁਕਮਰਾਨਾਂ ਨੇ ਉਨ੍ਹਾਂ ਸੂਬਿਆਂ ਦੇ ਅਵਾਮ ਦੇ ਹਿੱਤਾਂ ਦੀ ਪ੍ਰਵਾਹ ਕਰਨ ਦੀ ਕਦੇ ਲੋੜ ਨਹੀਂ ਸਮਝੀ ਜੋ ਖ਼ੁਦ ਨੂੰ 'ਮੁੱਖਧਾਰਾ' ਤਸਲੀਮ ਕਰਦੇ ਹਨ, ਫਿਰ ਗ਼ੈਰ ਮੁੱਖਧਾਰਾ ਵਾਲੇ ਇਨ੍ਹਾਂ ਦੇ ਕੀ ਲਗਦੇ ਹਨ! ਸੱਚਾ ਵਿਕਾਸ ਘੱਟੋਘੱਟ ਇਨ੍ਹਾਂ ਕੌਮੀਅਤਾਂ ਦੀ ਬੇਗਾਨਗੀ ਦੀ ਚੋਭ ਨੂੰ ਘਟਾ ਜ਼ਰੂਰ ਸਕਦਾ ਸੀ, ਪਰ ਭਾਰਤੀ ਹਾਕਮ ਜਮਾਤਾਂ ਇਸ ਸੁਭਾਅ ਦੀਆਂ ਮਾਲਕ ਨਹੀਂ ਹਨ। ਇਹ ਭਾਰਤੀ ਰਾਜ ਪ੍ਰਤੀ ਬੇਯਕੀਨੀ ਅਤੇ ਅਸੰਤੁਸ਼ਟੀ 'ਚੋਂ ਪੈਦਾ ਹੋਏ ਕਿਸੇ ਵੀ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕਰਨ ਲਈ ਜਮਹੂਰੀ ਰਾਜਸੀ ਅਮਲ ਅਪਣਾਉਣ 'ਚ ਵਿਸ਼ਵਾਸ ਨਹੀਂ ਰੱਖਦੀਆਂ ਸਗੋਂ ਹਰ ਮੁੱਦੇ ਨੂੰ 'ਅਮਨ-ਕਾਨੂੰਨ' ਦਾ ਮਸਲਾ ਬਣਾ ਕੇ ਫ਼ੌਜੀ ਤਾਕਤ ਨਾਲ ਨਜਿੱਠਣ ਦੀ ਜਮਾਂਦਰੂ ਮਰਜ਼ ਦਾ ਸ਼ਿਕਾਰ ਹਨ। ਇਸ ਖਿੱਤੇ ਨੂੰ ਭਾਰਤੀ ਵੱਡੀ ਸਰਮਾਏਦਾਰੀ ਦੀ ਸਾਲਮ ਮੰਡੀ ਦਾ ਹਿੱਸਾ ਬਣਾਈ ਰੱਖਣ ਦੀ ਪਸਾਰਵਾਦੀ ਲਾਲਸਾ ਵਿਚੋਂ ਇਹ ਕੋਈ ਵੀ ਘੋਰ ਬੇਰਹਿਮ ਕਦਮ ਚੁੱਕ ਸਕਦੀਆਂ ਹਨ ਅਤੇ ਚੁੱਕਦੀਆਂ ਆ ਰਹੀਆਂ ਹਨ। ਕੌਮੀ ਏਕਤਾ ਦਾ ਸ਼ੋਰ 1947 ਤੋਂ ਲੈ ਕੇ ਇਸ ਮੁਲਕ ਦੇ ਹਿੱਤਾਂ ਦੇ ਖ਼ਿਲਾਫ਼ ਕੰਮ ਕਰਨ ਵਾਲੇ ਹੁਕਮਰਾਨਾਂ ਲਈ ਆਪਣੇ ਵਾਅਦਾ-ਖ਼ਿਲਾਫ਼ ਕਿਰਦਾਰ ਢਕਣ ਅਤੇ ਹਰ ਜਮਹੂਰੀ ਸਿਆਸੀ ਵਿਰੋਧ ਨੂੰ ਕੁਚਲਣ ਲਈ ਤਾਨਾਸ਼ਾਹੀ ਬਰਾਬਰ ਪਰਦਾ ਹੈ। ਅਫਸਪਾ ਤਹਿਤ ਕਿਸੇ ਇਲਾਕੇ ਨੂੰ ਗੜਬੜ ਵਾਲਾ ਕਰਾਰ ਦੇ ਕੇ ਭਾਰਤੀ ਫ਼ੌਜ ਨੂੰ ਮਨਮਾਨੀਆਂ ਕਰਨ ਦੇ ਅਸੀਮ ਅਖ਼ਤਿਆਰਾਂ ਦੀ ਬਖ਼ਸ਼ਿਸ਼ ਇਸੇ ਪਹੁੰਚ ਤਹਿਤ ਕੀਤੀ ਗਈ ਹੈ।

ਜਦੋਂ ਤੋਂ ਇਹ ਐਕਟ ਲਿਆਂਦਾ ਗਿਆ ਹੈ, ਉਦੋਂ ਤੋਂ ਹੀ ਮੁਲਕ ਦੇ ਕੁਝ 'ਹਿੱਸੇ' ਸੱਚਮੁੱਚ ਹੀ ਫ਼ੌਜੀ ਰਾਜ ਅਤੇ ਫ਼ੌਜ ਦੇ ਲਗਾਤਾਰ ਕਬਜ਼ੇ ਹੇਠ ਹਨ। 1958 ਦੇ ਇਸ ਐਕਟ 'ਚ ਫ਼ੌਜ ਅਤੇ ਨੀਮ-ਫ਼ੌਜੀ ਤਾਕਤਾਂ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਬਿਨਾ ਕਿਸੇ ਜਵਾਬਦੇਹੀ ਦੇ, ਮਹਿਜ਼ ਸ਼ੱਕ ਦੇ ਆਧਾਰ 'ਤੇ ਹੀ ਕਿਸੇ ਵੀ ਬੰਦੇ ਦੀ ਜਾਨ ਲੈ ਸਕਦੀਆਂ ਹਨ। ਅਜਿਹਾ ਕਰਨ 'ਤੇ ਉਨ੍ਹਾਂ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਕੋਈ ਕਾਨੂੰਨੀ ਕਾਰਵਾਈ ਨਾ ਹੋਣ ਦੀ ਜ਼ਾਮਨੀ ਹੈ ਅਫਸਪਾ। ਜਦੋਂ ਕਿਸੇ ਕਤਲੇਆਮ ਜਾਂ ਗ਼ੈਰ-ਅਦਾਲਤੀ ਕਤਲਾਂ ਸਬੰਧੀ ਕੋਈ ਮਨੁੱਖੀ ਅਧਿਕਾਰ ਜਥੇਬੰਦੀ ਜਾਂ ਕੋਈ ਹੋਰ ਧਿਰ ਮੁਲਕ ਦੀ ਨਿਆਂ-ਪ੍ਰਣਾਲੀ ਤੱਕ ਪਹੁੰਚ ਕਰਕੇ ਫ਼ੌਜੀ ਜਾਂ ਨੀਮ-ਫ਼ੌਜੀ ਤਾਕਤਾਂ ਵਿਰੁੱਧ ਕਾਰਵਾਈ ਲਈ ਚਾਰਾਜੋਈ ਕਰਦੀ ਹੈ ਤਾਂ ਕੇਂਦਰੀ ਗ੍ਰਹਿ ਮੰਤਰਾਲਾ ਝੱਟ ਸਰਬ-ਉੱਚ ਅਦਾਲਤ ਦਾ ਬੂਹਾ ਜਾ ਖੜਕਾਉਂਦਾ ਅਤੇ ਅਮਨ-ਕਾਨੂੰਨ ਦਾ ਵਾਸਤਾ ਪਾ ਕੇ ਨਿਆਂ ਪ੍ਰਣਾਲੀ ਦੀ ਕਲਮ ਦਾ ਅੱਗਾ ਰੋਕ ਲੈਂਦਾ ਹੈ। ਬੇਲਗਾਮ ਅਧਿਕਾਰਾਂ ਨਾਲ ਲੈਸ ਭਾਰਤੀ ਫ਼ੌਜ ਤੇ ਨੀਮ-ਫ਼ੌਜ ਉਨ੍ਹਾਂ ਖੇਤਰਾਂ 'ਚ ਕਿਵੇਂ ਪੇਸ਼ ਆਉਂਦੀ, 'ਮੁੱਖਧਾਰਾ' ਦੇ ਬੌਧਿਕ ਹਲਕੇ ਅਤੇ ਸਿਵਲ ਸੁਸਾਇਟੀ ਕਹਾਉਣ ਵਾਲੇ ਲੋਕ ਇਸ ਨੂੰ ਸਮਝਣ ਦੀ ਜਹਿਮਤ ਕਦੇ ਨਹੀਂ ਉਠਾਉਂਦੇ, ਪਰ ਉੱਥੋਂ ਦਾ ਬੱਚਾ ਬੱਚਾ ਅਫਸਪਾ ਦੇ ਜੇ ਸੰਵਿਧਾਨਕ ਨਹੀਂ, ਤਾਂ ਵਿਹਾਰਕ ਮਾਅਨੇ ਜ਼ਰੂਰ ਜਾਣਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਅਫਸਪਾ ਦਾ ਮਤਲਬ ਹੈ ਹਰ ਚੌਕ-ਚੁਰਾਹੇ, ਹਰ ਗਲੀ-ਮੁਹੱਲੇ ਦੇ ਮੋੜ 'ਤੇ ਫ਼ੌਜ ਦਾ ਬੰਦੂਕਾਂ ਤਾਣ ਕੇ ਗੋਲੀ ਚਲਾਉਣ ਲਈ ਤਿਆਰ ਬਰ-ਤਿਆਰ ਤਾਇਨਾਤ ਰਹਿਣਾ, ਅਕਸਰ ਹੀ ਘੇਰਾਬੰਦੀਆਂ ਅਤੇ ਤਲਾਸ਼ੀਆਂ, ਚੁੱਪ-ਚੁਪੀਤੇ ਹੀ ਕਿਸੇ ਨੂੰ ਵੀ ਚੁੱਕ ਲਿਜਾਣਾ, ਹਿਰਾਸਤ 'ਚ ਅਕਹਿ ਤਸੀਹੇ, ਗ਼ੈਰ ਅਦਾਲਤੀ ਕਤਲ, ਔਰਤਾਂ ਨਾਲ ਬਲਾਤਕਾਰ, ਸੁੰਨਸਾਨ ਥਾਵਾਂ 'ਤੇ ਬੇਪਛਾਣ ਲਾਸ਼ਾਂ ਮਿਲਣਾ, ਕਰਫਿਊ, ਸਕੂਲ ਕਾਲਜ ਬੰਦ ਰਹਿਣਾ। ਇਹ ਮੰਜ਼ਰ ਉਨ੍ਹਾਂ ਦੇ ਰੋਜ਼ਮਰਾ ਅਨੁਭਵਾਂ ਦਾ ਹਿੱਸਾ ਹੈ। ਨਿੱਤ ਦੀ ਇਹ ਜ਼ਲਾਲਤ, ਸੰਤਾਪ ਅਤੇ ਦੋਜਕ ਮਨੀਪੁਰ ਦੇ ਹਰ ਬਾਸ਼ਿੰਦੇ ਨੂੰ ਤਾੜੇ ਵਾਂਗ ਪਿੰਜਦੇ ਹਨ। ਔਰਤ ਦੇ ਸੰਤਾਪ ਦੀ ਤਾਂ ਕੋਈ ਹੱਦ ਹੀ ਨਹੀਂ ਹੈ। 'ਵਿਮੈਨ ਐਕਸ਼ਨ ਫਾਰ ਡਿਵੈਲਪਮੈਂਟ' ਮੁਤਾਬਿਕ 15 ਨਵੰਬਰ 2011 ਤੱਕ ਮਨੀਪੁਰ ਵਿਚ 71 ਔਰਤਾਂ ਲਾਪਤਾ ਹੋ ਚੁੱਕੀਆਂ ਸਨ ਜਿਨ੍ਹਾਂ ਵਿਚੋਂ 52 ਸ਼ਾਦੀਸ਼ੁਦਾ ਸਨ। ਮਨੀਪੁਰੀ ਅਖ਼ਬਾਰ 'ਸਾਂਗਈ ਐਕਸਪ੍ਰੈੱਸ' ਦੀ ਕਾਲਮਨਵੀਸ ਅ੍ਰਾਥਮ ਅਨੀਤਾ ਦੇਵੀ ਅਨੁਸਾਰ ਮਨੀਪੁਰ ਦੀ ਹਰ ਔਰਤ ਆਪਣੀ ਜ਼ਿੰਦਗੀ 'ਚ ਘੱਟੋਘੱਟ ਇਕ ਵਾਰ ਰਾਜਕੀ ਹਿੰਸਾ ਜਾਂ ਖੱਜਲ-ਖ਼ੁਆਰੀ ਦੀ ਸ਼ਿਕਾਰ ਜ਼ਰੂਰ ਹੋਈ ਹੈ। ਪੰਜਾਬ ਦੇ ਲੋਕ ਇਸ ਦਰਦ ਨੂੰ ਸਮਝ ਸਕਦੇ ਹਨ ਜਿਨ੍ਹਾਂ ਨੇ 'ਪੰਜਾਬ ਮਸਲੇ' ਸਮੇਂ ਪੂਰਾ ਇਕ ਦਹਾਕਾ ਅਜਿਹਾ ਸੰਤਾਪ ਹੱਡੀਂ ਹੰਢਾਇਆ ਹੈ।

ਭਾਰਤੀ ਫ਼ੌਜ ਵਲੋਂ ਰਚਾਏ ਸਿਰੇ ਦੇ ਘਿਨਾਉਣੇ ਕਾਂਡ ਨੇ ਕਾਲਮਨਵੀਸ ਤੇ ਸਮਾਜਕ ਕਾਰਕੁਨ ਇਰੋਮ ਸ਼ਰਮੀਲਾ ਨੂੰ ਐਸਾ ਝੰਜੋੜਿਆ ਕਿ ਉਸ ਨੇ ਉਦੋਂ ਤੱਕ ਅੰਨ-ਪਾਣੀ ਮੂੰਹ ਨਾ ਲਾਉਣ ਦਾ ਇਰਾਦਾ ਧਾਰ ਲਿਆ ਜਦੋਂ ਤੱਕ ਹਥਿਆਰਬੰਦ ਤਾਕਤਾਂ ਨੂੰ ਅਸੀਮ ਅਧਿਕਾਰ ਦੇਣ ਵਾਲਾ ਐਕਟ (ਅਫਸਪਾ) ਵਾਪਸ ਨਹੀਂ ਲਿਆ ਜਾਂਦਾ। 2 ਨਵੰਬਰ 2000 ਨੂੰ ਅਸਾਮ ਰਾਈਫ਼ਲਜ਼ ਦੇ ਜਵਾਨਾਂ ਨੇ ਇੰਫਾਲ ਹਵਾਈ ਅੱਡੇ ਦੇ ਨੇੜੇ ਮਾਲੋਮ ਇਲਾਕੇ 'ਚ ਦਸ ਬੰਦਿਆਂ ਨੂੰ ਫਰਜ਼ੀ ਮੁਕਾਬਲੇ ਵਿਚ ਉਦੋਂ ਮਾਰ ਦਿੱਤਾ ਸੀ ਜਦੋਂ ਉਹ ਬੱਸ ਸਟਾਪ 'ਤੇ ਖੜ੍ਹੇ ਬੱਸ ਦੀ ਇੰਤਜ਼ਾਰ ਕਰ ਰਹੇ ਸਨ। ਇਨ੍ਹਾਂ ਵਿਚ 62 ਸਾਲ ਦੀ ਇਕ ਔਰਤ ਸੀ ਅਤੇ ਇਕ ਲੜਕਾ ਸਿਨਮ ਚੰਦਰਾਮਣੀ ਵੀ ਸ਼ਾਮਲ ਸੀ ਜਿਸ ਨੂੰ 'ਕੌਮੀ ਬਾਲ ਬਹਾਦਰੀ ਸਨਮਾਨ' ਮਿਲ ਚੁੱਕਿਆ ਸੀ। 5 ਨਵੰਬਰ ਤੋਂ ਇਰੋਮ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਤੋਂ ਤੀਜੇ ਦਿਨ ਹੀ ਉਸ ਨੂੰ ਤਾਜ਼ੀਰਾਤੇ-ਹਿੰਦ (ਇੰਡੀਅਨ ਪੀਨਲ ਕੋਡ) ਦੀ ਧਾਰਾ 309 (ਖ਼ੁਦਕੁਸ਼ੀ ਦਾ ਯਤਨ) ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਧੱਕੇ ਨਾਲ ਖਵਾਉਣ-ਪਿਆਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਜੋ ਅੱਜ ਤੱਕ ਜਾਰੀ ਹੈ। ਉਦੋਂ ਤੋਂ ਹੀ ਉਹ


## ਦੇਸ-ਪਰਦੇਸ

ਪੁਲਿਸ ਦੀ ਕੈਦ 'ਚ ਹੈ। ਧੱਕੇ ਨਾਲ ਖਾਣਾ, ਝੂਠੀਆਂ ਯਕੀਨ-ਦਹਾਨੀਆਂ ਕੁਝ ਵੀ ਇਰੋਮ ਦੇ ਇਰਾਦੇ ਨੂੰ ਡੁਲਾ ਨਹੀਂ ਸਕੇ। ਇਉਂ ਵੀ ਨਹੀਂ ਹੈ ਕਿ ਇਰੋਮ ਇਸ ਜੱਦੋਜਹਿਦ 'ਚ 'ਕੱਲੀ ਹੈ; ਅਜਿਹੇ ਜ਼ਾਲਮ ਕਾਨੂੰਨਾਂ ਖ਼ਿਲਾਫ਼ ਆਵਾਜ਼ ਉਠਾਉਣ ਵਾਲਾ ਅਤੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਮੰਗ ਕਰਨ ਵਾਲਾ ਹਰ ਜਮਹੂਰੀਅਤਪਸੰਦ ਇਨਸਾਨ ਇਰੋਮ ਨਾਲ ਹਮਦਰਦੀ ਰੱਖਦਾ ਹੈ ਅਤੇ ਉਸ ਦੇ ਕਾਜ ਦਾ ਹਮਾਇਤੀ ਹੈ। ਹਰ ਮਨੀਪੁਰੀ ਆਪੋ ਆਪਣੇ ਢੰਗ ਨਾਲ ਉਸ ਦੀ ਜੱਦੋਜਹਿਦ 'ਚ ਸ਼ਾਮਲ ਹੈ।


11 ਜੁਲਾਈ 2004 ਨੂੰ ਜਦੋਂ ਆਸਾਮ ਰਾਈਫਲਜ਼ ਨੇ 32 ਸਾਲਾ ਔਰਤ ਥੰਗਜਮ ਮਨੋਰਮਾ ਨੂੰ ਉਸ ਦੇ ਘਰੋਂ (ਇੰਫਾਲ ਵਿਚੋਂ) ਅਗਵਾ ਕਰ ਕੇ ਬਲਾਤਕਾਰ ਕਰਨ ਅਤੇ ਹੋਰ ਘੋਰ ਤਸੀਹੇ ਦੇਣ ਪਿੱਛੋਂ ਕਤਲ ਕਰ ਕੇ ਉਸ ਦੀ ਲਾਸ਼ ਸੜਕ ਕੰਢੇ ਸੁੱਟ ਦਿੱਤੀ (ਅਤੇ ਨਾਲ ਹੀ ਵੱਖਵਾਦੀ ਬਾਗ਼ੀ ਗ਼ਰਦਾਨ ਕੇ ਇਕ ਨੌਜਵਾਨ ਜਾਮਖੋਲਤ ਖੌਂਗਸੇ ਨੂੰ ਫਰਜ਼ੀ ਮੁਕਾਬਲੇ 'ਚ ਮਾਰ ਦਿੱਤਾ) ਤਾਂ ਮਨੀਪੁਰੀ ਔਰਤਾਂ ਦਾ ਸਬਰ ਜਵਾਬ ਦੇ ਗਿਆ। 40 ਔਰਤਾਂ ਨੇ 15 ਜੁਲਾਈ ਨੂੰ ਨਿਰਵਸਤਰ ਹੋ ਕੇ ਇਸ ਨੀਮ-ਫ਼ੌਜੀ ਤਾਕਤ ਦੇ ਕੈਂਪ ਕਾਂਗਲਾ ਕਿਲੇ ਅੱਗੇ ਪ੍ਰਦਰਸ਼ਨ ਕੀਤਾ ਅਤੇ ਜੱਗ ਨੂੰ ਮਨੀਪੁਰੀ ਲੋਕਾਂ ਦੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹਾਲਤ ਤੋਂ ਜਾਣੂੰ ਕਰਾਇਆ। ਉਨ੍ਹਾਂ ਨੇ ਬੈਨਰ ਚੁੱਕੇ ਹੋਏ ਸਨ: 'ਭਾਰਤੀ ਫ਼ੌਜ ਸਾਡੇ ਨਾਲ ਬਲਾਤਕਾਰ ਕਰਦੀ ਹੈ', 'ਭਾਰਤੀ ਫ਼ੌਜ ਸਾਡਾ ਮਾਸ ਨੋਚਦੀ ਹੈ'। 36 ਔਰਤਾਂ ਨੂੰ ਗ੍ਰਿਫ਼ਤਾਰ ਕਰਕੇ ਤਿੰਨ ਮਹੀਨੇ ਜੇਲ੍ਹ 'ਚ ਬੰਦ ਰੱਖਿਆ ਗਿਆ। ਇਨ੍ਹਾਂ ਵਿਚੋਂ 18 ਵਿਰੁੱਧ ਨੈਸ਼ਨਲ ਸਕਿਉਰਿਟੀ ਐਕਟ ਤਹਿਤ ਕੇਸ ਦਰਜ ਕੀਤੇ ਗਏ। ਜ਼ੁਲਮ ਦੀ ਇੰਤਹਾ ਨਾਲ ਮਨੀਪੁਰੀ ਲੋਕਾਂ ਦਾ ਰੋਹ ਸਗੋਂ ਹਰ ਭੜਕ ਉੱਠਿਆ। ਮਨੀਪੁਰੀ ਸਮਾਜ ਦਾ ਨਿਆਰਾਪਣ ਇਹ ਵੀ ਹੈ ਕਿ ਉਥੇ ਔਰਤਾਂ ਦੀ ਸਮਾਜਕ ਸਰਗਰਮੀ 'ਚ ਹਿੱਸੇਦਾਰੀ ਵੱਡੇ ਪੱਧਰ 'ਤੇ ਹੈ। 'ਅਫਸਪਾ ਵਾਪਸ ਲਓ' ਦੀ ਮੰਗ ਨੂੰ ਲੈ ਕੇ 32 ਔਰਤ ਜਥੇਬੰਦੀਆਂ ਨੇ ਮਿਲ ਕੇ 'ਅਪੁਨਬਾ ਲੂਬ' ਨਾਂ ਦਾ ਸਾਂਝਾ ਮੰਚ ਬਣਾ ਲਿਆ ਅਤੇ ਬਾਅਦ 'ਚ ਇਸ ਵਿਚ ਹੋਰ ਜਥੇਬੰਦੀਆਂ ਵੀ ਸ਼ਾਮਲ ਹੋ ਗਈਆਂ। ਕਈ ਮਹੀਨੇ ਥਾਂ ਥਾਂ ਬੇਸ਼ੁਮਾਰ ਵਿਖਾਵਿਆਂ, ਧਰਨਿਆਂ, ਰੈਲੀਆਂ, ਮਨੀਪੁਰ ਬੰਦ ਦੇ ਰੂਪ 'ਚ ਮਨੀਪੁਰੀ ਲੋਕਾਂ ਦੇ ਵਿਰੋਧ ਦਾ ਤਾਂਤਾ ਲੱਗਿਆ ਰਿਹਾ। ਇਸੇ ਦੀ ਕੜੀ ਵਜੋਂ 15 ਅਗਸਤ 2004 ਨੂੰ ਅਤਿ ਸੰਵੇਦਨਸ਼ੀਲ ਤੇ ਹਰਮਨਪਿਆਰੇ ਵਿਦਿਆਰਥੀ ਆਗੂ ਪੇਬਮ ਚਿਤਰੰਜਨ ਨੇ ਆਤਮਦਾਹ ਕਰਦੇ ਹੋਏ ਕਿਹਾ, "ਮੈਂ ਇਨ੍ਹਾਂ ਗ਼ੈਰਜਮਹੂਰੀ ਕਾਨੂੰਨਾਂ ਹੇਠ ਘੁੱਟ ਘੁੱਟ ਕੇ ਮਰਨ ਨਾਲੋਂ ਇਨ੍ਹਾਂ ਬਾਰੇ ਚੀਕ ਚੀਕ ਕੇ ਲੋਕਾਂ ਨੂੰ ਦੱਸਦੇ ਹੋਏ ਆਜ਼ਾਦੀ ਨਾਲ ਮਰਨਾ ਪਸੰਦ ਕਰਦਾ ਹਾਂ।" ਉਸ ਦੇ ਬੋਲ ਜ਼ੁਲਮ ਦੀ ਇੰਤਹਾ ਦਾ ਪਰਦਾਫਾਸ਼ ਕਰਦੇ ਸਨ। ਪਿੱਛੇ ਜਿਹੇ ਜਾਰੀ ਕੀਤੀ ਰਿਪੋਰਟ (4 ਮਾਰਚ 2012) ਵਿਚ 'ਹਿਊਮਨ ਰਾਈਟਸ ਵਾਚ' ਦਾ ਮੰਨਣਾ ਹੈ ਕਿ ਮਨੀਪੁਰ ਵਿਚ 'ਅਤਿਵਾਦ' ਦੇ ਵਾਧੇ ਪਿੱਛੇ ਫ਼ੌਜ ਦੇ ਅੱਤਿਆਚਾਰਾਂ ਦਾ ਹੱਥ ਹੈ।

ਅਫਸਪਾ ਹਟਾਉਣ ਅਤੇ ਸਵੈ-ਨਿਰਣੇ ਦਾ ਹੱਕ ਲੈਣ ਲਈ ਮਨੀਪੁਰੀ ਲੋਕਾਂ ਦੀ ਜੱਦੋਜਹਿਦ ਜਾਰੀ ਹੈ। 1947 ਤੋਂ ਪਹਿਲਾਂ ਉੱਤਰ-ਪੂਰਬ ਦੇ ਲੋਕ ਅੰਗਰੇਜ਼ ਬਸਤੀਵਾਦ ਵਿਰੁੱਧ ਬਗ਼ਾਵਤਾਂ ਕਰਦੇ ਰਹੇ ਅਤੇ 1947 ਤੋਂ ਬਾਅਦ ਭਾਰਤੀ ਰਾਜ ਵਿਰੁੱਧ ਲੜ ਰਹੇ ਹਨ। ਹਾਲ ਹੀ ਵਿਚ ਉਨ੍ਹਾਂ ਦੀ ਜੱਦੋਜਹਿਦ ਵਿਚ 'ਵਿਕਾਸ ਪ੍ਰੋਜੈਕਟਾਂ' ਦੇ ਨਾਂ ਹੇਠ ਉਜਾੜੇ ਤੇ ਤਬਾਹੀ ਦਾ ਮੁੱਦਾ ਵੀ ਸ਼ੁਮਾਰ ਹੋ ਗਿਆ ਹੈ। ਭਾਰਤ ਸਰਕਾਰ ਵਲੋਂ ਇੱਥੋਂ ਦੇ ਬਾਰਕ ਦਰਿਆ ਉੱਪਰ 1500 ਮੈਗਾਵਾਟ ਦਾ ਧੜਵੈਲ ਤਿਪਾਈ ਮੁੱਖ ਡੈਮ (ਅਤੇ 80 ਦੇ ਕਰੀਬ ਹੋਰ ਡੈਮ) ਬਣਾਉਣ ਦੀ ਯੋਜਨਾ ਉਲੀਕੀ ਗਈ ਹੈ ਜਿਸ ਨਾਲ ਸਿਰਫ਼ ਮਨੀਪੁਰ, ਅਸਾਮ ਅਤੇ ਮਿਜ਼ੋਰਮ ਵਿਚ ਹੀ ਨਹੀਂ ਸਗੋਂ ਬੰਗਲਾਦੇਸ਼ ਵਿਚ ਵੀ ਸਮਾਜੀ ਅਤੇ ਵਾਤਾਵਰਣ ਦੀ ਬਹੁਪਰਤੀ ਤਬਾਹੀ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਇਸ ਨੇ ਮਨੀਪੁਰ ਅਤੇ ਅਸਾਮ ਦੇ ਲੋਕਾਂ ਦੇ ਰੋਹ ਨੂੰ ਹੋਰ ਜ਼ਰਬਾਂ ਦੇ ਦਿੱਤੀਆਂ ਹਨ। ਇਸ ਨਾਲ ਹਕੂਮਤੀ ਦਮਨ ਦਾ ਘੇਰਾ ਵੀ ਹੋਰ ਵਸੀਹ ਤੇ ਡੂੰਘਾ ਹੋ ਗਿਆ ਹੈ ਪਰ ਨਾਲ ਹੀ 'ਫ਼ੌਲਾਦੀ ਔਰਤ' ਦੀ ਜੱਦੋਜਹਿਦ ਦੀ ਅਹਿਮੀਅਤ ਤੇ ਸਾਰਥਿਕਤਾ ਵੀ ਵਧ ਗਈ ਹੈ।

***"ਮੈਂ ਇਨ੍ਹਾਂ ਗ਼ੈਰਜਮਹੂਰੀ ਕਾਨੂੰਨਾਂ ਹੇਠ ਘੁੱਟ ਘੁੱਟ ਕੇ ਮਰਨ ਨਾਲੋਂ ਇਨ੍ਹਾਂ ਬਾਰੇ ਚੀਕ ਚੀਕ ਕੇ ਲੋਕਾਂ ਨੂੰ ਦੱਸਦੇ ਹੋਏ ਆਜ਼ਾਦੀ ਨਾਲ ਮਰਨਾ ਪਸੰਦ ਕਰਦਾ ਹਾਂ।"***
***-ਵਿਦਿਆਰਥੀ ਆਗੂ ਪੇਬਮ ਚਿਤਰੰਜਨ।***



"ਕਾਨੂੰਨਾਂ ਦੇ ਦਰੜੇ ਲੋਕਾਂ ਨੂੰ ਸੱਤਾ ਤੋਂ ਬਿਨਾ ਹੋਰ ਕਿਤਿਓਂ ਕੋਈ ਉਮੀਦ ਨਹੀਂ ਹੁੰਦੀ। ਜਦੋਂ ਕਾਨੂੰਨ ਹੀ ਉਨ੍ਹਾਂ ਦੇ ਦੁਸ਼ਮਣ ਬਣ ਜਾਣ, ਤਾਂ ਉਹ ਵੀ ਕਾਨੂੰਨ ਦੇ ਦੁਸ਼ਮਣ ਹੋ ਜਾਣਗੇ।" -ਆਇਰਸ਼ ਫਿਲਾਸਫਰ ਤੇ ਲੇਖਕ ਐਡਮੰਡ ਬਰਕ।



# ਤੁਸੀਂ ਚਲੋ, ਅਸੀਂ ਆਵਾਂਗੇ


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਆਪਣੀ ਮਾਂ ਬੋਲੀ ਦੇ ਥੋੜ੍ਹੇ ਬਹੁਤੇ ਅਖਾਣ ਜਾਂ ਮੁਹਾਵਰੇ ਤਾਂ ਆਪਾਂ ਸਾਰੇ ਈ ਜਾਣਦੇ ਹੁੰਦੇ ਹਾਂ। ਗੱਲਾਂ ਬਾਤਾਂ ਕਰਦਿਆਂ ਅਸੀਂ ਅੱਧ-ਪਚੱਧੇ ਰੂਪ ਵਿਚ ਇਨ੍ਹਾਂ ਨੂੰ ਵਰਤ ਵੀ ਲੈਂਦੇ ਹਾਂ। 'ਅੱਧ-ਪਚੱਧੇ' ਸ਼ਬਦ ਮੈਂ ਇਸ ਕਾਰਨ ਵਰਤਿਆ ਹੈ ਕਿ ਅਸੀਂ ਬੜੀ ਵਾਰੀ ਦੇਖਦੇ ਹਾਂ ਕਿ ਕਈ ਸੱਜਣ ਆਪਣੀ ਗੱਲ ਵਿਚ ਢੁੱਕਵਾਂ ਮੁਹਾਵਰਾ ਬੋਲਣ ਦੀ ਥਾਂ, ਇਹ ਕਹਿਣ ਲੱਗ ਪੈਂਦੇ ਹਨ, 'ਓ...ਕਿਵੇਂ ਕਹਿੰਦੇ ਹੁੰਦੇ ਐ ਜੀ?' ਫਿਰ ਕੋਈ ਟੁੱਟਾ ਭੱਜਾ ਜਿਹਾ ਅਖਾਣ ਸੁਣਾ ਦਿੰਦੇ ਨੇ ਜੋ ਬਹੁਤੀ ਵਾਰੀ ਸੁਣਾਈ ਜਾ ਰਹੀ ਵਾਰਤਾ ਦੀ ਤਰਜਮਾਨੀ ਵੀ ਨਹੀਂ ਕਰਦਾ ਹੁੰਦਾ।

ਕਹਾਵਤਾਂ-ਮੁਹਾਵਰੇ ਕਿਸੇ ਬੋਲੀ ਦੇ ਗਹਿਣੇ ਮੰਨੇ ਜਾਂਦੇ ਹਨ। ਕਿਸੇ ਜੋਬਨਵੰਤੀ ਮੁਟਿਆਰ ਨੇ ਸੁੰਦਰ ਸਜੀਲੇ ਗਹਿਣੇ ਪਹਿਨੇ ਹੋਏ ਹੋਣ ਤਾਂ ਉਸ ਦਾ ਰੂਪ ਦੂਣ ਸਵਾਇਆ ਖਿੜ ਉਠਦਾ ਹੈ। ਜਿਵੇਂ ਬਣਦੇ-ਫੱਬਦੇ ਗਹਿਣੇ ਪਹਿਨਣ ਦਾ ਹੁਨਰ ਸਾਰਿਆਂ ਕੋਲ ਨਹੀਂ ਹੁੰਦਾ, ਤਿਵੇਂ ਹੀ ਕੋਈ ਗੱਲ-ਕੱਥ ਕਰਦੇ ਵਕਤ ਮੌਕੇ ਮੇਲ ਮੁਤਾਬਕ ਇੰਨ-ਬਿੰਨ ਢੁੱਕਵਾਂ ਅਖਾਣ ਬੋਲਣ ਦੀ ਕਲਾ ਵੀ ਵਿਰਲਿਆਂ ਕੋਲ ਹੀ ਹੁੰਦੀ ਹੈ। ਇਸ ਕਲਾ ਦੀ ਸਹਿਜ ਭਰੀ ਵਰਤੋਂ ਕਰਨ ਵਾਲਿਆਂ ਦੀਆਂ ਗੱਲਾਂ ਕਦੇ ਦਿਲ ਅਕਾਊ ਨਹੀਂ ਹੁੰਦੀਆਂ। ਅਜਿਹੇ ਵਕਤਿਆਂ ਦਾ ਸੰਗ ਮਾਨਣ ਲਈ ਸਦਾ ਹੀ ਦਿਲ ਲੋਚਦਾ ਰਹਿੰਦਾ ਹੈ।

ਜ਼ਿੰਦਗੀ ਵਿਚ ਵਕਤ-ਬ-ਵਕਤ ਐਸੇ ਰਸੀਲੇ ਬੰਦਿਆਂ ਮੂੰਹੋਂ ਸੁਣੀ ਕਥਾ ਵਾਰਤਾ ਦੇ ਨਾਲ-ਨਾਲ ਉਨ੍ਹਾਂ ਵੱਲੋਂ ਬੋਲੀਆਂ ਗਈਆਂ ਕਹਾਵਤਾਂ ਵੀ ਸਮੇਂ-ਸਮੇਂ ਯਾਦ ਆਉਂਦੀਆਂ ਰਹਿੰਦੀਆਂ ਹਨ। ਦੁਨੀਆਂ ਦੇ ਹਰ ਬਸ਼ਰ ਦਾ ਆਪੋ-ਆਪਣਾ ਯਾਦ ਸਰਮਾਇਆ ਹੁੰਦਾ ਹੈ। ਸਰਮਾਏ ਦੇ ਇਸ ਢੇਰ ਵਿਚੋਂ ਆਪੋ-ਆਪਣੀ ਮਾਨਸਿਕਤਾ ਅਤੇ ਰੁਚੀਆਂ ਅਨੁਸਾਰ ਅਸੀਂ ਛਾਂਟ-ਛਟਾਈ ਕਰਦੇ ਰਹਿੰਦੇ ਹਾਂ। ਕਈ ਕੁਝ 'ਡਿਲੀਟ' ਹੁੰਦਾ ਰਹਿੰਦਾ ਹੈ ਪਰ ਕਈ ਬੋਲ ਅਜਿਹੇ ਹੁੰਦੇ ਹਨ ਜੋ ਤਾ-ਜ਼ਿੰਦਗੀ ਮਨ 'ਤੇ ਉਕਰੇ ਰਹਿੰਦੇ ਹਨ। ਹੱਥਲੀ ਲਿਖਤ ਵਿਚ ਮੈਂ ਕਹਾਵਤਾਂ ਦੀ ਗੱਲ ਇਸ ਕਰ ਕੇ ਛੋਹੀ ਹੈ ਕਿਉਂਕਿ ਇਸ ਵਿਚ ਸੁਣੇ ਹੋਏ ਦੋ ਅਖਾਣਾਂ ਦੀ ਦਿਲਚਸਪ ਵਾਰਤਾ ਦਾ ਵਰਣਨ ਕਰ ਰਿਹਾ ਹਾਂ ਜਿਸ ਨੂੰ ਪੜ੍ਹ ਕੇ ਹਰ ਕੋਈ ਇਨ੍ਹਾਂ ਕਹਾਵਤਾਂ ਦੀ ਵਰਤੋਂ ਕਰਨ ਵਾਲਿਆਂ ਦੀ ਕੰਠਾਗਰ-ਬਿਰਤੀ ਅਤੇ ਹਾਜ਼ਰ ਜਵਾਬੀ ਦੀ ਦਾਦ ਦੇਵੇਗਾ।

ਮੇਰੇ ਇਕ ਮਿੱਤਰ ਨੇ ਕਿਸੇ ਦੂਜੇ ਪਿੰਡ ਦੇ ਪਰਿਵਾਰ ਨਾਲ ਰਿਸ਼ਤੇ-ਨਾਤੇ ਦੀ ਗੱਲ ਕਰਨ ਵਾਸਤੇ ਮੈਨੂੰ ਨਾਲ ਲਿਜਾਣ ਲਈ ਤਿਆਰ ਕਰ ਲਿਆ। ਉਸ ਦੀ ਇਜਾਜ਼ਤ ਨਾਲ ਮੈਂ ਆਪਣੇ ਨਾਲ ਇਕ ਹੋਰ ਸੱਜਣ ਨੂੰ ਤਿਆਰ ਕਰ ਲਿਆ ਜੋ ਅਜਿਹੀਆਂ ਕਬੀਲਦਾਰੀਆਂ ਦਾ ਤਜਰਬੇਕਾਰ ਸੀ। ਅਸੀਂ ਚਾਰ-ਪੰਜ ਜਣੇ ਉਸ ਪਿੰਡ ਜਾ ਪਹੁੰਚੇ। ਜੇਠ-ਹਾੜ੍ਹ ਦੀ ਗਰਮੀ ਦੇ ਦਿਨ ਸਨ। ਪੇਂਡੂ ਮਾਹੌਲ ਦੇ ਵੱਡੇ ਸਾਰੇ ਖੁੱਲ੍ਹੇ ਵਿਹੜੇ ਦੇ ਇਕ ਖੂੰਜੇ ਬਣੀ ਹੋਈ ਬੈਠਕ ਵਿਚ ਅਸੀਂ ਗੱਲੀਂ ਰੁੱਝ ਗਏ। ਨਵੀਆਂ ਸਾਕ-ਸਕੀਰੀਆਂ ਬਣਾਉਣ ਵੇਲੇ ਬੜੇ ਇਹਤਿਆਤ ਅਤੇ ਤਹੱਮਲ ਨਾਲ ਡੂੰਘੀਆਂ ਗੱਲਾਂ ਕਰਨੀਆਂ ਪੈਂਦੀਆਂ ਹਨ। ਸੋ, ਅਸੀਂ ਵੀ ਮੰਗਣੀਆਂ-ਕੁੜਮਾਈਆਂ ਦੀਆਂ ਇਧਰਲੀਆਂ-ਉਧਰਲੀਆਂ ਗੱਲਾਂ ਨਾਲ ਭੂਮਿਕਾ ਬੰਨ੍ਹ ਕੇ ਅਸਲ ਮੁੱਦੇ ਵੱਲ ਵਧ ਰਹੇ ਸਾਂ। ਘਰਵਾਲਿਆਂ ਦਾ ਹਾਂ-ਪੱਖੀ ਹੁੰਗਾਰਾ ਸਾਨੂੰ ਸਫ਼ਲਤਾ ਦੇ ਨੇੜੇ ਪਹੁੰਚੇ ਹੋਣ ਦਾ ਇਸ਼ਾਰਾ ਕਰ ਰਿਹਾ ਸੀ। ਬਾਹਰ ਗਰਮੀ ਕਹਿਰਾਂ ਦੀ ਸੀ। ਫੁੱਲ-ਸਪੀਡ ਚੱਲ ਰਹੇ ਪੱਖੇ ਥੱਲੇ ਅਸੀਂ ਠੰਢੀ-ਠਾਰ ਸ਼ਿਕੰਜਵੀ ਪੀ ਰਹੇ ਸਾਂ। ਇੰਨੇ ਨੂੰ ਸਾਹਮਣੇ ਖੁੱਲ੍ਹੇ ਗੇਟ ਥਾਣੀਂ ਇਕ ਅਧਖੜ ਜਿਹਾ ਬੰਦਾ ਵਿਹੜੇ 'ਚ ਆ ਵੜਿਆ। ਉਸ ਦੀ ਸ਼ਕਲ-ਸੂਰਤ ਬਿਲਕੁਲ ਕਮਲਿਆਂ ਵਰਗੀ ਸੀ। ਲੂ ਨਾਲ ਤਪਦੇ ਵਿਹੜੇ ਵਿਚ ਉਹ ਨੰਗੇ ਪੈਰੀਂ ਬੜੇ ਆਰਾਮ ਨਾਲ ਤੁਰਦਾ ਆ ਰਿਹਾ ਸੀ।

ਉਸ ਦੀ ਹਸਾਉਣੀ ਜਿਹੀ ਸੂਰਤ ਦੇਖ ਕੇ ਸਾਡੇ ਨਾਲ ਦੇ ਸ਼ੁਗਲੀ ਸੁਭਾਅ ਵਾਲੇ ਇਕ ਬੰਦੇ ਨੇ ਹੱਸਦਿਆਂ ਅਖਾਣ ਬੋਲਿਆ, "ਹੱਥ ਪੁਰਾਣੇ ਖੋਸੜੇ ਬਸੰਤੇ ਹੁਣੀ ਆਏ ਨੇ।"

ਸਾਨੂੰ ਬਾਅਦ ਵਿਚ ਪਤਾ ਲੱਗਿਆ ਕਿ ਜਿਨ੍ਹਾਂ ਬੰਦਿਆਂ ਨਾਲ ਅਸੀਂ ਰਿਸ਼ਤੇ-ਨਾਤੇ ਦੀ ਗੱਲ ਚਲਾਉਣ ਆਏ ਸਾਂ, ਵਿਹੜੇ ਵਿਚ ਆਇਆ ਬੰਦਾ ਉਨ੍ਹਾਂ ਦਾ ਛੜਾ ਮਲੰਗ ਤਾਇਆ ਸੀ, ਜੋ ਦਿਮਾਗੀ ਤੌਰ 'ਤੇ ਸਿੱਧਰਾ ਸੀ ਅਤੇ ਅੱਠੇ ਪਹਿਰ ਖੇਤੀਬਾੜੀ ਜਾਂ ਪਸ਼ੂਆਂ ਦੀ ਦੇਖ-ਭਾਲ 'ਚ ਰੁੱਝਾ ਰਹਿੰਦਾ ਸੀ।

"ਅੰਦਰ ਵੜ ਕੇ ਮਰਿਆਂ ਵਾਂਗ ਪਏ ਰਹਿਨੇ ਐਂ...ਚੱਪਣ-ਕੱਦੂਆਂ ਤੇ ਟੀਂਡਿਆਂ ਦੀਆਂ ਵੇਲਾਂ ਭੂੰਡੀਆਂ ਨੇ ਖਾ ਲਈਆਂ ਸਾਰੀਆਂ...ਦੁਆਈ-ਦੂਊਈ ਨੂੰ 'ਅੱਗ ਲਾ' ਦਉ ਜਾ ਕੇ...।"

ਵਿਹੜੇ 'ਚ ਖੜ੍ਹਾ-ਖੜ੍ਹਾ ਉਹ ਖਰ੍ਹਵੀਂ ਅਤੇ ਉਚੀ ਆਵਾਜ਼ ਵਿਚ ਝਿੜਕੇ ਮਾਰਨ ਵਾਂਗ ਆਪਣੇ ਭਤੀਜਿਆਂ 'ਤੇ ਗਰਜਿਆ। ਸਾਡੇ ਦੇਖਦਿਆਂ-ਦੇਖਦਿਆਂ ਉਸ ਨੇ ਕੱਛ 'ਚ ਗੰਦੇ ਜਿਹੇ ਕੱਪੜੇ ਵਿਚ ਲਪੇਟਿਆ ਹੋਇਆ ਟੁੱਟੇ ਪੁਰਾਣੇ ਛਿੱਤਰਾਂ ਦਾ ਜੋੜਾ, ਫੜੱਕ ਦੇ ਕੇ ਭੁੰਜੇ ਸੁੱਟਿਆ ਤੇ ਪੈਰਾਂ 'ਚ ਫਸਾਉਣ ਲੱਗ ਪਿਆ। ਅਜੀਬੋ-ਗਰੀਬ 'ਤਾਏ' ਦੇ ਹੱਥੋਂ ਸੱਚ-ਮੁੱਚ 'ਪੁਰਾਣੇ ਖੋਸੜੇ' ਡਿੱਗਦੇ ਦੇਖ ਕੇ ਅਸੀਂ ਦੋਏ-ਤਿੰਨ ਜਣੇ, ਐਨ ਮੌਕੇ ਦਾ ਅਖਾਣ ਬੋਲਣ ਵਾਲੇ ਆਪਣੇ ਮਿੱਤਰ ਵੱਲ ਨਜ਼ਰਾਂ ਗੱਡ ਲਈਆਂ ਪਰ ਉਸੇ ਈ ਵੇਲੇ ਆਪਣੇ ਮੇਜ਼ਬਾਨ ਦਾ ਸਵਾਲ ਸੁਣ ਕੇ ਸਾਡੇ ਹਾਸੇ ਤੇ ਹੈਰਾਨੀ ਰਲਗੱਡ ਜਿਹੇ ਹੋ ਗਏ। ਸਿੱਧਰੇ ਤਾਏ ਦਾ ਭਤੀਜਾ ਮਿੰਨ੍ਹਾ-ਮਿੰਨ੍ਹਾ ਮੁਸਕਰਾਉਂਦਿਆਂ ਅਖਾਣ ਬੋਲਣ ਵਾਲੇ ਨੂੰ ਕਹਿੰਦਾ, "ਭਾਈ ਸਾ'ਬ, ਤੁਹਾਨੂੰ ਕਿੱਦਾਂ ਪਤਾ ਲੱਗ ਗਿਆ ਕਿ ਸਾਡੇ ਤਾਏ ਦਾ ਨਾਂ ਬਸੰਤ ਸਿੰਹੁ ਐ?"

ਮੌਕੇ ਸਿਰ ਪੂਰੀ ਢੁਕਦੀ ਕਹਾਵਤ ਬੋਲਣ ਵਾਲੀ ਦੂਜੀ ਕਥਾ ਦਾ ਵਜੂਦ ਬੱਝਾ ਸੀ, 2012 ਦੇ ਫਰਵਰੀ ਮਹੀਨੇ 'ਚ ਜਦੋਂ ਪੰਜਾਬ 'ਚ ਵਿਧਾਨ ਸਭਾ ਚੋਣਾਂ ਕਾਰਨ ਮੈਂ ਅਮਰੀਕਾ ਤੋਂ ਪੰਜਾਬ ਪਹੁੰਚਿਆ ਹੋਇਆ ਸਾਂ, ਪਰ ਇਸ ਸੁਆਦਲੀ ਕਹਾਣੀ ਦਾ ਸ਼ੁਭ ਆਰੰਭ ਸੰਨ 2000 ਵਿਚ ਉਦੋਂ ਹੋਇਆ ਸੀ, ਜਦੋਂ ਉਸ ਵਰ੍ਹੇ ਨਵੰਬਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਦੂਜੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਹੋਈ ਸੀ। ਇਸ ਕਹਾਣੀ ਦਾ ਮੂੰਹ ਮੱਥਾ ਉਘਾੜਨ ਲਈ ਥੋੜ੍ਹਾ ਪਿਛੋਕੜ ਫਰੋਲਣਾ ਪਵੇਗਾ ਕਿਉਂਕਿ ਪੂਰੇ ਇਕ ਦਹਾਕੇ ਬਾਅਦ ਇਸ ਦਾ ਸੁਖਾਂਤਕ ਜਾਂ ਦੁਖਾਂਤਕ ਅੰਤ ਹੋਇਆ।

ਉਦੋਂ ਪੰਜਾਬ ਵਿਚ ਹਕੂਮਤ ਸੀ, ਧੜਵੈਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ। ਬਾਦਲ-ਟੌਹੜਾ ਕਲੇਸ਼ ਸਿਖ਼ਰਾਂ 'ਤੇ ਸੀ। ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਮੌਕੇ ਕੈਪਟਨ ਸਰਕਾਰ ਜਥੇਦਾਰ ਟੌਹੜਾ ਧੜੇ ਦੀ ਲੁਕਵੀਂ ਮੱਦਦ ਕਰ ਰਹੀ ਸੀ। ਟੌਹੜਾ ਗਰੁੱਪ ਦੇ ਹਮਾਇਤੀ ਮੈਂਬਰਾਂ ਦੀ ਗਿਣਤੀ ਵਧਾਉਣ ਲਈ ਕੈਪਟਨ ਸਰਕਾਰ ਜੀਅ-ਤੋੜ ਕੋਸ਼ਿਸ਼ਾਂ ਕਰ ਰਹੀ ਸੀ। ਇਸ ਕਰ ਕੇ ਸ. ਬਾਦਲ ਆਪਣੇ ਗਰੁੱਪ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਇੰਜ ਚੁੱਕੀ ਫਿਰਦੇ ਸਨ ਜਿਵੇਂ ਬਿੱਲੀ ਆਪਣੇ ਬਲੂੰਗੜਿਆਂ ਨੂੰ ਮੂੰਹ ਨਾਲ ਚੁੱਕ ਕੇ ਕਦੇ ਐਸ ਘਰ, ਕਦੇ ਓਸ ਘਰ ਭੱਜੀ ਫਿਰਦੀ ਹੈ ਤਾਂ ਕਿ 'ਕੈਪਟਨ-ਕੇ' ਇਨ੍ਹਾਂ ਮੈਂਬਰਾਂ ਨਾਲ 'ਰਾਬਤਾ' ਬਣਾ ਕੇ ਕਿਤੇ ਪਾਸਾ ਪੁੱਠਾ ਨਾ ਪਾ ਦੇਣ।

ਚੜ੍ਹਦੇ ਅਕਤੂਬਰ ਸਾਨੂੰ ਮੈਂਬਰਾਂ ਨੂੰ ਇਕੱਠੇ ਕਰ ਕੇ ਪਹਿਲਾਂ ਚੰਡੀਗੜ੍ਹ ਲਾਗਲੇ ਗੁਰਦੁਆਰਾ ਨਾਢਾ ਸਾਹਿਬ ਦੀ ਗੋਲਕ ਦੇ ਆਸਰੇ ਸਾਡੀ ਖੂਬ ਟਹਿਲ ਪਾਣੀ ਕੀਤੀ ਗਈ। ਸ. ਬਾਦਲ ਦੀ ਚਿੰਤਾ ਅਨੁਸਾਰ ਮੈਂਬਰ ਉਥੇ 'ਸੁਰੱਖਿਅਤ' ਨਹੀਂ ਸੀ ਸਮਝੇ ਗਏ। ਸੋ, ਉਥੋਂ ਸੁਖਬੀਰ ਸਿੰਘ ਬਾਦਲ ਤੇ ਮਨਪ੍ਰੀਤ ਸਿੰਘ ਬਾਦਲ ਦੀ 'ਯੋਗ ਅਗਵਾਈ' ਵਿਚ ਦੋ ਬੱਸਾਂ ਰਾਹੀਂ ਸਾਨੂੰ ਅੱਧੀ ਰਾਤ ਨੂੰ 'ਬਾਲਾ ਸਰ' ਪਹੁੰਚਾਇਆ ਗਿਆ। ਅੱਧੇ ਕੁ ਜਥੇ ਨੂੰ ਹਰਿਆਣਾ ਦੇ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਸ਼ਾਹਾਨਾ ਟੌਹਰ ਵਾਲੇ ਫਾਰਮ ਹਾਊਸ ਵਿਖੇ ਰਖਿਆ ਗਿਆ।

ਬਾਲਾ ਸਰ ਦੇ ਮੈਂਬਰਾਂ ਦੀ ਰੋਟੀ-ਪਾਣੀ ਗੋਰਖੇ ਬਹਾਦਰ ਕਰ ਰਹੇ ਸਨ ਜੋ ਰਸੋਈ ਦਾ ਕੰਮ-ਕਾਰ ਕਰਦਿਆਂ ਸਿੱਖ ਰਹੁਰੀਤਾਂ ਦਾ ਖਿਆਲ ਨਹੀਂ ਰੱਖਦੇ ਸਨ ਪਰ ਸ੍ਰੀ ਚੌਟਾਲਾ ਦੇ ਫਾਰਮ ਵਿਚ ਲੰਗਰ-ਪਾਣੀ ਦੇ ਇੰਚਾਰਜ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਨ। ਬਾਲਾ ਸਰ ਮੇਰੇ ਨਾਲ ਇਕ ਦੁਆਬੀਆ ਮੈਂਬਰ ਸੀ ਜੋ ਆਪਣੇ ਘਰ ਤੋਂ ਇਲਾਵਾ ਬਾਹਰ ਦੀ ਕਿਸੇ ਚੀਜ਼ ਨੂੰ ਮੂੰਹ ਨਹੀਂ ਲਾਉਂਦਾ ਸੀ, ਸਿਵਾਏ ਗੁਰਸਿੱਖ ਪਰਿਵਾਰਾਂ ਜਾਂ ਗੁਰਦੁਆਰਿਆਂ ਦੇ ਲੰਗਰਾਂ ਤੋਂ। ਦੂਜਾ ਸਾਥੀ ਪੁਆਧ ਇਲਾਕੇ ਦਾ ਸਿੰਘ ਸੀ ਜੋ ਸ਼੍ਰੋਮਣੀ ਕਮੇਟੀ ਮੈਂਬਰ ਹੋਣ ਦੇ ਨਾਲ ਨਾਲ ਜ਼ਿਲ੍ਹਾ ਜਥੇਦਾਰ ਵੀ ਸੀ। ਕੁਝ ਵਿਚਾਰਾਂ ਦੀ ਸਾਂਝ ਸਦਕਾ ਸਾਡੀ ਤਿੰਨਾਂ ਦੀ ਆੜੀ ਪੈ ਗਈ। ਸਾਡੇ ਕਹਿਣ 'ਤੇ ਹੀ ਸਾਨੂੰ ਤਿੰਨਾਂ ਜਣਿਆਂ ਨੂੰ ਚੌਟਾਲੇ ਦੇ ਫਾਰਮ ਹਾਊਸ ਪਹੁੰਚਾ ਦਿੱਤਾ ਗਿਆ।

ਘਰਾਂ ਤੋਂ ਦੂਰ ਯਰਗਮਾਲ ਵਾਂਗ ਰਹਿਣ ਵਿਰੁਧ ਮੈਂਬਰ ਤਾਂ ਕਈ 'ਘੁਸਰ-ਮੁਸਰ' ਕਰਦੇ ਰਹਿੰਦੇ ਸਨ ਪਰ ਉਚੀ ਕੋਈ ਨਹੀਂ ਸੀ ਉਭਾਸਰਦਾ। ਅਸੀਂ ਤਿੰਨੇ ਜਣੇ ਕਦੇ-ਕਦੇ ਬਾਗੀਆਨਾ ਗੱਲਾਂ ਕਰਨ ਲੱਗ ਪੈਂਦੇ, ਉਥੇ ਮੌਕੇ 'ਤੇ ਉਪਜੇ ਕੁਝ ਖਾਸ ਕਾਰਨਾਂ ਕਰ ਕੇ ਮੈਂ ਨੁਮਾਇਆ ਆਵਾਜ਼ 'ਚ ਵਿਦਰੋਹੀ ਸੁਰ ਅਲਾਪਣ ਲੱਗ ਪਿਆ। ਮੇਰੇ ਦੋਵੇਂ ਸਾਥੀ ਵਿਚਾਰਧਾਰਕ ਤੌਰ 'ਤੇ ਮੇਰੇ ਨਾਲ ਪੂਰੇ ਸਹਿਮਤ ਹੋ ਜਾਂਦੇ, ਪਰ ਜਦ ਮੈਂ ਇਸ ਬੰਦੀਖਾਨੇ ਤੋਂ ਆਜ਼ਾਦ ਹੋਣ ਦੀ ਗੱਲ ਕਰਦਾ ਤਾਂ ਇਹ ਦੋਵੇਂ ਕਹਿ ਦਿੰਦੇ, "ਨਹੀਂ, ਪਾਰਟੀ ਦੇ ਜ਼ਾਬਤੇ ਵਿਚ ਹੀ ਰਹਿਣਾ ਚਾਹੀਦੈ।" ਮੈਂ ਸਿੱਖ ਇਤਿਹਾਸ 'ਚੋਂ ਬਥੇਰੀਆਂ ਦਲੀਲਾਂ ਦੇ ਕੇ ਇਨ੍ਹਾਂ ਨੂੰ ਕਾਇਲ ਕਰ ਲੈਂਦਾ, ਲੇਕਿਨ ਮੁੜ-ਘਿੜ ਕੇ ਖੋਤੀ 'ਪਾਰਟੀ ਜ਼ਾਬਤੇ' ਵਾਲੇ ਬੋਹੜ ਥੱਲੇ ਹੀ ਆ ਖੜ੍ਹਦੀ।

ਆਖਰ ਇਕ ਦਿਨ ਮੇਰੇ ਖੂਨ ਨੇ ਉਬਾਲਾ ਖਾਧਾ। ਮੈਂ ਚੌਟਾਲਾ ਦੇ ਫਾਰਮ 'ਚੋਂ ਬਾਗੀ ਹੋਣ ਦੀ ਸਕੀਮ ਬਣਾ ਲਈ। ਸਖ਼ਤ ਸੁਰੱਖਿਆ ਵਾਲੇ ਪ੍ਰਬੰਧਾਂ ਕਾਰਨ ਮੈਂ ਦੋਹਾਂ ਸਾਥੀਆਂ ਦੀ ਮੱਦਦ ਨਾਲ ਰਾਤ ਦੇ ਦੋ-ਢਾਈ ਵਜੇ ਜੇਲ੍ਹਖਾਨੇ 'ਚੋਂ ਨਿਕਲਿਆ। ਘੜੀ ਹੋਈ ਸਕੀਮ ਮੁਤਾਬਕ ਉਹ ਦੋਵੇਂ ਪਹੁ-ਫੁਟਾਲੇ ਤੱਕ ਬਾਹਰ ਖੇਤਾਂ 'ਚ ਸੈਰ-ਸਪਾਟਾ ਕਰਦੇ ਰਹੇ ਅਤੇ ਮੈਂ ਥੋੜ੍ਹੀ ਵਾਟ ਪੈਦਲ, ਥੋੜ੍ਹਾ ਜਾਟਾਂ ਦੇ ਟਰੈਕਟਰ 'ਤੇ ਬਹਿ ਕੇ ਡੱਬਵਾਲੀ ਬੱਸ ਅੱਡੇ ਪਹੁੰਚ ਗਿਆ। ਮੇਰੀਆਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਉਹ ਦੋਵੇਂ ਉਥੋਂ 'ਆਜ਼ਾਦ' ਨਾ ਹੋਏ, ਪਰ ਮੈਨੂੰ ਉਨ੍ਹਾਂ ਉਥੋਂ ਵਿਦਾ ਕਰ ਦਿੱਤਾ।

ਹੁਣ ਆਈਏ ਕਹਾਵਤ ਵਾਲੀ ਗੱਲ 'ਤੇ; ਉਦੋਂ ਤੋਂ ਲੈ ਕੇ ਹੁਣ ਤੱਕ ਮੈਂ ਤਾਂ ਬਾਦਲ ਦਲ ਦਾ ਸਿਧਾਂਤਕ ਵਿਰੋਧੀ ਹੀ ਬਣਿਆ ਤੁਰਿਆ ਆ ਰਿਹਾ ਹਾਂ ਪਰ ਸਭ ਕੁਝ ਜਾਣਦਿਆਂ-ਬੁੱਝਦਿਆਂ ਉਦੋਂ ਬਾਦਲ ਦਲ ਦੇ ਵਫ਼ਾਦਾਰ ਬਣੇ ਰਹਿਣ ਵਾਲੇ ਉਤਲੇ ਦੋਹਾਂ ਮਿੱਤਰਾਂ ਦਾ ਭਵਿੱਖ ਸੁਣੋ...

ਜਿਵੇਂ ਦੱਸ ਚੁੱਕਾ ਹਾਂ ਕਿ ਫਰਵਰੀ 2012 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਮੈਂ ਪਿੰਡ ਗਿਆ ਹੋਇਆ ਸਾਂ। ਸਿਆਸੀ ਘਟਨਾਵਾਂ ਨੂੰ ਮੈਂ ਨੇੜਿਉਂ ਦੇਖ ਰਿਹਾ ਸਾਂ। ਪਹਿਲੇ, ਦੁਆਬੀਏ ਸ਼੍ਰੋਮਣੀ ਕਮੇਟੀ ਮੈਂਬਰ ਨੇ ਡੰਕੇ ਦੀ ਚੋਟ ਨਾਲ ਬਾਦਲ ਦਲ ਨੂੰ ਅਲਵਿਦਾ ਆਖ ਦਿੱਤੀ। ਦੂਜੇ, ਪੁਆਧ ਦੇ ਇਲਾਕੇ ਵਾਲੇ ਸ਼੍ਰੋਮਣੀ ਕਮੇਟੀ ਮੈਂਬਰ-ਕਮ-ਜ਼ਿਲ੍ਹਾ ਜਥੇਦਾਰ ਨੇ ਵੀ ਸਿਧਾਂਤਕ ਮਤਭੇਦਾਂ ਕਾਰਨ ਬਾਦਲ ਦਲ ਤੋਂ ਪੱਕਾ ਈ ਕਿਨਾਰਾ ਕਰ ਲਿਆ; ਯਾਨਿ ਮੇਰੇ ਵੱਲੋਂ ਬਾਦਲ ਦਲ ਨੂੰ 'ਫਤਿਹ ਬੁਲਾਉਣ' ਤੋਂ ਸਾਲਾਂ ਬਾਅਦ ਉਕਤ ਦੋਹਾਂ ਦੋਸਤਾਂ ਨੇ ਵੀ ਮੇਰੇ ਵਾਲਾ ਰਾਹ ਅਖਤਿਆਰ ਕੀਤਾ।

ਚੋਣਾਂ ਦੇ ਦਿਨੀਂ ਨਵੇਂ ਸ਼ਹਿਰ, ਗਿਰਧਾਰੀ ਦੇ ਢਾਬੇ ਵਿਚ ਬੈਠਾ ਸਿਆਸੀ ਮਿੱਤਰਾਂ ਦੀ ਮਹਿਫ਼ਲ ਵਿਚ ਮੈਂ ਉਪਰੋਕਤ ਕਿੱਸਾ ਸੁਣਾ ਰਿਹਾ ਸਾਂ। ਬੜੀ ਗੰਭੀਰਤਾ ਨਾਲ ਬਿਰਤਾਂਤ ਦਾ ਅਨੰਦ ਮਾਣ ਰਿਹਾ ਇਕ ਹੰਢਿਆ-ਵਰਤਿਆ ਮਿੱਤਰ ਤਾੜੀ ਮਾਰ ਕੇ ਕਹਿੰਦਾ, "ਆਹ ਤਾਂ ਬਈ ਐਨ ਉਹੀ ਗੱਲ ਹੋ ਗਈ, ਅਖੇ ਸਾਥੀ ਤਿੰਨ ਗਰਾਵਾਂ ਦੇ, ਤੁਸੀਂ ਚੱਲੋ ਅਸੀਂ ਆਵਾਂਗੇ!"

---

## ਤੇਰੇ ਹਾਸੇ ਤੇਰੇ ਬੋਲ

ਯਾਦਾਂ ਤੇਰੀਆਂ ਮੇਰੇ ਕੋਲ।
ਜਦ ਵੀ ਤੈਨੂੰ ਯਾਦ ਕਰਾਂ ਮੈਂ
ਚੇਤੇ ਆਉਂਦੇ ਬੋਲ-ਕੁਬੋਲ।
ਯਾਦਾਂ ਬਣ ਕੇ ਰਹਿ'ਗੇ ਸਾਰੇ
ਬੀਤੇ ਦਿਨ ਉਹ ਤੇਰੇ ਕੋਲ।
ਜੀਅ ਕਰਦਾ ਜਦ ਯਾਦ ਸਤਾਵੇ
ਉਡ ਕੇ ਆਵਾਂ ਤੇਰੇ ਕੋਲ।
ਰਾਤਾਂ ਨੂੰ ਉਡ ਜਾਵੇ ਨੀਂਦਰ
ਪਾਸੇ ਖੜ੍ਹ ਕੇ ਕਰੇ ਮਖੌਲ।
ਤੇਰੇ ਸ਼ਹਿਰ ਗੁਜ਼ਾਰੇ ਦਿਨ
ਕਿੱਡਾ ਵਧੀਆ ਸੀ ਮਾਹੌਲ।
ਬਿਰਹਾ ਦੇ ਵਿਚ ਦਿਲ ਤੜਪਦਾ
ਦਿਓ ਦਿਲਾਸਾ ਆ ਕੇ ਕੋਲ।

*-ਜਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

## ਵਾੜ ਹੀ ਖਾਵੇ ਖੇਤ

ਉਪਰ ਤੋਂ ਹੇਠਾਂ ਤੱਕ
ਸਾਰੇ ਨੇਤਾ ਭ੍ਰਿਸ਼ਟ।
ਬਿਨ ਖਾਧੇ ਕੋਈ
ਕੰਮ ਨਾ ਕਰਦਾ,
ਸਾਰੇ ਵੱਢੀਖੋਰ।
ਇਹ ਕੇਹਾ ਅੰਧਘੋਰ।
ਦੇਖ ਓ ਲੋਕਾ ਦੇਖ,
ਵਾੜ ਹੀ ਖਾਵੇ ਖੇਤ।

ਨਿਰਦੋਸ਼ੇ ਨਿੱਤ ਮਰਦੇ,
ਸੱਚੇ ਸੂਲੀ ਚੜ੍ਹਦੇ ਇੱਥੇ।
ਦੋਸ਼ੀ ਫਿਰਦੇ ਦਨਦਨਾਉਂਦੇ,
ਕੁਰਸੀਆਂ 'ਤੇ ਬਹਿਣ ਚੋਰ।
ਦੇਖ ਓ ਲੋਕਾ ਦੇਖ।

ਦੇਸ਼ ਦੇ ਕਿਰਤੀ ਬੰਦੇ,
ਹੱਡ-ਭੰਨਵੀਂ ਮਿਹਨਤ ਕਰਦੇ।
ਬੇਰੁਜ਼ਗਾਰੀ ਤੇ ਮਹਿੰਗਾਈ,
ਅੱਧ-ਭੁੱਖੇ ਜੂਨ ਲੰਘਾਉਂਦੇ।
ਅੱਧ-ਭੁੱਖੇ ਜਾਂਦੇ ਪਰਲੋਕ।
ਦੇਖ ਓ ਲੋਕਾ ਦੇਖ।

ਧੱਕਾ ਧੌਂਸ, ਲੁੱਟ-ਮਾਰ,
ਚੁਫੇਰੇ ਦਿਨ ਦਿਹਾੜੇ।
ਹੋਵੇ ਮਾਰ ਧਾੜ।
ਇਕ ਚਿਹਰਾ ਕਈ ਮਖੌਟੇ,
ਚੋਰਾਂ ਪਾਏ ਸਾਧੂ ਭੇਸ।
ਦੇਖ ਓ ਲੋਕਾ ਦੇਖ।

ਭੁੱਲਿਆ ਬੰਦਾ ਫਰਜ਼ ਸੱਚਾਈ,
ਪੈਸੇ ਦੀ ਇੱਥੇ ਸਰਦਾਰੀ।
ਮਾੜੇ ਦੀ ਨਹੀਂ ਸੁਣਵਾਈ,
ਖੋਖਲਾ ਹੋ ਗਿਆ ਦੇਸ਼।
ਦੇਖ ਓ ਲੋਕਾ ਦੇਖ,
ਵਾੜ ਹੀ ਖਾਵੇ ਖੇਤ।

*-ਰਾਣਾ ਸੰਘੇੜਾ ਤਲਵਣ*
*ਫ਼ੋਨ: 360-823-6927*

## ਕਾਵਿ-ਜਗਤ

### .ਗ਼ਜ਼ਲ

ਤੇਰੀ ਹਉਮੈ ਨੂੰ ਕਿੰਨਾ ਹੋ ਗਿਆ ਹੈ ਪਰਖਣਾ ਮੁਸ਼ਕਿਲ,
ਤੇਰੀ ਹਰ ਪੈੜ ਜੇ ਨਾਪਾਂ, ਬੜਾ ਹੈ ਨਾਪਣਾ ਮੁਸ਼ਕਿਲ।

ਤੂੰ ਸੂਰਜ ਨੂੰ ਜਦੋਂ ਦਾ ਕੈਦ ਕਰ ਕੇ ਘਰ 'ਚ ਰੱਖਿਆ ਹੈ,
ਮੇਰੀ ਹਰ ਸ਼ੈਅ ਦਾ ਆਪਣੇ ਆਪ ਹੋਇਆ ਚਮਕਣਾ ਮੁਸ਼ਕਿਲ।

ਮੈਂ ਪੈਰਾਂ ਵਿਚ ਪਾ ਕੇ ਝਾਂਜਰਾਂ ਵੀ ਨੱਚ ਨਹੀਂ ਸਕਿਆ,
ਤੁਹਾਡੀ ਹਾਜਰੀ ਬਿਨ ਹੋ ਗਿਆ ਹੈ ਥਿਰਕਣਾ ਮੁਸ਼ਕਿਲ।

ਨਦੀ ਹੋ ਕੇ ਵੀ ਤੂੰ ਉਛਲੀ ਤੇ ਕਰ ਗਈ ਪਾਰ ਸਭ ਹੱਦਾਂ,
ਸਮੁੰਦਰ ਹੋ ਕੇ ਵੀ ਮੇਰਾ ਹੈ ਕਿੰਨਾ ਬਹਿਕਣਾ ਮੁਸ਼ਕਿਲ।

ਕਲਾਵੇ ਵਿਚ ਲੈ ਕੇ ਵੀ ਉਹ ਲੱਗਿਆ ਓਪਰਾ ਮੈਨੂੰ,
ਸਮਰਪਿਤ ਹੋ ਕੇ ਵੀ ਉਸ ਨੂੰ ਹੈ ਕਹਿਣਾ ਆਪਣਾ ਮੁਸ਼ਕਿਲ।

ਹਵਾ ਬਣ ਕੇ ਜੇ ਮੈਂ ਵਿਚਰਾਂ, ਤਾਂ ਕਿਉਂ ਤਕਲੀਫ਼ ਕੰਧਾਂ ਨੂੰ,
ਕਿ ਪੱਥਰ ਬਣ ਕੇ ਮੇਰਾ ਵੀ ਹੈ ਏਥੇ ਵਿਚਰਨਾ ਮੁਸ਼ਕਿਲ।

ਤੁਹਾਡੀ ਰੀਝ ਵਿਚ ਕੋਈ ਨਾ ਕੋਈ ਗੈਰ ਵਾਕਿਫ਼ ਸੀ,
ਨਹੀਂ ਤਾਂ ਮੁੰਦਰਾ ਪਾ ਕੇ ਸੀ 'ਲਾਲੀ' ਭਟਕਣਾ ਮੁਸ਼ਕਿਲ।

*-ਰਾਜ 'ਲਾਲੀ' ਸ਼ਰਮਾ, ਸ਼ਿਕਾਗੋ*
*ਫੋਨ: 847-361-4825*


RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਜਾਣਕਾਰੀ ਲਈ
ਫੋਨ: 510-900-3600

*Radio CK, PO Box 296, Fremont, CA 94537*

# ਸ਼ਹੀਦਾਂ ਦੇ ਪਰਿਵਾਰ ਮਨਪ੍ਰੀਤ ਸਿੰਘ ਬਾਦਲ ਤੋਂ ਖ਼ਫ਼ਾ

**ਚੰਡੀਗੜ੍ਹ:** ਪਾਰਟੀ ਫੰਡ ਦੇ ਗਬਨ ਸਮੇਤ ਹੋਰ ਦੋਸ਼ ਲੱਗਣ ਤੋਂ ਬਾਅਦ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਸੁਖਦੇਵ ਦਾ ਪਰਿਵਾਰ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਤੋਂ ਖਫ਼ਾ ਹੈ ਤੇ ਦੋਵੇਂ ਪਰਿਵਾਰਾਂ ਨੂੰ ਉਨ੍ਹਾਂ ਦੀ ਪਹਿਲਾਂ ਕੀਤੀ ਮਦਦ 'ਤੇ ਪਛਤਾਵਾ ਹੈ। ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਤੇ ਸ਼ਹੀਦ ਸੁਖਦੇਵ ਦੇ ਭਤੀਜੇ ਭਾਰਤ ਭੂਸ਼ਣ ਥਾਪਰ ਨੂੰ ਜ਼ਿਆਦਾ ਦੁੱਖ ਹੈ ਕਿ ਉਨ੍ਹਾਂ ਨੂੰ ਪਾਰਟੀ ਵਿਚ ਰਲਾ ਕੇ ਪੂਰੀ ਤਰ੍ਹਾਂ ਵਰਤਿਆ ਗਿਆ ਹੈ।

ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਦਾ ਕਹਿਣਾ ਹੈ ਕਿ ਅਭੈ ਸਿੰਘ ਦਾ ਪੀ.ਪੀ.ਪੀ ਵਿਚ ਸ਼ਾਮਲ ਹੋਣ ਦਾ ਫੈਸਲਾ ਨਿੱਜੀ ਸੀ ਤੇ ਇਸ ਨੂੰ ਪਰਿਵਾਰ ਦੀ ਸਹਿਮਤੀ ਵਜੋਂ ਨਾ ਲਿਆ ਜਾਵੇ। ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਤੋਂ ਤਾਂ ਪਹਿਲੇ ਦਿਨ ਤੋਂ ਹੀ ਕੋਈ ਆਸ ਨਹੀਂ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਅਕਾਲੀ ਤੇ ਕਾਂਗਰਸੀ ਵੀ ਸ਼ਹੀਦਾਂ ਦਾ ਨਾਂ ਵਰਤਣ ਵਿਚ ਪਿੱਛੇ ਨਹੀਂ ਹਨ। ਸ਼ਹੀਦ ਸੁਖਦੇਵ ਦੇ ਭਤੀਜੇ ਭਾਰਤ ਭੂਸ਼ਣ ਥਾਪਰ ਦਾ ਕਹਿਣਾ ਹੈ ਕਿ ਮਨਪ੍ਰੀਤ ਨੇ ਉਸ ਨੂੰ ਘਰੋਂ ਬੁਲਾ ਕੇ ਪਾਰਟੀ ਦੀ ਕੌਂਸਲ ਤੇ ਕੋਰ ਕਮੇਟੀ ਵਿਚ ਸ਼ਾਮਲ ਕਰ ਲਿਆ ਸੀ ਪਰ ਬਾਅਦ ਵਿਚ ਕੋਈ ਪੁੱਛ ਨਹੀਂ ਹੋਈ। ਮਨਪ੍ਰੀਤ ਬਾਦਲ ਨੂੰ ਉਨ੍ਹਾਂ 'ਤੇ ਲੱਗੇ ਦੋਸ਼ਾਂ ਦੇ ਜਵਾਬ ਬਿਨਾਂ ਕਿਸੇ ਦੇਰੀ ਤੋਂ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ 16 ਦਸੰਬਰ ਦੇ ਜਨਰਲ ਇਜਲਾਸ ਵਿਚ ਜਾਣਗੇ ਤੇ ਪੀਪਲਜ਼ ਪਾਰਟੀ ਲਈ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀ ਸੋਚ 'ਤੇ ਸਹੀ ਤਰ੍ਹਾਂ ਚੱਲਣ ਵਾਲੇ ਨੇਤਾ ਨੂੰ ਪਾਰਟੀ ਦੀ ਵਾਗਡੋਰ ਫੜਾਈ ਜਾਣੀ ਚਾਹੀਦੀ ਹੈ। ਅਭੈ ਸਿੰਘ ਸੰਧੂ ਜੋ ਪਾਰਟੀ ਦੇ ਮੀਤ ਪ੍ਰਧਾਨ ਹਨ ਤੇ ਉਨ੍ਹਾਂ ਪਾਰਟੀ ਦੀ ਟਿਕਟ 'ਤੇ ਹਲਕਾ ਨਵਾਂ ਸ਼ਹਿਰ ਤੋਂ ਚੋਣ ਲੜੀ ਸੀ, ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨੇ ਪਾਰਟੀ ਨੂੰ ਚੋਣ ਫੰਡ ਦਿੱਤਾ ਸੀ ਪਰ ਇਸ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਇਸ ਗੱਲ ਤੋਂ ਵੀ ਵਧੇਰੇ ਦੁਖੀ ਹਨ ਕਿ ਮਨਪ੍ਰੀਤ ਨੇ ਉਨ੍ਹਾਂ ਨੂੰ ਨਵਾਂ ਸ਼ਹਿਰ ਵਿਧਾਨ ਸਭਾ ਹਲਕੇ ਤੋਂ ਟਿਕਟ ਦੇ ਕੇ ਮੁੜ ਬਾਤ ਨਾ ਪੁੱਛੀ।

## ਮਨਪ੍ਰੀਤ ਬਾਦਲ ਵੱਲੋਂ ਸਾਰੇ ਦੋਸ਼ ਰੱਦ



ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾਂ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਭੈ ਤੇ ਥਾਪਰ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਗਿਆ ਹੈ ਪਰ ਫੇਰ ਵੀ ਕੋਈ ਕਸਰ ਰਹਿ ਗਈ ਹੋਵੇ ਤਾਂ ਉਹ ਉਨ੍ਹਾਂ ਦੇ ਘਰ ਜਾ ਕੇ ਵੀ ਸਪੱਸ਼ਟੀਕਰਨ ਦੇ ਦੇਣਗੇ। ਸੋਢੀ ਵੱਲੋਂ ਲਾਏ ਦੋਸ਼ਾਂ ਬਾਰੇ ਉਨ੍ਹਾਂ ਕਿਹਾ ਹੈ ਕਿ ਸੋਢੀ ਨੂੰ ਕਈ ਦਿਨ ਪਹਿਲਾਂ ਦਫ਼ਤਰ ਆਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ। ਇਸ ਕਰਕੇ ਉਨ੍ਹਾਂ ਨੇ ਆਪਣੀਆਂ ਕੀਤੀਆਂ 'ਤੇ ਪਰਦਾ ਪਾਉਣ ਲਈ ਉਸ 'ਤੇ ਦੋਸ਼ ਲਾਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਲਈ ਕੋਈ ਚੋਣ ਫੰਡ ਨਹੀਂ ਲਿਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਨਿਯਮਾਂ ਤੋਂ ਉਲਟ ਹੋਣ ਕਰਕੇ ਜਿਹੜਾ ਚੋਣ ਫੰਡ ਦਿੱਤਾ ਗਿਆ ਸੀ ਉਹ ਉਸ ਤਰ੍ਹਾਂ ਹੀ ਵਾਪਸ ਕਰ ਦਿੱਤਾ ਗਿਆ ਸੀ। ਉਨ੍ਹਾਂ ਕਾਂਗਰਸੀਆਂ ਨਾਲ ਮੁਲਾਕਾਤਾਂ ਦੇ ਦੋਸ਼ਾਂ ਨੂੰ ਵੀ ਨਕਾਰਿਆ ਹੈ।

## ਕਾਂਗਰਸ ਨਾਲੋਂ ਸਾਂਝੇ ਮੋਰਚੇ ਨੂੰ ਤਰਜੀਹ: ਮਨਪ੍ਰੀਤ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਮਕਸਦ ਸੱਤਾਧਾਰੀ ਅਕਾਲੀ-ਭਾਜਪਾ ਖ਼ਿਲਾਫ਼ ਮਜ਼ਬੂਤ ਵਿਰੋਧੀ ਧਿਰ ਖੜ੍ਹੀ ਕਰਨਾ ਹੈ ਤੇ ਇਸ ਲਈ ਉਹ ਸਾਂਝੇ ਮੋਰਚੇ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਦੀ ਹਮਾਇਤ ਲੈਣ ਦੇ ਵਿਰੁੱਧ ਨਹੀਂ ਪਰ ਇਸ ਲਈ ਮੋਰਚੇ ਵਿਚ ਸ਼ਾਮਲ ਸਾਰੀਆਂ ਪਾਰਟੀਆਂ ਦੀ ਸਹਿਮਤੀ ਜ਼ਰੂਰੀ ਹੈ। ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਸਾਂਝੇ ਮੋਰਚੇ ਦੀ ਮੀਟਿੰਗ 20 ਨਵੰਬਰ ਨੂੰ ਰੱਖੀ ਗਈ ਹੈ ਤੇ ਇਸ ਵਿਚ ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਨਾਲ ਰਲ ਕੇ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਕਰਨ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਨਾਲ ਚੋਣ ਗਠਜੋੜ ਨੂੰ ਲੈ ਕੇ ਅਜੇ ਤਾਈਂ ਕੋਈ ਮੀਟਿੰਗ ਨਹੀਂ ਹੋਈ। ਕਾਂਗਰਸ ਨਾਲ ਮੀਟਿੰਗਾਂ ਬਾਰੇ ਸਿਰਫ਼ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਵਿਚ ਅਜੇ 20 ਮਹੀਨਿਆਂ ਤੋਂ ਵੱਧ ਸਮਾਂ ਪਿਆ ਹੈ। ਉਦੋਂ ਤਕ ਪਤਾ ਨਹੀਂ ਹਾਲਾਤ ਨੇ ਕਿਸ ਤਰਫ਼ ਕਰਵਟ ਲੈਣੀ ਹੈ। ਇਸ ਕਰਕੇ ਉਹ ਸਿਰਫ਼ ਵਿਰੋਧੀ ਧਿਰ ਨੂੰ ਇਕਜੁੱਟ ਕਰਨ ਦੇ ਯਤਨਾਂ ਵਿਚ ਹਨ। ਦੂਜੇ ਪਾਸੇ ਸਾਂਝੇ ਮੋਰਚੇ ਦੀ ਭਾਈਵਾਲ ਪਾਰਟੀ ਸੀ.ਪੀ.ਆਈ. ਦੇ ਆਗੂ ਡਾ. ਜੁਗਿੰਦਰ ਦਿਆਲ ਦਾ ਕਹਿਣਾ ਹੈ ਕਿ ਉਹ ਕਾਂਗਰਸ ਨੂੰ ਨਾਲ ਲੈ ਕੇ ਸਰਕਾਰ ਵਿਰੁੱਧ ਸੰਘਰਸ਼ ਛੇੜਨ ਦੇ ਹੱਕ ਵਿਚ ਹਨ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਤੇ ਮੋਰਚੇ ਦੇ ਸਰਪ੍ਰਸਤ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਮਨਪ੍ਰੀਤ ਬਾਦਲ ਨੇ ਅਜੇ ਤਾਈਂ ਕਾਂਗਰਸ ਨਾਲ ਚੋਣ ਗਠਜੋੜ ਦੀ ਗੱਲ ਉਨ੍ਹਾਂ ਨਾਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਹ ਡੁੱਬ ਰਹੇ ਪੰਜਾਬ ਨੂੰ ਬਚਾਉਣ ਲਈ ਕਾਂਗਰਸ ਸਮੇਤ ਦੂਜੀਆਂ ਪਾਰਟੀਆਂ ਨਾਲ ਰਲ ਕੇ ਲੜਾਈ ਲੜਨ ਦੇ ਹੱਕ ਵਿਚ ਹਨ।

# ਸੁਖਬੀਰ ਬਾਦਲ ਦੇ ਪਾਕਿ ਦੌਰੇ ਤੋਂ ਵਪਾਰੀ ਬਾਗੋਬਾਗ

**ਅੰਮ੍ਰਿਤਸਰ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਪਾਕਿਸਤਾਨ ਦੌਰੇ ਨੂੰ ਲੈ ਕੇ ਵਪਾਰੀ ਵਰਗ ਵਿਚ ਦੁਵੱਲੇ ਵਪਾਰ ਦੇ ਵਧਣ ਦੀਆਂ ਵੱਡੀਆਂ ਆਸਾਂ ਹਨ।



ਇਸ ਬਾਰੇ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ ਦੇ ਕੌਮੀ ਮੈਂਬਰ ਗੁਣਬੀਰ ਸਿੰਘ ਨੇ ਆਖਿਆ ਕਿ ਉਪ ਮੁੱਖ ਮੰਤਰੀ ਦੇ ਪਾਕਿਸਤਾਨ ਦੌਰੇ ਦੌਰਾਨ ਵਪਾਰੀ ਵਰਗ ਦੀ ਆਪਸ ਵਿਚ ਹੋਣ ਵਾਲੀ ਗੱਲਬਾਤ ਦੌਰਾਨ ਦੁਵੱਲੇ ਵਪਾਰ ਨੂੰ ਵਧਾਉਣ ਬਾਰੇ ਗੱਲਬਾਤ ਹੋਵੇਗੀ ਤੇ ਉਮੀਦ ਹੈ ਕਿ ਇਸ ਗੱਲਬਾਤ ਰਾਹੀਂ ਵਪਾਰ ਸਬੰਧੀ ਆਪਸੀ ਮਸਲੇ ਹੱਲ ਹੋਣਗੇ।

ਉਨ੍ਹਾਂ ਆਖਿਆ ਕਿ ਇਸ ਗੱਲਬਾਤ ਦੌਰਾਨ ਪਾਕਿਸਤਾਨ ਵੱਲੋਂ ਜਾਰੀ ਨਾਂਹਵਾਚੀ ਸੂਚੀ ਅਨੁਸਾਰ ਅਟਾਰੀ ਵਾਹਗਾ ਸਰਹੱਦ ਰਸਤੇ ਵਧੇਰੇ ਵਸਤਾਂ ਦਾ ਵਪਾਰ ਕਰਨ ਬਾਰੇ ਮਸਲਾ ਰੱਖਿਆ ਜਾਵੇਗਾ। ਇਸ ਵੇਲੇ ਪਾਕਿਸਤਾਨ ਵਲੋਂ ਅਟਾਰੀ ਵਾਹਗਾ ਸਰਹੱਦ ਰਸਤੇ ਸਿਰਫ 137 ਵਸਤਾਂ ਦਾ ਵਪਾਰ ਕਰਨ ਦੀ ਆਗਿਆ ਦਿੱਤੀ ਗਈ ਹੈ। ਵਪਾਰੀ ਵਰਗ ਯਤਨ ਕਰੇਗਾ ਕਿ ਅਟਾਰੀ ਵਾਹਗਾ ਸਰਹੱਦ ਰਸਤੇ ਵਪਾਰ ਨੂੰ ਵਧੇਰੇ ਉਤਸ਼ਾਹਤ ਕੀਤਾ ਜਾਵੇ। ਉਨ੍ਹਾਂ ਦਸਿਆ ਕਿ ਇਸ ਵੇਲੇ ਮੁੰਬਈ-ਕਰਾਚੀ ਦੀ ਵਪਾਰੀ ਲਾਬੀ ਦਾ ਦੋਵਾਂ ਮੁਲਕਾਂ ਦੀਆਂ ਸਰਕਾਰਾਂ 'ਤੇ ਵਧੇਰੇ ਪ੍ਰਭਾਵ ਹੈ ਤੇ ਇਸ ਪ੍ਰਭਾਵ ਦਾ ਅਟਾਰੀ ਵਾਹਗਾ ਸਰਹੱਦ ਰਸਤੇ ਹੁੰਦੇ ਵਪਾਰ 'ਤੇ ਮਾੜਾ ਅਸਰ ਪੈ ਰਿਹਾ ਹੈ।

ਉਨ੍ਹਾਂ ਆਖਿਆ ਕਿ ਜੇਕਰ ਅਟਾਰੀ ਵਾਹਗਾ ਸਰਹੱਦ ਰਸਤੇ ਵਪਾਰ ਵਿਚ ਵਾਧਾ ਹੁੰਦਾ ਹੈ ਤਾਂ ਇਸ ਨਾਲ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ ਤੇ ਇਸ ਨਾਲ ਦੁਵੱਲੇ ਰਿਸ਼ਤੇ ਵੀ ਮਜ਼ਬੂਤ ਹੋਣਗੇ।

ਖੰਨਾ ਪੇਪਰ ਮਿੱਲ ਦੇ ਐਮ.ਡੀ. ਸੁਨੀਤ ਕੋਛੜ ਜਿਨ੍ਹਾਂ ਦੀ ਸੰਸਥਾ ਵੱਲੋਂ ਇਸ ਵੇਲੇ ਪਾਕਿਸਤਾਨ ਨੂੰ ਅਖ਼ਬਾਰੀ ਕਾਗਜ਼ ਵੇਚਿਆ ਜਾ ਰਿਹਾ ਹੈ, ਨੇ ਕਿਹਾ ਕਿ ਇਹ ਮੌਕਾ ਦੁਵੱਲੇ ਵਪਾਰ ਨੂੰ ਉਤਸ਼ਾਹਤ ਕਰਨ ਲਈ ਸਹਾਈ ਸਾਬਤ ਹੋਵੇਗਾ। ਇਹ ਦੌਰਾ ਉਸ ਵੇਲੇ ਤੈਅ ਹੋਇਆ ਹੈ ਜਦੋਂ ਦੋਵੇਂ ਮੁਲਕ ਚੰਗੇ ਆਪਸੀ ਸਬੰਧ ਸਥਾਪਤ ਕਰਨ ਲਈ ਯਤਨਸ਼ੀਲ ਹਨ ਤੇ ਇਸ ਬਾਰੇ ਗੱਲਬਾਤ ਦੇ ਦੌਰ ਵੀ ਜਾਰੀ ਹਨ। ਉਨ੍ਹਾਂ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਦੇ ਨਾਲ ਪੰਜਾਬ ਤੋਂ ਵਪਾਰੀ ਵਰਗ ਦਾ ਇਕ ਉਚ ਪੱਧਰੀ ਵਫਦ ਜਾਵੇਗਾ ਤੇ ਲਾਹੌਰ ਵਿਖੇ ਵਪਾਰੀ ਵਰਗ ਦੀ ਦੁਵੱਲੀ ਗੱਲਬਾਤ ਵੀ ਹੋਵੇਗੀ। ਅਜਿਹੀ ਗੱਲਬਾਤ ਨਾਲ ਦੋਵੇਂ ਪਾਸੇ ਆਪਸੀ ਵਿਸ਼ਵਾਸ ਹੋਰ ਪਕੇਰਾ ਹੋਵੇਗਾ।

ਉਨ੍ਹਾਂ ਆਖਿਆ ਕਿ ਪੰਜਾਬ ਤੋਂ ਕਾਗਜ਼, ਖੇਤੀਬਾੜੀ ਵਸਤਾਂ, ਟੈਕਸਟਾਈਲ, ਸਾਇਕਲ ਤੇ ਉਨ੍ਹਾਂ ਦੇ ਪੁਰਜ਼ੇ, ਖੇਡਾਂ ਦਾ ਸਾਮਾਨ, ਆਟੋ ਮੋਬਾਇਲ ਨਾਲ ਸਬੰਧਤ ਵਸਤਾਂ ਤੇ ਦਵਾਈਆਂ ਦਾ ਵਪਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਦੋਵੇਂ ਪੰਜਾਬਾਂ ਵਿਚਾਲੇ ਸੈਰ ਸਪਾਟੇ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ।

# ਵਜ਼ਾਰਤ ਵਿਚ ਖਾਲੀ ਅਹੁਦੇ ਭਰਨ ਦੀ ਕੋਈ ਕਾਹਲੀ ਨਹੀਂ: ਬਾਦਲ

**ਬਠਿੰਡਾ:** ਪੰਜਾਬ ਵਜ਼ਾਰਤ ਵਿਚ ਪਏ ਖਾਲੀ ਅਹੁਦਿਆਂ ਨੂੰ ਭਰਨ ਦੀਆਂ ਕਿਆਸਅਰਾਈਆਂ ਨੂੰ ਰੱਦ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਨੇੜ ਭਵਿੱਖ ਵਿਚ ਅਜਿਹੀ ਕੋਈ ਯੋਜਨਾ ਨਹੀਂ। ਉਨ੍ਹਾਂ ਬੀਬੀ ਜਗੀਰ ਕੌਰ ਦੇ ਜੇਲ੍ਹ ਵਿਚੋਂ ਰਿਹਾਅ ਹੋਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਆਖਿਆ ਕਿ ਹਾਲੇ ਖਾਲੀ ਅਹੁਦੇ ਨਹੀਂ ਭਰੇ ਜਾ ਰਹੇ ਕਿਉਂਕਿ ਉਹ ਕਾਨੂੰਨੀ ਅੜਚਨ ਕਰਕੇ ਅਜਿਹਾ ਨਹੀਂ ਕਰ ਸਕਦੇ ਤੇ ਕੈਬਨਿਟ ਮੀਟਿੰਗਾਂ ਵਿਚ ਖਾਲੀ ਅਹੁਦੇ ਭਰਨ ਬਾਰੇ ਸੋਚ ਵਿਚਾਰ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਆਖਿਆ ਕਿ ਉਨ੍ਹਾਂ ਦੀ ਤਰਜੀਹ ਬੇਰੁਜ਼ਗਾਰੀ ਖਤਮ ਕਰਨਾ ਹੈ। ਬੇਰੁਜ਼ਗਾਰ ਲਾਈਨਮੈਨਾਂ ਦਾ ਮਾਮਲਾ ਸੁਪਰੀਮ ਕੋਰਟ ਵਿਚ ਹੈ ਤੇ ਪੰਜਾਬ ਸਰਕਾਰ ਵੱਲੋਂ ਕੇਸ ਲੜਿਆ ਜਾ ਰਿਹਾ ਹੈ ਤੇ ਸਰਕਾਰ ਦੇ ਪੱਧਰ 'ਤੇ ਕੋਈ ਢਿੱਲ ਨਹੀਂ। ਉਨ੍ਹਾਂ ਆਖਿਆ ਕਿ ਕਾਂਗਰਸ ਦੀ ਅਗਵਾਈ ਵਾਲੀਆਂ ਕੇਂਦਰ ਸਰਕਾਰਾਂ ਨੇ ਪੰਜਾਬ ਨਾਲ ਹਰ ਖੇਤਰ ਵਿਚ ਬੇਇਨਸਾਫ਼ੀ ਕੀਤੀ ਹੈ।


ਇਸ ਮੌਕੇ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਮੁਲਕ ਦਾ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਹਿੰਗਾਈ ਤੇ ਬੇਰੁਜ਼ਗਾਰੀ ਵਰਗੇ ਗੰਭੀਰ ਮਸਲਿਆਂ ਤੋਂ ਅੱਖਾਂ ਮੀਟ ਰਹੀ ਹੈ। ਉਨ੍ਹਾਂ ਕਿਹਾ ਕਿ ਆਖਿਆ ਕਿ ਮਨਪ੍ਰੀਤ ਸਿੰਘ ਬਾਦਲ ਲਈ ਸ਼੍ਰੋਮਣੀ ਅਕਾਲੀ ਦਲ ਦੇ ਸਭ ਦਰਵਾਜ਼ੇ ਬੰਦ ਹਨ। ਉਨ੍ਹਾਂ ਆਖਿਆ ਕਿ ਮਨਪ੍ਰੀਤ ਬਾਦਲ ਕਾਂਗਰਸ ਦਾ ਏਜੰਟ ਹੈ ਤੇ ਉਹ ਕਾਂਗਰਸ ਵਿਚ ਹੀ ਜਾਏਗਾ। ਮਨਪ੍ਰੀਤ ਬਾਦਲ ਨੂੰ ਅਕਾਲੀ ਦਲ ਵਿਚ ਮੁੜ ਸ਼ਾਮਲ ਕੀਤੇ ਜਾਣ ਦੇ ਸਵਾਲ ਦੇ ਜਵਾਬ ਵਿਚ ਬੀਬੀ ਬਾਦਲ ਨੇ ਆਖਿਆ ਕਿ ਅਕਾਲੀ ਦਲ ਦੇ ਸਾਰੇ ਦਰਵਾਜ਼ੇ ਉਸ ਲਈ ਬੰਦ ਹਨ।

# ਫਿਨਲੈਂਡ ਦੀ ਗਵਰਨਰ ਕੌਂਸਲ ਵਿਚ ਪੰਜਾਬੀ ਝੰਡਾ

**ਚੰਡੀਗੜ੍ਹ:** ਫਿਨਲੈਂਡ 'ਚ ਪੰਜਾਬ ਦੇ ਧੂਰੀ ਸ਼ਹਿਰ ਦੇ ਜੰਮਪਲ ਰਣਬੀਰ ਸਿੰਘ ਸੋਢੀ ਦੂਜੀ ਵਾਰ ਵਾਂਤਾ ਦੀ 'ਕੌਂਸਲ ਆਫ ਗਵਰਨਰਜ਼' ਲਈ ਚੁਣੇ ਗਏ ਹਨ। ਕਾਰੋਬਾਰ ਤੋਂ ਰਾਜਨੀਤਕ ਖੇਤਰ ਵਿਚ ਆਏ ਰਣਬੀਰ ਸਿੰਘ ਸੋਢੀ 1987 ਵਿਚ ਫਿਨਲੈਂਡ ਚਲੇ ਗਏ ਸਨ। ਉਹ ਫਿਨਲੈਂਡ ਦੀ ਮੋਹਰੀ ਸੋਸ਼ਲ ਡੈਮੋਕਰੈਟਿਕ ਪਾਰਟੀ ਦੇ ਮੈਂਬਰ ਹਨ ਤੇ ਵਾਂਤਾ ਅਸੈਂਬਲੀ ਵਿਚ ਦਾਖ਼ਲ ਹੋਣ ਵਾਲੇ ਪਹਿਲੇ ਦੱਖਣੀ ਏਸ਼ਿਆਈ ਵਿਅਕਤੀ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅਰਥਸ਼ਾਸਤਰ ਵਿਚ ਪੋਸਟਗਰੈਜੂਏਟ ਸੋਢੀ ਫਿਨਲੈਂਡ ਵਿਚ ਨਾਈਟ ਕਲੱਬ ਚਲਾਉਂਦੇ ਸਨ। ਉਨ੍ਹਾਂ ਦੀ ਪਤਨੀ ਤੇ ਪੁੱਤਰ ਵਾਂਤਾ ਵਿਚ ਉਨ੍ਹਾਂ ਦੇ ਨਾਲ ਰਹਿੰਦੇ ਹਨ ਤੇ ਉੱਥੇ ਪੰਜਾਬ ਤੋਂ 200 ਕੁ ਪਰਿਵਾਰ ਰਹਿ ਰਹੇ ਹਨ। ਵਾਂਤਾ ਫਿਨਿਸ਼ ਰਾਜਧਾਨੀ ਹੈਲਸਿੰਕੀ ਦੇ ਨਾਲ ਲੱਗਦਾ ਸੂਬਾ ਹੈ। ਉਥੋਂ ਦੀ 67 ਮੈਂਬਰੀ ਕੌਂਸਲ ਹੈ। ਉਂਜ ਕੌਂਸਲ ਮੈਂਬਰਾਂ ਨੂੰ ਗਵਰਨਰ ਆਖਿਆ ਜਾਂਦਾ ਹੈ। ਇਸ ਸਾਲ ਦੀਆਂ ਚੋਣਾਂ ਵਿਚ ਸੋਸ਼ਲ ਡੈਮੋਕਰੈਟਿਕ ਪਾਰਟੀ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ ਹੈ।

ਸ. ਸੋਢੀ ਨੇ ਫਿਨਿਸ਼ ਸ਼ਾਸਨ ਪ੍ਰਣਾਲੀ ਨੂੰ ਭਾਰਤੀ ਪ੍ਰਣਾਲੀ ਤੋਂ ਵੱਖਰੀ ਕਰਾਰ ਦਿੰਦਿਆਂ ਕਿਹਾ ਕਿ ਇੱਥੇ ਸਿੱਧੇ ਚੋਣ ਮੁਕਾਬਲੇ ਨਹੀਂ ਹੁੰਦੇ ਸਗੋਂ ਕੁੱਲ ਉਮੀਦਵਾਰਾਂ ਵਿਚੋਂ ਸਭ ਤੋਂ ਵੱਧ ਵੋਟਾਂ ਲਿਜਾਣ ਵਾਲੇ 67 ਉਮੀਦਵਾਰ ਕੌਂਸਲ ਲਈ ਚੁਣ ਲਏ ਜਾਂਦੇ ਹਨ। ਚੋਣ ਲੜਨ ਦਾ ਕੋਈ ਚਾਹਵਾਨ ਆਪਣੀ ਨਾਮਜ਼ਦਗੀ ਭਰ ਸਕਦਾ ਹੈ। ਚੋਣਾਂ ਤੋਂ ਬਾਅਦ ਸੂਬੇ ਦੇ ਵੱਖ-ਵੱਖ ਵਿਭਾਗਾਂ ਦੀ ਦੇਖ-ਰੇਖ ਲਈ ਵੱਖ-ਵੱਖ ਬੋਰਡ ਕਾਇਮ ਕੀਤੇ ਜਾਂਦੇ ਹਨ।



*ਰਣਬੀਰ ਸਿੰਘ ਸੋਢੀ*

ਪਿਛਲੇ ਮਹੀਨੇ ਸਿਰੇ ਚੜ੍ਹੀਆਂ ਇਨ੍ਹਾਂ ਚੋਣਾਂ ਵਿਚ ਸ. ਸੋਢੀ ਤੋਂ ਇਲਾਵਾ ਮੋਗੇ ਤੋਂ ਆਏ ਪਰਵਾਸੀ ਐਸ ਐਸ ਗਿੱਲ ਨੇ ਵੀ ਚੋਣ ਲੜੀ ਸੀ ਪਰ ਉਹ ਕਾਮਯਾਬ ਨਾ ਹੋ ਸਕੇ। ਸ. ਸੋਢੀ ਆਪਣੀ ਪਾਰਟੀ ਵੱਲੋਂ ਵੋਟਾਂ ਲੈਣ ਦੇ ਮਾਮਲੇ ਵਿਚ ਸੱਤਵੇਂ ਨੰਬਰ 'ਤੇ ਰਹੇ ਹਨ। ਇਸ ਤੋਂ ਪਹਿਲਾਂ 2007 ਵਿਚ ਉਹ ਫਿਨਲੈਂਡ ਵਿਚ ਕੌਂਸਲ ਆਫ ਗਵਰਨਰਜ਼ ਲਈ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਅਖਵਾਏ ਸਨ।

## ਗੁਰਦਿਆਲ ਸਿੰਘ ਪੰਜਾਬ 'ਵਰਸਿਟੀ ਦੇ ਸੈਨੇਟਰ ਨਾਮਜ਼ਦ

**ਚੰਡੀਗੜ੍ਹ:** ਗਿਆਨ ਪੀਠ ਪੁਰਸਕਾਰ ਵਿਜੇਤਾ ਪਦਮਸ੍ਰੀ ਗੁਰਦਿਆਲ ਸਿੰਘ ਨੂੰ ਪੰਜਾਬ ਯੂਨੀਵਰਸਿਟੀ ਦਾ ਸੈਨੇਟਰ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਦੀ ਨਿਯੁਕਤੀ ਉਪ ਰਾਸ਼ਟਰਪਤੀ ਅਤੇ ਚਾਂਸਲਰ ਹਾਮਿਦ ਅਨਸਾਰੀ ਵੱਲੋਂ ਕੀਤੀ ਗਈ ਹੈ।

ਨਾਵਲਕਾਰ ਗੁਰਦਿਆਲ ਸਿੰਘ (79) 50 ਤੋਂ ਵਧ ਪੁਸਤਕਾਂ ਦੇ ਲੇਖਕ ਹਨ ਤੇ ਅੱਜਕਲ ਜੈਤੋ ਰਹਿੰਦੇ ਹਨ। ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਗੁਰਦਿਆਲ ਸਿੰਘ ਦੂਜੇ ਪੰਜਾਬੀ ਲੇਖਕ ਹਨ ਜਿਨ੍ਹਾਂ ਨੂੰ ਗਿਆਨ ਪੀਠ ਪੁਰਸਕਾਰ ਪ੍ਰਾਪਤ ਹੋਇਆ ਹੈ।


Radio Chann Pardesi

ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991

ਸਰਵਣ ਸਿੰਘ ਟਿਵਾਣਾ, ਫੋਨ:219-670-4579





Bhangra, Masti with DJ Soni

ਇੰਡੀਆਨਾ, ਮਿਸ਼ੀਗਨ, ਓਹਾਇਓ, ਇਲੀਨਾਏ, ਕੈਨਟਕੀ

Birthday party, Anniversary, Marriage, Jaago, Graduation, or any celebration.

ਜਨਮ ਦਿਨ ਪਾਰਟੀ, ਵਰ੍ਹੇਗੰਢ, ਵਿਆਹ-ਸ਼ਾਦੀ, ਜਾਗੋ, ਗਰੈਜੂਏਸ਼ਨ ਜਾਂ ਖੁਸ਼ੀ ਦੇ ਕਿਸੇ ਵੀ ਮੌਕੇ ਨੂੰ ਯਾਦਗਾਰੀ ਬਣਾਉਣ ਲਈ ਸੋਨੀ ਡੀ ਜੇ ਨੂੰ ਯਾਦ ਰੱਖੋ

Full Service DJ

We Travel All Over USA

Ph:513-600-4447

e-mail: djsoni718@gmail.com



We Provide Bhangra Group & Dholi Also.



# .ਗ਼ਦਰ 99

*ਆਪਣੇ ਵਤਨ ਹਿੰਦੋਸਤਾਨ ਨੂੰ ਅੰਗਰੇਜ਼ ਹਾਕਮਾਂ ਦੀ ਗੁਲਾਮੀ ਤੋਂ ਮੁਕਤੀ ਦਿਵਾਉਣ ਲਈ ਅਮਰੀਕਾ ਦੀ ਧਰਤੀ ਤੋਂ ਜੋ .ਗਦਰ ਸ਼ੁਰੂ ਕੀਤਾ ਗਿਆ ਸੀ, ਉਸ ਦੀ ਸ਼ਤਾਬਦੀ ਅਗਲੇ ਸਾਲ 2013 ਵਿਚ ਆ ਰਹੀ ਹੈ। ਇਸ .ਗਦਰ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਸੰਸਾਰ ਭਰ ਵਿਚ ਆਰੰਭ ਹੋ ਚੁੱਕੇ ਹਨ। ਵੱਖ-ਵੱਖ ਸੰਸਥਾਵਾਂ ਆਪੋ-ਆਪਣੇ ਵਿਤ ਮੁਤਾਬਕ .ਗਦਰੀਆਂ ਵੱਲੋਂ ਵਤਨ ਲਈ ਕੀਤੀਆਂ ਕੁਰਬਾਨੀਆਂ ਯਾਦ ਕਰ ਕੇ ਉਨ੍ਹਾਂ ਦੀ ਨਿੱਗਰ ਤੇ ਨਿਰਪੱਖ ਸੋਚ ਅਤੇ ਸਿਰੜ ਨੂੰ ਸਜਦਾ ਕਰ ਰਹੀਆਂ ਹਨ। .ਗਦਰੀਆਂ ਨੇ ਹਥਿਆਰਬੰਦ ਸੰਘਰਸ਼ ਰਾਹੀਂ ਪਹਿਲੀ ਵਾਰ ਵੱਡੀ ਪੱਧਰ ਉਤੇ ਵਤਨ ਦੀ ਆਜ਼ਾਦੀ ਦਾ ਸੁਪਨਾ ਲਿਆ। ਆਪਣੀ ਜਥੇਬੰਦੀ ਅਤੇ ਸਰਗਰਮੀਆਂ ਦੇ ਪ੍ਰਚਾਰ ਲਈ ਇਨ੍ਹਾਂ .ਗਦਰੀਆਂ ਨੇ '.ਗਦਰ' ਨਾਂ ਦਾ ਜਿਹੜਾ ਪਰਚਾ ਸ਼ੁਰੂ ਕੀਤਾ, ਉਸ ਦੇ ਨਾਂ 'ਤੇ ਹੀ ਇਨ੍ਹਾਂ ਦਾ ਸੰਘਰਸ਼ ਮਸ਼ਹੂਰ ਹੋ ਗਿਆ। ਉਨ੍ਹਾਂ ਨੇ ਆਪਣੀ ਇਸ ਲੜਾਈ ਵਿਚ ਹਿੱਸਾ ਪਾਉਣ ਲਈ ਹਰ ਧਰਮ, ਜਾਤ ਅਤੇ ਭਾਈਚਾਰੇ ਦੇ ਲੋਕਾਂ ਨੂੰ ਲਾਮਬੰਦ ਕੀਤਾ। ਉਨ੍ਹਾਂ ਦਾ ਇਕ ਹੀ ਨਿਸ਼ਾਨਾ ਸੀ-ਵਤਨ ਦੀ ਆਜ਼ਾਦੀ ਅਤੇ ਇਸ ਆਜ਼ਾਦੀ ਲਈ ਉਨ੍ਹਾਂ ਆਪਣੇ ਜੀਵਨ ਦਾ ਪਲ-ਪਲ ਕੁਰਬਾਨ ਕਰ ਦਿੱਤਾ। ਜਲੰਧਰ ਵਿਚ ਹਰ ਸਾਲ ਦੇਸ਼ ਭਗਤ ਯਾਦਗਾਰ ਹਾਲ ਵਿਚ 'ਮੇਲਾ .ਗਦਰੀ ਬਾਬਿਆਂ ਦਾ' ਲਗਦਾ ਹੈ। ਪੇਸ਼ ਹਨ ਇਸ ਮੇਲੇ ਦੀਆਂ ਕੁਝ ਝਲਕੀਆਂ।-ਸੰਪਾਦਕ*

## ਅਗਲੇ .ਗਦਰ ਲਈ ਤਿਆਰੀ ਦਾ ਸੱਦਾ

**ਜਲੰਧਰ:** ਪ੍ਰਾਈਵੇਟ ਅਦਾਰਿਆਂ ਵੱਲੋਂ ਲੋਕਾਂ ਦੇ ਖੋਹੇ ਜਾ ਰਹੇ ਮੁੱਢਲੇ ਹੱਕਾਂ ਵਿਰੁੱਧ ਲਾਮਬੰਦ ਹੋਣ ਤੇ ਦੂਜੇ ਗ਼ਦਰ ਲਈ ਤਿਆਰ ਰਹਿਣ ਦਾ ਸੱਦਾ ਦਿੰਦਾ ਹੋਇਆ 21ਵਾਂ ਗ਼ਦਰੀ ਬਾਬਿਆਂ ਦਾ ਮੇਲਾ ਸਮਾਪਤ ਹੋ ਗਿਆ। ਮੇਲੇ ਦੇ ਆਖ਼ਰੀ ਦਿਨ ਹੋਈਆਂ ਚਰਚਾਵਾਂ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਮੁਲਕ ਨੂੰ ਪ੍ਰਾਈਵੇਟ ਅਦਾਰਿਆਂ ਕੋਲ ਵੇਚਿਆ ਜਾ ਰਿਹਾ ਹੈ। ਦੇਸ਼ ਦੇ ਕੁਦਰਤੀ ਸਰੋਤ ਜਲ, ਜੰਗਲ ਤੇ ਜ਼ਮੀਨ ਤੇ ਕਬਜ਼ੇ ਕੀਤੇ ਜਾ ਰਹੇ ਹਨ। ਲੋਕਾਂ ਨੂੰ ਉਨ੍ਹਾਂ ਦੇ ਮੁਢਲੇ ਹੱਕਾਂ ਸਿੱਖਿਆ, ਸਿਹਤ ਤੇ ਰੋਜ਼ੀ-ਰੋਟੀ ਕਮਾਉਣ ਦੇ ਸਾਧਨਾਂ ਤੋਂ ਵੀ ਦੂਰ ਕੀਤਾ ਜਾ ਰਿਹਾ ਹੈ। ਇਸ ਮੌਕੇ ਅਗਲੇ ਗਦਰ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ।

ਬੁਲਾਰਿਆਂ ਨੇ ਸੱਦਾ ਦਿੱਤਾ ਕਿ ਦੇਸ਼ ਦੇ ਗ਼ਰੀਬ ਲੋਕ ਇਨ੍ਹਾਂ ਤਾਕਤਾਂ ਵਿਰੁੱਧ ਲੜਨ ਲਈ ਲਾਮਬੰਦ ਹੋਣ ਤੇ ਦੇਸ਼ ਦੀ ਅਜ਼ਾਦੀ ਲਈ ਛੇੜੇ ਗਏ ਗ਼ਦਰ ਵਾਂਗ ਹੀ ਦੂਜੇ ਗ਼ਦਰ ਲਈ ਤਿਆਰ ਰਹਿਣ ਤਾਂ ਜੋ ਪ੍ਰਾਈਵੇਟ ਕੰਪਨੀਆਂ ਦੇ ਵਧ ਰਹੇ ਗਲਬੇ ਨੂੰ ਤੋੜਿਆ ਜਾਵੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਦੇਸ਼ ਨੂੰ ਦਰਪੇਸ਼ ਮੌਜੂਦਾ ਸੰਕਟ ਵਿਚੋਂ ਬਾਹਰ ਕੱਢਣ ਵਾਸਤੇ ਗ਼ਦਰੀ ਬਾਬਿਆਂ ਵੱਲੋਂ ਦਰਸਾਏ ਧਰਮ ਨਿਰਪੱਖਤਾ, ਦੇਸ਼ ਭਗਤੀ ਤੇ ਸਾਂਝੀਵਾਲਤਾ ਦੇ ਸੁਨੇਹੇ ਉਪਰ ਅਮਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਉਨ੍ਹਾਂ ਮੇਲਾ ਪ੍ਰੇਮੀਆਂ ਨੂੰ ਸੱਦਾ ਦਿੱਤਾ ਕਿ ਗ਼ਦਰ ਸ਼ਤਾਬਦੀ-2013 ਬਾਰੇ ਬਹੁਪੱਖੀ ਸਰਗਰਮੀਆਂ ਨੂੰ ਤੇਜ਼ ਕਰੀਏ ਤਾਂ ਕਿ ਸ਼ਤਾਬਦੀ ਸਮਾਰੋਹ ਇਤਿਹਾਸ ਦਾ ਇਕ ਯਾਦਗਾਰੀ ਪੰਨਾ ਬਣ ਸਕੇ। ਪਿੱਛੋਂ ਕੁੰਜੀਵਤ ਭਾਸ਼ਣ ਵਿਚ ਕਾਮਰੇਡ ਜਗਰੂਪ ਨੇ ਕਿਹਾ ਕਿ ਮਨੁੱਖ ਜਾਤੀ ਦੇ ਭਲੇ ਨੂੰ ਸਮਰਪਿਤ ਗ਼ਦਰ ਲਹਿਰ ਸੌ ਵਰ੍ਹੇ ਪੂਰੇ ਕਰਨ ਜਾ ਰਹੀ ਹੈ। ਗ਼ਦਰੀਆਂ ਨੇ ਨਵੇਂ ਢੰਗ ਵਿੱਚ ਲੋਕਾਂ ਨੂੰ ਜਗਾਉਣ ਤੇ ਜਥੇਬੰਦ ਕਰਨ ਵਿਚ ਵਰਨਣਯੋਗ ਹਿੱਸਾ ਪਾਇਆ।

ਇਸ ਮੌਕੇ ਸਟੇਜ 'ਤੇ ਕਾਮਰੇਡ ਗੰਧਰਭ ਸੈਨ ਕੋਛੜ, ਚੈਨ ਸਿੰਘ ਚੈਨ, ਡਾ. ਰਘਵੀਰ ਕੌਰ, ਕਾਮਰੇਡ ਮੰਗਤ ਰਾਮ ਪਾਸਲਾ, ਦੇਵ ਰਾਜ ਨਈਅਰ, ਡਾ. ਪਰਮਿੰਦਰ, ਅਮੋਲਕ, ਗੁਰਮੀਤ, ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ, ਹਰਵਿੰਦਰ ਭੰਡਾਲ, ਰਮਿੰਦਰ ਪਟਿਆਲਾ, ਬੀਬੀ ਬਡਾਲਾ, ਕਾਮਰੇਡ ਕੁਲਵੰਤ, ਕੈਪਟਨ ਰਣਜੀਤ ਸਿੰਘ ਆਈ.ਐਨ.ਏ. ਤੇ ਆਈ.ਐਨ.ਏ. ਪਰਿਵਾਰਾਂ ਦੇ ਮੈਂਬਰ ਹਾਜ਼ਰ ਸਨ।

ਇਸ ਦੌਰਾਨ ਸੁਰਿੰਦਰ ਕੁਮਾਰ ਕੋਛੜ ਦੇ ਅਗਵਾਈ ਵਿਚ ਐਸ.ਐਸ. ਸਿਲਾਈ ਕਢਾਈ ਦੀਆਂ ਸਿਖਿਆਰਥਣਾਂ ਨੇ ਤਾਲਿਬਾਨੀਆਂ ਵੱਲੋਂ ਜ਼ਖਮੀ ਕੀਤੀ ਪਾਕਿਸਤਾਨੀ ਦੀ ਅਗਾਂਗਵਧੂ ਮਲਾਲਾ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ। ਇਸ ਪਿੱਛੋਂ ਮੇਲਾ ਗ਼ਦਰੀ ਬਾਬਿਆਂ ਦੀ ਖ਼ਾਸ ਪੇਸ਼ਕਾਰੀ 'ਝੰਡੇ ਦਾ ਗੀਤ' ਆਜ਼ਾਦ ਹਿੰਦ ਫੌਜ ਦੇ ਅਣਗੌਲੇ ਪੰਨੇ ਫਰੋਲ ਗਿਆ। ਮਗਰੋਂ ਮੇਲੇ ਦੀ ਵੱਡੀ ਸਟੇਜ 'ਤੇ ਸਮਾਗਮਾਂ ਦੀ ਸ਼ੁਰੂਆਤ ਹੋਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਦੇਸ਼ ਦੀ ਅਜ਼ਾਦੀ ਦੇ ਘੋਲ ਵਿਚ ਆਜ਼ਾਦ ਹਿੰਦ ਦੇ ਪਾਏ ਯੋਗਦਾਨ ਬਾਰੇ ਦੱਸਿਆ। ਇਸੇ ਦੌਰਾਨ 'ਮੇਲਾ ਗ਼ਦਰੀ ਬਾਬਿਆਂ ਦਾ' ਸੋਵੀਨਰ ਤੇ ਵਿਰਸਾ ਮੈਗਜ਼ੀਨ ਰਿਲੀਜ਼ ਕੀਤੀ। ਲੰਗਰ ਲਾਉਣ ਵਾਲੇ ਪਿੰਡ ਗੁਰੂਵਾਲੀ ਦਾ ਸਨਮਾਨ ਕੀਤਾ ਗਿਆ। ਆਜ਼ਾਦ ਹਿੰਦ ਦੀ ਰਾਣੀ ਝਾਂਸੀ ਰੈਜਮੈਂਟ ਦੀ ਕਮਾਂਡਰ ਕੈਪਟਨ ਲਕਸ਼ਮੀ ਸਹਿਗਲ ਦੀ ਪੁੱਤਰੀ ਸੁਭਾਸ਼ਨੀ ਅਲੀ ਨੇ ਆਈ.ਐਨ.ਏ. ਦੀਆਂ ਸਰਗਰਮੀਆਂ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਯੋਗਦਾਨ ਬਾਰੇ ਪਾਏ ਭਰਮ ਭੁਲੇਖੇ ਦੂਰ ਕਰਦਿਆਂ ਮੌਜੂਦਾ ਹਾਲਾਤ ਕਾਰਨ ਇਕ ਹੋਰ ਗ਼ਦਰ ਦੀ ਲੋੜ 'ਤੇ ਜ਼ੋਰ ਦਿੱਤਾ।

ਲੋਕ ਪੱਖੀ ਸੰਗੀਤ ਦਾ ਆਗਾਜ਼ ਪ੍ਰਸਿੱਧ ਕਵੀਸ਼ਰ ਜੋਗਾ ਸਿੰਘ ਜੋਗੀ ਦੀ ਦੋਹਤੀ ਕੰਵਲ ਬਹਾਰ ਨੇ ਕੀਤਾ। ਇਸੇ ਤਰ੍ਹਾਂ ਕਵੀਸ਼ਰ ਜੋਗਾ ਸਿੰਘ ਜੋਗੀ ਤੇ ਸਾਥੀ, ਲੋਕ ਸੰਗੀਤ ਮੰਡਲੀ ਭਦੌੜ (ਰਾਮ ਕੁਮਾਰ) ਤੇ ਲੋਕ ਸੰਗੀਤ ਮੰਡਲੀ ਛਾਜਲੀ (ਢਾਡੀ ਦੇਸ ਰਾਜ) ਤੇ ਅਮਰਜੀਤ ਸਿੰਘ ਬਿਧੀਪੁਰੀਆਂ ਨੇ ਲੋਕ ਧੁੰਨਾਂ ਵਿਚ ਇਨਕਲਾਬੀ ਤੇ ਲੋਕ ਪੱਖੀ ਗੀਤ ਗਾ ਕੇ ਨਰੋਆ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ।

### ਮੇਲਾ .ਗਦਰੀ ਬਾਬਿਆਂ ਦਾ



## ਅਭੁੱਲ ਬਣੀ ਨਾਟਕਾਂ ਵਾਲੀ ਰਾਤ

**ਜਲੰਧਰ:** ਗ਼ਦਰੀ ਬਾਬਿਆਂ ਦੇ ਮੇਲੇ ਦੀ ਆਖ਼ਰੀ ਰਾਤ ਵੱਡੇ ਤੜਕੇ ਤੱਕ ਨਾਟਕਾਂ ਦਾ ਮੰਚਨ ਹੁੰਦਾ ਰਿਹਾ। ਸਾਰੀ ਰਾਤ ਖੇਡੇ ਗਏ ਨਾਟਕਾਂ ਨੇ ਜਿੱਥੇ ਮੇਲਾ ਪ੍ਰੇਮੀਆਂ ਵਿਚ ਇਨਕਲਾਬੀ ਝਰਨਾਟਾਂ ਛੇੜ ਦਿੱਤੀਆਂ, ਉਥੇ ਸਮਾਜ ਵਿਚ ਫੈਲੇ ਬੁਰਾਈ ਦੇ ਹਨੇਰੇ ਨੂੰ ਚੀਰਨ ਲਈ ਚੇਤਨਾ ਦੇ ਚਾਨਣ ਦਾ ਛਿੱਟਾ ਦਿੱਤਾ। ਨਾਟਕਾਂ ਭਰੀ ਰਾਤ ਦਾ ਆਗਾਜ਼ ਕਰਦਿਆਂ ਕਮੇਟੀ ਮੈਂਬਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਦੇਸ਼ ਵਿਚ ਗ਼ਦਰ ਲਹਿਰ ਦੇ ਸਮੇਂ ਨਾਲੋਂ ਵੀ ਤਿੱਖੀਆਂ ਚੁਣੌਤੀਆਂ ਅੱਜ ਸਾਂਝੇ ਸੰਗਰਾਮ ਦੀ ਮੰਗ ਕਰਦੀਆਂ ਹਨ। ਗ਼ਦਰ ਸ਼ਤਾਬਦੀ ਮੁਹਿੰਮ ਕਮੇਟੀ ਦੇ ਕੋ-ਕਨਵੀਨਰ ਗੁਰਮੀਤ ਨੇ ਗ਼ਦਰ ਸ਼ਤਾਬਦੀ ਦੇ ਮਹੱਤਵ 'ਤੇ ਰੌਸ਼ਨੀ ਪਾਈ। ਕਮੇਟੀ ਦੀ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਕਮੇਟੀ ਵੱਲੋਂ ਸ਼ਹੀਦ ਮਦਨ ਲਾਲ ਢੀਂਗਰਾ ਦੇ ਘਰ ਨੂੰ ਯਾਦਗਾਰ ਬਣਾਉਣ, ਡਲਹੌਜ਼ੀ ਦਾ ਨਾਂ ਚਾਚਾ ਅਜੀਤ ਸਿੰਘ ਨਗਰ ਰੱਖਣ, ਔਰਤਾਂ ਤੇ ਬੱਚੀਆਂ ਦੀ ਬੇਪੱਤੀ ਤੇ ਉਧਾਲੇ ਦੌਰਾਨ ਪੁਲਿਸ ਤੇ ਹਾਕਮਾਂ ਦੇ ਰੋਲ ਦੀ ਨਿੰਦਾ ਤੇ ਅਗਲੇ ਵਰ੍ਹੇ ਗ਼ਦਰ ਸ਼ਤਾਬਦੀ ਨੂੰ ਸਫਲ ਬਣਾਉਣ ਦੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਵੱਡੀ ਗਿਣਤੀ ਮੇਲਾ ਪ੍ਰੇਮੀਆਂ ਨੇ ਹੱਥ ਖੜ੍ਹੇ ਕਰਕੇ ਸਮਰਥਨ ਦਿੱਤਾ।



ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਸ ਰਾਤ ਦੇ ਮੰਚ ਸੰਚਾਲਨ ਦੌਰਾਨ ਕਿਹਾ ਕਿ ਸਮੂਹ ਰੰਗਕਰਮੀਆਂ ਕੋਲੋਂ ਗ਼ਦਰ ਸ਼ਤਾਬਦੀ ਤੇ ਵਕਤ ਦੀਆਂ ਵੰਗਾਰਾਂ ਪ੍ਰਤੀਬੱਧਤਾ ਤੇ ਸਮਰਪਨ ਦੀ ਮੰਗ ਕਰਦੀਆਂ ਹਨ। ਡਾ. ਸਾਹਿਬ ਸਿੰਘ ਦੇ ਲਿਖੇ ਤੇ ਨਿਰਦੇਸ਼ਤ ਨਾਟਕ 'ਯੁੱਧ ਤੇ ਬੁੱਧ' ਨੂੰ ਪੇਸ਼ ਕਰਦੇ ਅਦਾਕਾਰ ਮੰਚ ਮੁਹਾਲੀ ਦੇ ਕਲਾਕਾਰਾਂ ਨੇ ਕਸ਼ਮੀਰ ਤਰਾਸਦੀ ਦਾ ਮਸਲਾ ਚੁੱਕਿਆ। ਖਚਾਖਚ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਤਾੜੀਆਂ ਦੀ ਗੂੰਜ ਨਾਲ ਕਲਾਕਾਰਾਂ ਨੂੰ ਦਾਦ ਦਿੱਤੀ। ਅਲਟਰਨੇਟਿਵ ਲਾਈਵ ਥੀਏਟਰ ਕਲੱਕਤਾ ਦੇ ਕਲਾਕਾਰਾਂ ਨੇ ਪ੍ਰੋਬੀਰ ਗੁਹਾ ਦੀ ਨਿਰਦੇਸ਼ਨਾ ਵਿਚ ਨਾਟਕ 'ਘਰ ਵਾਪਸੀ ਕੇ ਗੀਤ' ਪੇਸ਼ ਕੀਤਾ। ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿਚ ਉਨ੍ਹਾਂ ਦਾ ਲਿਖਿਆ ਤੇ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਖੇਡਿਆ ਨਾਟਕ 'ਉਹ ਕਿਤੇ ਨਹੀਂ ਗਏ' ਆਜ਼ਾਦ ਹਿੰਦ ਫੌਜ ਦੇ ਇਤਿਹਾਸ ਨੂੰ ਰੂਪਮਾਨ ਕਰਦਿਆਂ ਇਹ ਸੁਨੇਹਾ ਦੇ ਗਿਆ ਕਿ ਜੇਕਰ ਅਜੋਕੀ ਵਿਵਸਥਾ ਅੰਗਰੇਜ਼ ਹੁਕਮਰਾਨਾਂ ਦੀ ਗ਼ੁਲਾਮੀ ਤੋਂ ਵੀ ਬਦਤਰ ਹੈ ਤਾਂ ਅਜ਼ਾਦ ਹਿੰਦ ਫੌਜ ਦੇ ਦੇਸ਼ ਭਗਤਾਂ ਦਾ ਸੁਪਨਾ ਪੂਰਾ ਕਰਨ ਵਾਲੇ ਵੀ ਕਿਤੇ ਨਹੀਂ ਗਏ। ਇਸੇ ਤਰ੍ਹਾਂ ਸੁਚੇਤਕ ਰੰਗਮੰਚ ਮੁਹਾਲੀ ਵੱਲੋਂ ਭਾਅ ਜੀ ਗੁਰਸ਼ਰਨ ਸਿੰਘ ਦਾ ਲਿਖਿਆ ਤੇ ਅਨੀਤਾ ਸਬਦੀਸ਼ ਵੱਲੋਂ ਨਿਰਦੇਸ਼ਤ ਨਾਟਕ 'ਜਦੋਂ ਰੌਸ਼ਨੀ ਹੁੰਦੀ ਹੈ', ਸੈਮੂਅਲ ਜੌਹਨ ਵੱਲੋਂ ਨਾਟਕ 'ਕਿਰਤੀ', ਜਗੀਰ ਜੋਸਨ ਦੀ ਨਿਰੇਦਸ਼ਨਾ ਵਿਚ 'ਬਾਵਰਚੀ ਦੀ ਧੀ' ਤੇ ਭਾਜੀ ਗੁਰਸ਼ਰਨ ਸਿੰਘ ਦੀ ਰਚਨਾ ਤੇ ਇੱਕਤਰ ਦੀ ਨਿਰਦੇਸ਼ਨਾ ਵਿਚ 'ਇਕੋ ਮਿੱਟੀ ਦੇ ਪੁੱਤ' ਨੇ ਮੇਲਾ ਪ੍ਰੇਮੀਆਂ ਨੂੰ ਸਰਘੀ ਵੇਲੇ ਤੱਕ ਅੱਖ ਨਾ ਝਪਕਣ ਦਿੱਤੀ।

## ਸਭ ਤੋਂ ਪਹਿਲਾਂ ਜਰਮਨੀ 'ਚ ਗੂੰਜਿਆ ਸੀ 'ਜੈ ਹਿੰਦ' ਦਾ ਨਾਅਰਾ

**ਜਲੰਧਰ:** ਸੁਭਾਸ਼ ਚੰਦਰ ਬੋਸ ਦੇ ਜੀਵਨ ਨਾਲ ਜੁੜੇ ਹੋਏ 'ਨੇਤਾ ਜੀ' ਤੇ 'ਜੈ ਹਿੰਦ' ਸ਼ਬਦ ਭਾਰਤ ਵਿਚ ਸਥਾਪਤ ਹੋਣ ਤੋਂ ਪਹਿਲਾਂ ਇਹ ਜਰਮਨੀ ਵਿਚ ਪ੍ਰਚੱਲਤ ਹੋ ਗਏ ਸਨ। ਨੇਤਾ ਜੀ ਦੀ ਆਜ਼ਾਦ ਹਿੰਦ ਫੌਜ ਨੂੰ ਸਮਰਪਿਤ ਦੇਸ਼ ਭਗਤ ਯਾਦਗਾਰ ਹਾਲ ਵਿਚ ਚੱਲ ਰਹੇ 21ਵੇਂ ਗਦਰੀ ਬਾਬਿਆਂ ਦੇ ਮੇਲੇ ਵਿਚ ਨੌਜਵਾਨ ਪੀੜ੍ਹੀ ਨੇ ਨੇਤਾ ਸੁਭਾਸ਼ ਚੰਦਰ ਬੋਸ ਦੇ ਜੀਵਨ ਵਿਚ ਕਾਫੀ ਦਿਲਚਸਪੀ ਦਿਖਾਈ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਨੇਤਾ ਜੀ ਦੇ ਜੀਵਨ ਬਾਰੇ ਨਵੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ ਜਿਨ੍ਹਾਂ ਵਿਚ ਸੁਭਾਸ਼ ਚੰਦਰ ਬੋਸ ਨੂੰ ਨੇਤਾ ਜੀ ਦਾ ਨਾਂ ਦੇਣਾ ਤੇ ਆਜ਼ਾਦ ਹਿੰਦ ਫੌਜ ਵੱਲੋਂ ਅਪਣਾਇਆ ਗਿਆ 'ਜੈ ਹਿੰਦ' ਦਾ ਨਾਅਰਾ ਸਭ ਤੋਂ ਪਹਿਲਾਂ ਜਰਮਨੀ ਵਿਚ ਪ੍ਰਚੱਲਤ ਹੋਏ ਸਨ। ਉਨ੍ਹਾਂ ਕਿਹਾ ਕਿ ਜਦੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਆਜ਼ਾਦੀ ਲਹਿਰ ਵਿਚ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਸਰਗਰਮ ਹੋਏ ਤਾਂ ਤੀਹਵਿਆਂ ਬਾਅਦ ਉਨ੍ਹਾਂ ਦੀ ਸਰਗਰਮੀ ਬੇਹੱਦ ਚਰਚਿਤ ਹੋ ਗਈ ਪਰ ਜਿਸ 'ਨੇਤਾ ਜੀ' ਸ਼ਬਦ ਨਾਲ ਉਹ ਸਮੁੱਚੇ ਸੰਸਾਰ ਵਿਚ ਚਰਚਿਤ ਹੋਏ ਹਨ ਜਿਵੇਂ ਮਗਰੋਂ ਤੇ ਹੁਣ 'ਸੁਭਾਸ਼ ਚੰਦਰ ਬੋਸ' ਤੇ 'ਨੇਤਾ ਜੀ' ਸ਼ਬਦ ਇਕ ਦੂਜੇ ਦੇ ਪੂਰਕ ਹਨ ਤੇ ਨੇਤਾ ਜੀ ਸ਼ਬਦ ਦਾ ਮਤਲਬ ਹੀ ਸੁਭਾਸ਼ ਚੰਦਰ ਬੋਸ ਬਣ ਗਿਆ ਹੈ।

ਉਨ੍ਹਾਂ ਇਸ ਬਾਰੇ ਵਿਨੋਦ ਲੱਖਣਪਾਲ ਦੀ ਹਿੰਦੀ ਵਿਚ ਲਿਖੀ 'ਭਾਰਤੀ ਸੁਤੰਤਰ ਸੰਘਰਸ਼' ਕਿਤਾਬ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਨੇਤਾ ਜੀ ਦੇ ਨਾਂ ਨੂੰ 2 ਨਵੰਬਰ, 1941 ਦੀ ਜਰਮਨ ਵਿਚ ਹੋਈ ਸਿਰਲੱਥ ਭਾਰਤੀਆਂ ਦੀ ਅਤਿਅੰਤ ਖੁਫੀਆ ਮੀਟਿੰਗ ਵਿਚ ਸੁਭਾਸ਼ ਚੰਦਰ ਬੋਸ ਨੂੰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੋਇਆ ਇਹ ਕਿ ਬਰਲਿਨ ਵਿਚ ਫਰੀ ਇੰਡੀਆ ਸੈਂਟਰ ਦੀ ਹੋਈ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਸੁਭਾਸ਼ ਚੰਦਰ ਬੋਸ ਜਥੇਬੰਦੀ ਦਾ ਪ੍ਰਧਾਨ ਹੋਵੇਗਾ ਤੇ ਅੱਗੇ ਤੋਂ ਉਨ੍ਹਾਂ ਨੂੰ 'ਨੇਤਾ ਜੀ' ਆਖਿਆ ਜਾਵੇਗਾ। ਇਸ ਮੀਟਿੰਗ ਵਿਚ ਜਰਮਨ ਵਿਚ ਹੀ ਆਈ.ਐਨ.ਏ. ਬਣਾਉਣ ਦੀ ਤਜਵੀਜ਼ ਰੱਖੀ ਜਿਹੜੀ 26 ਜਨਵਰੀ, 1942 ਨੂੰ ਸਿਰੇ ਚੜ੍ਹੀ।


'ਇੰਡੀਅਨ ਇੰਡੀਪੈਂਡੈਂਸ ਮੂਵਮੈਂਟ ਇਨ ਸਾਊਥ ਏਸ਼ੀਆ' ਨਾਂ ਦੀ ਕੇ.ਐਸ. ਗਿਆਨੀ ਵੱਲੋਂ ਲਿਖੀ ਅੰਗਰੇਜ਼ੀ ਦੀ ਕਿਤਾਬ ਦਾ ਹਵਾਲਾ ਦਿੰਦਿਆਂ ਅਮੋਲਕ ਸਿੰਘ ਨੇ ਦੱਸਿਆ ਕਿ 'ਜੈ ਹਿੰਦ' ਦਾ ਨਾਅਰਾ ਜਿਸ ਨੂੰ ਆਜ਼ਾਦ ਹਿੰਦ ਫੌਜ ਨੇ ਅਪਣਾਇਆ ਸੀ ਤੇ ਜੋ ਮਗਰੋਂ ਆਜ਼ਾਦ ਹਿੰਦ ਫੌਜ ਦਾ ਪੂਰਕ ਬਣ ਗਿਆ, ਦੇ ਪ੍ਰਚੱਲਤ ਹੋਣ ਬਾਰੇ ਵੀ ਇਕ ਵੱਖਰੀ ਕਹਾਣੀ ਹੈ। ਉਨ੍ਹਾਂ ਦੱਸਿਆ ਕਿ ਹਕੀਕਤ ਇਹ ਹੈ ਕਿ ਸੁਭਾਸ਼ ਚੰਦਰ ਬੋਸ ਦੀ ਪ੍ਰਧਾਨਗੀ ਹੇਠ ਜਰਮਨ ਵਿਚ ਹੋਈ ਫਰੀ ਇੰਡੀਆ ਸੈਂਟਰ ਦੀ ਮੀਟਿੰਗ ਵਿਚ ਹੀ ਆਜ਼ਾਦ ਹਿੰਦ ਫੌਜ ਬਣਾਉਣ ਦਾ ਅਹਿਦ ਲਿਆ ਗਿਆ ਸੀ। ਇਸ ਮੌਕੇ ਆਈ.ਐਨ.ਏ. ਦੇ ਜਵਾਨਾਂ ਨੇ 'ਜੈ ਹਿੰਦ' ਦਾ ਨਾਅਰਾ ਅਪਣਾ ਲਿਆ। ਮਗਰੋਂ ਆਈ.ਐਨ.ਏ. ਦੇ ਜਵਾਨਾਂ ਨੂੰ ਹੀ 'ਜੈ ਹਿੰਦੀਏ' ਪੁਕਾਰਿਆ ਜਾਣ ਲੱਗ ਪਿਆ ਸੀ।



ਨੇਤਾ ਜੀ ਸੁਭਾਸ਼ ਚੰਦਰ ਬੋਸ ਜਰਮਨੀ ਵਿਚ ਇਕ ਜਰਮਨ ਫੌਜੀ ਕਮਾਂਡਰ ਨਾਲ।

# ਸੂਰੇ ਚੱਲੇ ਗ਼ਦਰ ਮਚਾਵਣੇ ਨੂੰ

*ਭਾਰਤ ਦੇ ਆਜ਼ਾਦੀ ਦੇ ਸੰਗਰਾਮ ਵਿਚ ਗ਼ਦਰ ਪਾਰਟੀ ਦਾ ਬੜਾ ਅਹਿਮ ਸਥਾਨ ਹੈ। ਗ਼ਦਰੀਆਂ ਨੇ ਅੰਗਰੇਜ਼ ਹਾਕਮਾਂ ਨੂੰ ਭਾਰਤ ਵਿਚੋਂ ਕੱਢਣ ਦਾ ਦਾਈਆ ਹੀ ਨਹੀਂ ਸੀ ਬੰਨ੍ਹਿਆ, ਉਨ੍ਹਾਂ ਆਜ਼ਾਦੀ ਤੋਂ ਬਾਅਦ ਸਮਾਜਕ ਤੇ ਆਰਥਿਕ ਬਰਾਬਰੀ ਦਾ ਤਹੱਈਆ ਵੀ ਕੀਤਾ ਸੀ। ਗ਼ਦਰੀ ਹੱਲਾ ਭਾਵੇਂ ਕੁਝ ਕਾਰਨਾਂ ਕਰ ਕੇ ਸਫਲ ਨਹੀਂ ਹੋ ਸਕਿਆ ਪਰ ਗ਼ਦਰੀਆਂ ਨੇ ਸੰਘਰਸ਼ ਦੇ ਖੇਤਰ ਵਿਚ ਨਿਰਮਲ ਮਨਾਂ ਨਾਲ ਜਿਹੜੀਆਂ ਸੁੱਚੀਆਂ ਪੈੜਾਂ ਪਾਈਆਂ, ਉਨ੍ਹਾਂ ਦੀ ਗੂੰਜ ਅੱਜ ਵੀ ਸੁਣਾਈ ਦਿੰਦੀ ਹੈ। ਗ਼ਦਰ ਤੋਂ ਬਾਅਦ ਬੱਬਰ ਅਕਾਲੀ ਲਹਿਰ, ਭਗਤ ਸਿੰਘ ਤੇ ਸਾਥੀਆਂ ਦੀ ਲਹਿਰ ਅਤੇ ਗ਼ਦਰੀਆਂ ਦਾ ਦੂਜੇ ਹੱਲੇ ਦੇ ਰੂਪ ਵਿਚ ਗ਼ਦਰੀ ਛੱਲਾਂ ਜੁਝਾਰੂਆਂ-ਜੰਗਜੂਆਂ ਨੂੰ ਸਦਾ ਸਰਸ਼ਾਰ ਕਰਦੀਆਂ ਰਹੀਆਂ ਹਨ। ਗ਼ਦਰੀਆਂ ਦੀ ਸਿਦਕਦਿਲੀ ਅਤੇ ਸਿਰੜ ਅੱਜ ਵੀ ਇਕ ਮਿਸਾਲ ਹੈ ਅਤੇ ਸੰਘਰਸ਼ ਦੇ ਮੈਦਾਨ ਵਿਚ ਜੂਝਣ ਵਾਲਿਆਂ ਲਈ ਪ੍ਰੇਰਨਾ ਦਾ ਮੁੱਖ ਸੋਮਾ ਹੈ। -ਸੰਪਾਦਕ*



*ਉਹ ਮਸ਼ੀਨ ਜਿਸ ਉਤੇ 'ਗ਼ਦਰ' ਛਪਦਾ ਸੀ।*

## ਦੇਸ਼ ਭਗਤ ਯਾਦਗਾਰ ਕਮੇਟੀ




*ਦੇਸ਼ ਭਗਤ ਯਾਦਗਾਰ ਹਾਲ ਦੀ ਪੁਰਾਣੀ ਤਸਵੀਰ ਜਦੋਂ ਇਹ ਬਣ ਰਿਹਾ ਸੀ।*

ਗ਼ਦਰੀਆਂ ਨੇ ਸੈਲੂਲਰ ਜੇਲ੍ਹ ਤੋਂ ਰਿਹਾਈ ਪਿੱਛੋਂ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਮੱਦਦ ਲਈ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣਾਈ। ਬਾਅਦ ਵਿਚ 2 ਅਪ੍ਰੈਲ 1955 ਨੂੰ ਇਸੇ ਕਮੇਟੀ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦਾ ਨਾਂ ਦਿੱਤਾ ਗਿਆ। ਫਿਰ ਇਸੇ ਕਮੇਟੀ ਦੀ ਅਗਵਾਈ ਹੇਠ ਗ਼ਦਰੀਆਂ ਅਤੇ ਹੋਰ ਦੇਸ਼ ਭਗਤਾਂ ਦੀਆਂ ਯਾਦਾਂ ਸੰਭਾਲਣ ਲਈ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਹਾਲ ਉਸਾਰਨ ਦੀ ਯੋਜਨਾ ਬਣਾਈ ਗਈ। ਯਾਦਗਾਰ ਹਾਲ ਦੀ ਉਸਾਰੀ ਲਈ ਫੰਡ ਇਕੱਠਾ ਕਰਨ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਗਈ। ਗੁਰਮੁਖ ਸਿੰਘ ਲਲਤੋਂ, ਕਰਮ ਸਿੰਘ ਚੀਮਾ, ਬੂਝਾ ਸਿੰਘ ਅਤੇ ਭੋਲਾ ਸਿੰਘ ਚੀਮਾ ਨੂੰ ਕੈਨੇਡਾ ਅਤੇ ਬਰਤਾਨੀਆ ਤੋਂ ਫੰਡ ਇਕੱਠਾ ਕਰਨ ਲਈ ਭੇਜਿਆ ਗਿਆ। ਯਾਦਗਾਰ ਦਾ ਨੀਂਹ ਪੱਥਰ 15 ਨਵੰਬਰ 1959 ਰੱਖਿਆ ਗਿਆ।

## ਸੁਧਾਰਵਾਦ ਨਹੀਂ, ਸਿੱਧਾ ਗ਼ਦਰ

1912 ਦੇ ਸ਼ੁਰੂ ਵਿਚ ਬਾਬੂ ਹਰਨਾਮ ਸਿੰਘ ਕਹਿਰੀ ਸਹਿਰੀ ਅਤੇ ਜੀ.ਡੀ. ਕੁਮਾਰ ਜਿਨ੍ਹਾਂ ਦਾ ਅੱਡਾ ਕੈਨੇਡਾ ਤੇ ਪੋਰਟਲੈਂਡ ਵਿਚਾਲੇ ਸਿਆਟਲ ਵਿਚ ਸੀ, ਪੋਰਟਲੈਂਡ ਆਏ। ਇਨ੍ਹਾਂ ਦਾ ਪ੍ਰਚਾਰ ਸਮਾਜ ਸੁਧਾਰ 'ਤੇ ਆਧਾਰਤ ਸੀ ਜਾਂ ਕਦੇ-ਕਦੇ ਅਖ਼ਬਾਰ ਪਰਚਾ ਕੱਢ ਦਿੰਦੇ ਸਨ। ਜਦ ਇਹ ਦੋਵੇਂ (ਬਾਬੂ ਹਰਨਾਮ ਸਿੰਘ ਤੇ ਜੀ.ਡੀ. ਕੁਮਾਰ) ਪੋਰਟਲੈਂਡ ਦੇ ਨੇੜੇ ਕਾਰਖਾਨਿਆਂ ਦੇ ਹਿੰਦੀਆਂ ਨੂੰ ਮਿਲੇ, ਇਨ੍ਹਾਂ ਨੂੰ ਪਤਾ ਲੱਗਾ ਕਿ ਇਥੋਂ ਦੇ ਹਿੰਦੀ ਕਿਸੇ ਸੁਧਾਰਵਾਦੀ ਪ੍ਰੋਗਰਾਮ ਨਾਲ ਸਹਿਮਤ ਨਹੀਂ। ਪ੍ਰੋਗਰਾਮ ਅਨੁਸਾਰ ਐਤਵਾਰ ਨੂੰ ਆਲੇ-ਦੁਆਲੇ ਦੇ ਕਾਰਖਾਨਿਆਂ ਦੇ ਹਿੰਦੀ, ਪੋਰਟਲੈਂਡ ਵਿਚ ਇਕੱਠੇ ਹੋਏ। ਖੁੱਲ੍ਹਾ ਵਿਚਾਰ ਵਟਾਂਦਰਾ ਹੋਇਆ। ਬਾਬੂ ਹਰਨਾਮ ਸਿੰਘ ਅਤੇ ਜੀ.ਡੀ. ਕੁਮਾਰ ਵੀ ਪੋਰਟਲੈਂਡ ਵਾਲਿਆਂ ਨਾਲ ਸਹਿਮਤ ਹੋ ਗਏ। ਫੈਸਲਾ ਹੋਇਆ ਕਿ ਇਨਕਲਾਬੀ ਸੁਸਾਇਟੀ ਕਾਇਮ ਕੀਤੀ ਜਾਵੇ ਜਿਸ ਦਾ ਨਾਂ 'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਰੱਖਿਆ ਜਾਵੇ। ਇਸ ਦਾ ਦਫ਼ਤਰ ਪੋਰਟਲੈਂਡ ਵਿਚ ਹੋਵੇ। ਪਾਰਟੀ ਦਾ ਆਪਣਾ ਅਖ਼ਬਾਰ ਹੋਵੇ ਜਿਸ ਦਾ ਨਾਂ 'ਹਿੰਦੋਸਤਾਨ' ਰੱਖਿਆ ਜਾਵੇ। ਇਸ ਅਖ਼ਬਾਰ ਦਾ ਉਦੇਸ਼ ਹਿੰਦੋਸਤਾਨ ਨੂੰ ਆਜ਼ਾਦੀ ਦੇ ਹੱਕ ਅਤੇ ਗੁਲਾਮੀ ਵਿਰੁੱਧ ਇਨਕਲਾਬ ਲਈ ਤਿਆਰ ਕਰਨਾ ਮਿਥਿਆ ਗਿਆ। ਇਹ ਫੈਸਲੇ ਸਰਬਸੰਮਤੀ ਨਾਲ ਕੀਤੇ ਗਏ। ਪਿੱਛੋਂ ਅਹੁਦੇਦਾਰਾਂ ਦੀ ਚੋਣ ਹੋਈ। ਸਰਬਸੰਮਤੀ ਨਾਲ ਸੋਹਣ ਸਿੰਘ ਭਕਨਾ ਪ੍ਰਧਾਨ, ਜੀ.ਡੀ. ਕੁਮਾਰ ਮੁੱਖ ਸਕੱਤਰ ਤੇ ਪੰਡਤ ਕਾਂਸ਼ੀ ਰਾਮ ਖ਼ਜ਼ਾਨਚੀ ਚੁਣੇ ਗਏ। ਇੰਤਜ਼ਾਮੀਆ ਕਮੇਟੀ ਵਿਚ ਹਰਨਾਮ ਸਿੰਘ ਟੁੰਡੀਲਾਟ, ਊਧਮ ਸਿੰਘ ਕਸੇਲ, ਰਾਮ ਰੱਖਾ ਅਤੇ ਦੋ ਹੋਰ ਸਾਥੀ ਲਏ ਗਏ। ਕੁਝ ਹੋਰ ਮੈਂਬਰ ਵੀ ਭਰਤੀ ਹੋਏ। ਇਸ ਪਾਰਟੀ ਦੀਆਂ ਅਜੇ ਤਿੰਨ ਕੁ ਮੀਟਿੰਗਾਂ ਹੋਈਆਂ ਸਨ ਤੇ ਅਖ਼ਬਾਰ ਕੱਢਣ ਦੀ ਅਜੇ ਤਿਆਰੀ ਹੋ ਰਹੀ ਸੀ ਕਿ ਜੀ.ਡੀ. ਕੁਮਾਰ ਪੇਟ ਦੀ ਬਿਮਾਰੀ ਨਾਲ ਪੈ ਗਏ ਤੇ ਛੇਤੀ ਤੰਦਰੁਸਤ ਨਾ ਹੋ ਸਕੇ। ਇਨ੍ਹਾਂ ਦੀ ਬਿਮਾਰੀ ਦੌਰਾਨ ਮੈਂ ਤੇ ਭਾਈ ਊਧਮ ਸਿੰਘ ਕੁਝ ਦਿਨਾਂ ਲਈ ਅਸਟਰੀਆ ਮਿੱਲ (ਵਾਸ਼ਿੰਗਟਨ ਸਟੇਟ) ਵਿਚ ਕੰਮ ਕਰਨ ਚਲੇ ਗਏ ਤੇ ਕਈ ਦਿਨ ਉਥੇ ਰਹੇ। ਇਸ ਮਿੱਲ ਵਿਚ 120 ਹਿੰਦੀ ਕੰਮ ਕਰਦੇ ਸਨ। ਕਈ ਦਿਨਾਂ ਦੇ ਵਿਚਾਰ ਵਟਾਂਦਰੇ ਪਿੱਛੋਂ ਉਥੇ ਵੀ 'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਦੀ ਸ਼ਾਖਾ ਦੇ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ, ਮੁੱਖ ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਤੇ ਖ਼ਜ਼ਾਨਚੀ ਮੁਨਸ਼ੀ ਰਾਮ ਮਿਥੇ ਗਏ। ਮੈਂਬਰ ਵੀ ਕਾਫੀ ਭਰਤੀ ਹੋਏ। ਉਨ੍ਹੀਂ ਦਿਨੀਂ ਕਰਤਾਰ ਸਿੰਘ ਸਰਾਭਾ ਵੀ ਆਪਣੇ ਪਿੰਡ ਵਾਲੇ ਰੁਲੀਆ ਸਿੰਘ ਕੋਲ ਆਇਆ ਹੋਇਆ ਸੀ ਤੇ ਇੱਥੇ ਹੀ ਮਿੱਲ ਵਿਚ ਕੰਮ ਕਰਦਾ ਸੀ। ਮਗਰੋਂ ਰੁਲੀਆ ਸਿੰਘ ਗ਼ਦਰ ਪਾਰਟੀ ਦੇ ਸ਼ਹੀਦਾਂ ਵਿਚ ਜਾ ਮਿਲਿਆ ਜਦ ਉਸ ਨੇ ਅੰਡੇਮਾਨ ਜੇਲ੍ਹ ਵਿਚ ਆਪਣੀ ਜਾਨ ਦੇ ਦਿੱਤੀ। ਜੀ.ਡੀ. ਕੁਮਾਰ ਦੀ ਬਿਮਾਰੀ ਕਾਰਨ ਅਖ਼ਬਾਰ ਨਾ ਨਿਕਲ ਸਕਿਆ ਤੇ ਨਾ ਹੀ ਦਫ਼ਤਰ ਚੱਲ ਸਕਿਆ, ਕਿਉਂਕਿ ਅਸੀਂ ਸਾਰੇ ਅਜੇ ਤੱਕ ਆਪੋ-ਆਪਣੇ ਕੰਮੀਂ ਲੱਗੇ ਹੋਏ ਸਾਂ। ਇਨ੍ਹੀਂ ਦਿਨੀਂ ਲਾਲਾ ਠਾਕਰਦਾਸ (ਧੂਰੀ) ਕੈਲੀਫੋਰਨੀਆ ਤੋਂ ਪੰਡਤ ਕਾਂਸ਼ੀ ਰਾਮ ਦੇ ਕਾਰਖਾਨੇ ਸੇਂਟ ਜੋਨ ਵਿਚ ਆ ਗਏ ਸਨ ਤੇ ਉਥੇ ਕੰਮ ਕਰਦੇ ਸਨ। ਉਨ੍ਹਾਂ ਸਲਾਹ ਦਿੱਤੀ ਕਿ ਅੱਜਕੱਲ੍ਹ ਲਾਲਾ ਹਰਦਿਆਲ ਸਾਨ ਫਰਾਂਸਿਸਕੋ ਵਿਚ ਹਨ ਤੇ ਵਿਦਿਆਰਥੀਆਂ ਨੂੰ ਲੈਕਚਰ ਦੇਣ ਤੋਂ ਸਿਵਾ ਉਨ੍ਹਾਂ ਕੋਲ ਇਨ੍ਹੀਂ ਦਿਨੀਂ ਹੋਰ ਕੋਈ ਕੰਮ ਨਹੀਂ, ਉਨ੍ਹਾਂ ਨੂੰ ਬੁਲਾਇਆ ਜਾਏ। ਉਮੀਦ ਹੈ ਕਿ ਉਹ ਆ ਜਾਣਗੇ ਤੇ ਦਫ਼ਤਰ ਸਮੇਤ ਅਖ਼ਬਾਰ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਜਾਏ। ਉਹ ਇਸ ਕੰਮ ਨੂੰ ਭਲੀਭਾਂਤ ਚਲਾ ਸਕਣਗੇ।

*-ਸੋਹਣ ਸਿੰਘ ਭਕਨਾ*

## ਗ਼ਦਰ ਦੀ ਲੀਹ

ਮਾਰਚ 1913 ਵਿਚ ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ ਦੀ ਮੀਟਿੰਗ ਦੌਰਾਨ ਹੇਠ ਲਿਖੇ ਫੈਸਲੇ ਸਰਬਸੰਮਤੀ ਨਾਲ ਕੀਤੇ ਗਏ। ਇਸ ਮੀਟਿੰਗ ਵਿਚ ਕੀਤੇ ਗਏ ਇਹ ਫੈਸਲੇ ਹੀ ਬਾਅਦ ਵਿਚ ਗ਼ਦਰ ਦਾ ਆਧਾਰ ਬਣੇ। ਇਹ ਹੀ ਉਹ ਫੈਸਲੇ ਸਨ ਜਿਹੜੇ ਗ਼ਦਰੀ ਸਰਗਰਮੀਆਂ ਦਾ ਧੁਰਾ ਬਣੇ:

1. 'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਦਾ ਨਾਂ ਬਦਲ ਕੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਰੱਖਿਆ ਗਿਆ।
2. ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣਾ ਤੇ ਆਜ਼ਾਦੀ ਪਿੱਛੋਂ ਆਜ਼ਾਦੀ ਤੇ ਬਰਾਬਰੀ ਦੇ ਆਧਾਰ 'ਤੇ ਲੋਕ ਰਾਜ ਸਥਾਪਤ ਕਰਨਾ ਹੋਵੇਗਾ।
3. ਪਾਰਟੀ ਦਾ ਹਫ਼ਤਾਵਾਰ ਅਖ਼ਬਾਰ ਹਿੰਦੀ ਜ਼ਬਾਨਾਂ ਵਿਚ ਨਿਕਲੇਗਾ ਜਿਸ ਦਾ ਨਾਂ 1857 ਦੀ ਯਾਦ ਵਿਚ 'ਗਦਰ' ਹੋਵੇਗਾ।
4. ਪਾਰਟੀ ਦਾ ਦਫ਼ਤਰ ਸਾਨ ਫਰਾਂਸਿਸਕੋ (ਕੈਲੀਫੋਰਨੀਆ) ਵਿਚ ਹੋਵੇਗਾ।
5. ਜਥੇਬੰਦੀ ਦੀ ਚੋਣ ਹਰ ਸਾਲ ਹੋਇਆ ਕਰੇਗੀ।
6. ਹਰ ਕਾਰਖਾਨੇ ਜਾਂ ਖੇਤਾਂ ਵਿਚ ਕੰਮ ਕਰਨ ਵਾਲੀ ਹਿੰਦੀ ਮਜ਼ਦੂਰਾਂ ਦੀ ਹਰ ਟੋਲੀ ਵਿਚ ਸਥਾਨਕ ਕਮੇਟੀ ਹੋਵੇਗੀ ਜੋ ਸਿੱਧੀ ਇੰਤਜ਼ਾਮੀਆ ਕਮੇਟੀ ਨਾਲ ਸਬੰਧਤ ਹੋਵੇਗੀ।
7. ਸਥਾਨਕ ਕਮੇਟੀਆਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਇਕ ਕੇਂਦਰੀ ਕਮੇਟੀ ਹੋਵੇਗੀ ਜੋ ਦਫ਼ਤਰ, ਅਖ਼ਬਾਰ ਤੇ ਦੂਜੇ ਖੁੱਲ੍ਹੇ ਕੰਮ ਚਲਾਏਗੀ।
8. ਇੰਤਜ਼ਾਮੀਆ ਕਮੇਟੀ ਆਪਣੇ ਵਿਚੋਂ ਤਿੰਨ ਮੈਂਬਰਾਂ ਦਾ ਕਮਿਸ਼ਨ ਚੁਣੇਗੀ ਜਿਸ ਦੇ ਹੱਥਾਂ ਵਿਚ ਪਾਰਟੀ ਦਾ ਖੁਫ਼ੀਆ ਕੰਮ ਅਤੇ ਹੋਰ ਖੁਫੀਆ ਜ਼ਿੰਮੇਵਾਰੀਆਂ ਹੋਣਗੀਆਂ।
9. ਹਰ ਮੈਂਬਰ ਘੱਟੋ-ਘੱਟ ਇਕ ਡਾਲਰ ਮਹੀਨਾ ਚੰਦਾ ਦਿਆ ਕਰੇਗਾ।
10. ਪਾਰਟੀ ਦੇ ਹਰ ਸਿਪਾਹੀ ਦਾ ਇਹ ਫ਼ਰਜ਼ ਹੋਵੇਗਾ ਕਿ ਉਹ ਚਾਹੇ ਦੁਨੀਆ ਦੇ ਕਿਸੇ ਕੋਨੇ ਵਿਚ ਹੋਵੇ, ਜੇ ਉਥੇ ਆਜ਼ਾਦੀ ਦੀ ਲੜਾਈ ਸ਼ੁਰੂ ਹੋਵੇ ਤਾਂ ਗੁਲਾਮੀ ਵਿਰੁੱਧ ਤੇ ਆਜ਼ਾਦੀ ਦੇ ਹੱਕ ਵਿਚ ਹਿੱਸਾ ਲਵੇ।
11. ਪਾਰਟੀ ਦੇ ਦਫ਼ਤਰ, ਪ੍ਰੈੱਸ ਅਖ਼ਬਾਰ ਜਾਂ ਪਿੰਡਾਂ ਵਿਚ ਕੰਮ ਕਰਨ ਵਾਲੇ ਕਿਸੇ ਮੈਂਬਰ ਨੂੰ ਤਨਖਾਹ ਨਹੀਂ ਮਿਲੇਗੀ। ਬਰਾਬਰੀ ਦੇ ਆਧਾਰ 'ਤੇ ਰੋਟੀ ਕੱਪੜਾ ਪਾਰਟੀ ਦੇ ਸਾਂਝੇ ਲੰਗਰ ਤੇ ਸਟੋਰ ਤੋਂ ਮਿਲੇਗਾ।
12. ਅਖ਼ਬਾਰ ਦਾ ਕੋਈ ਚੰਦਾ ਨਹੀਂ ਹੋਵੇਗਾ। ਅਖ਼ਬਾਰ ਮੁਫ਼ਤ ਵੰਡਿਆ ਜਾਵੇਗਾ।


## ਕਸ਼ਮੀਰ ਦੀ ਆਜ਼ਾਦੀ

ਗ਼ਦਰੀਆਂ ਨੇ ਸਭ ਤੋਂ ਪਹਿਲਾਂ ਕਸ਼ਮੀਰ ਰਿਆਸਤ ਨੂੰ ਆਜ਼ਾਦ ਕਰਵਾਉਣ ਦਾ ਟੀਚਾ ਰੱਖਿਆ ਸੀ। ਇਸ ਯੋਜਨਾ ਤਹਿਤ 1925 ਤੱਕ ਕਸ਼ਮੀਰ ਉਤੇ ਕਬਜ਼ਾ ਕਰ ਲਿਆ ਜਾਣਾ ਸੀ। ਇਸ ਤੋਂ ਬਾਅਦ ਰਿਆਸਤ-ਦਰ-ਰਿਆਸਤ ਆਜ਼ਾਦ ਕਰਵਾਈਆਂ ਜਾਣੀਆਂ ਸਨ, ਪਰ 25 ਜੁਲਾਈ 1914 ਨੂੰ ਗ਼ਦਰੀਆਂ ਨੇ ਆਪਣੀ ਇਸ ਲੰਮੇ ਸਮੇਂ ਦੀ ਵਿਉਂਤਬੰਦੀ ਵਿਚ ਮੁੱਢੋਂ-ਸੁੱਢੋਂ ਹੀ ਤਬਦੀਲ ਕਰ ਦਿੱਤੀ। ਇਕ ਤਾਂ ਯੂਰਪ ਵਿਚ ਜੰਗ ਛਿੜ ਗਈ। ਗ਼ਦਰੀਆਂ ਦੀ ਰਾਏ ਸੀ ਕਿ ਇਸ ਜੰਗ ਵਿਚ ਅੰਗਰੇਜ਼ ਕਮਜ਼ੋਰ ਪੈਣਗੇ; ਇਸ ਲਈ ਗਰਮ ਲੋਹੇ ਉਤੇ ਸੱਟ ਮਾਰ ਦਿੱਤੀ ਜਾਵੇ। ਦੂਜੇ, ਗ਼ਦਰੀਆਂ ਨੇ ਭਾਰਤ ਵਿਚ ਹਾਲਾਤ ਦਾ ਜਾਇਜ਼ਾ ਲੈਣ ਲਈ ਜਿਹੜੇ ਵਫਦ ਭਾਰਤ ਭੇਜੇ ਸਨ, ਉਨ੍ਹਾਂ ਦੀ ਰਿਪੋਰਟ ਸੀ ਕਿ ਹਾਲਾਤ ਹੱਲੇ ਲਈ ਸਾਜ਼ਗਾਰ ਹਨ ਅਤੇ ਗ਼ਦਰ ਆਰੰਭ ਹੋਣ ਦੀ ਸੂਰਤ ਵਿਚ ਲੋਕ ਵੱਡੀ ਗਿਣਤੀ ਵਿਚ ਨਾਲ ਚੱਲਣਗੇ। ਸੋ, ਗ਼ਦਰੀਆਂ ਨੇ ਤੁਰੰਤ ਭਾਰਤ ਵੱਲ ਚਾਲੇ ਪਾਉਣ ਦੀ ਵਿਉਂਤ ਬਣਾ ਲਈ।

## ਸਾਂਝ ਦੇ ਸੁਨੇਹੇ

ਗ਼ਦਰੀਆਂ ਦੀ ਧਰਮ ਦੇ ਮਾਮਲੇ ਵਿਚ ਸਮਝ ਬਹੁਤ ਸਾਫ ਅਤੇ ਸਪਸ਼ਟ ਸੀ। ਧਰਮ ਨੂੰ ਹਰ ਇਕ ਬੰਦੇ ਦਾ ਨਿੱਜੀ ਮਸਲਾ ਮੰਨਿਆ ਗਿਆ। ਪਾਰਟੀ ਵਿਚ ਧਰਮ ਬਾਰੇ ਚਰਚਾ ਦੀ ਵੀ ਇਕ ਤਰ੍ਹਾਂ ਨਾਲ ਮਨਾਹੀ ਸੀ। ਸਭ ਦਾ ਇਕ-ਦੂਜੇ ਨਾਲ ਨਾਤਾ ਕੌਮੀ ਆਧਾਰ 'ਤੇ ਸੀ। ਪਾਰਟੀ ਦੀ ਸਮਝ ਸੀ ਕਿ ਹਰ ਹਿੰਦੋਸਤਾਨੀ, ਹਿੰਦੁਸਤਾਨੀ ਹੋਵੇਗਾ।

## 'ਗ਼ਦਰ' ਤੋਂ ਗ਼ਦਰ ਪਾਰਟੀ ਤੱਕ




1908 ਵਿਚ ਤਕਰੀਬਨ ਪੰਜ ਹਜ਼ਾਰ ਭਾਰਤੀ ਬਸ਼ਿੰਦੇ ਕੈਨੇਡਾ ਪੁੱਜੇ ਸਨ। ਇਨ੍ਹਾਂ ਵਿਚ 99 ਫੀਸਦੀ ਲੋਕ ਪੰਜਾਬੀ ਸਨ ਤੇ ਇਨ੍ਹਾਂ ਪੰਜਾਬੀਆਂ ਵਿਚੋਂ 90 ਫੀਸਦੀ ਗਿਣਤੀ ਸਿੱਖਾਂ ਦੀ ਸੀ। ਇਨ੍ਹਾਂ ਵਿਚੋਂ ਬਹੁਤੇ ਰੋਜ਼ੀ-ਰੋਟੀ ਦੀ ਤਲਾਸ਼ ਲਈ ਆਏ ਸਨ ਪਰ ਕੁਝ ਵਿਦਿਆਰਥੀ ਵੀ ਵੱਖ-ਵੱਖ ਯੂਨੀਵਰਸਿਟੀਆਂ ਵਿਚ ਦਾਖ਼ਲ ਹੋਏ। ਇਨ੍ਹਾਂ ਵਿਚ ਬਰਕਲੇ, ਸਟੈਨਫਰਡ ਅਤੇ ਹਾਰਵਰਡ ਯੂਨੀਵਰਸਿਟੀਆਂ ਮੁੱਖ ਸਨ। ਲਾਲਾ ਹਰਦਿਆਲ ਸਟੈਨਫਰਡ ਯੂਨੀਵਰਸਿਟੀ ਅਤੇ ਸੰਤ ਤੇਜਾ ਸਿੰਘ ਹਾਰਵਰਡ ਯੂਨੀਵਰਸਿਟੀ ਵਿਚ ਦਾਖ਼ਲ ਹੋਏ। ਸੰਨ 1912 ਤੱਕ ਪਹੁੰਚਦਿਆਂ ਇਨ੍ਹਾਂ ਸਿੱਖ ਕਾਮਿਆਂ ਅਤੇ ਲਾਲਾ ਹਰਦਿਆਲ ਦੀ ਅਗਵਾਈ ਵਿਚ ਵਿਦਿਆਰਥੀਆਂ ਨੇ ਰਲ ਕੇ 'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸਿਫਿਕ ਕੋਰਟ' ਬਣਾ ਲਏ। ਇਸ ਐਸੋਸੀਏਸ਼ਨ ਦਾ ਟਿੱਚਾ ਭਾਰਤ ਦੇਸ਼ ਦੀ ਆਜ਼ਾਦੀ ਮਿੱਥਿਆ ਗਿਆ ਇਸ ਦੇ ਪਹਿਲੇ ਪ੍ਰਧਾਨ ਸੋਹਣ ਸਿੰਘ ਭਕਨਾ ਅਤੇ ਜਨਰਲ ਸਕੱਤਰ ਜੀ.ਡੀ. ਕੁਮਾਰ ਬਣੇ। ਜੀ.ਡੀ. ਕੁਮਾਰ ਦੇ ਬਿਮਾਰ ਹੋਣ ਕਾਰਨ ਜਨਰਲ ਸਕੱਤਰ ਲਾਲਾ ਹਰਦਿਆਲ ਨੂੰ ਬਣਾਇਆ ਗਿਆ। ਇਨ੍ਹਾਂ ਸਾਰਿਆਂ ਨੇ ਰਲ ਕੇ ਪਹਿਲੀ ਨਵੰਬਰ 1913 ਨੂੰ ਐਸੋਸੀਏਸ਼ਨ ਦੇ ਪ੍ਰਚਾਰ ਲਈ 'ਗ਼ਦਰ' ਦੇ ਨਾਂ ਹੇਠ ਉਰਦੂ ਪਰਚਾ ਛਾਪਣਾ ਸ਼ੁਰੂ ਕੀਤਾ। ਬਾਅਦ ਵਿਚ ਗ਼ਦਰ ਦਾ ਪੰਜਾਬੀ ਐਡੀਸ਼ਨ ਵੀ ਆਰੰਭ ਕੀਤਾ ਗਿਆ। ਇਸ ਪਰਚੇ ਨੇ ਇੰਨਾ ਗ਼ਦਰ ਮਚਾਇਆ ਕਿ ਐਸੋਸੀਏਸ਼ਨ ਦੀ ਥਾਂ ਦੇ ਜਥੇਬੰਦੀ ਦਾ ਨਾਂ 'ਗ਼ਦਰੀਆਂ ਦੀ ਪਾਰਟੀ' ਅਤੇ ਫਿਰ ਸਮਾਂ ਪਾ ਕੇ 'ਗ਼ਦਰ ਪਾਰਟੀ' ਪੈ ਗਿਆ।

# ਸ਼ਾਦਮਨ ਚੌਕ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਕਰਨ ਤੋਂ ਟਾਲਾ


## ਪਾਕਿਸਤਾਨ ਸਰਕਾਰ ਮੂਲਵਾਦੀਆਂ ਤੋਂ ਡਰੀ

**ਚੰਡੀਗੜ੍ਹ:** ਪਾਕਿਸਤਾਨ ਹਕੂਮਤ ਨੇ ਜਮਾਤ-ਉੱਲ-ਦਾਵਾ ਵਰਗੇ ਬੁਨਿਆਦਪ੍ਰਸਤਾਂ ਤੇ ਕੁਝ ਮੁਕਾਮੀ ਵਸਨੀਕਾਂ ਦੇ ਦਬਾਅ ਅੱਗੇ ਝੁਕਦਿਆਂ ਲਾਹੌਰ ਦੇ ਇਕ ਚੌਕ ਦਾ ਨਾਂ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੇ ਆਪਣੇ ਫੈਸਲੇ ਉੱਤੇ ਅਮਲ ਰੋਕ ਦਿੱਤਾ ਹੈ। ਇਸ ਤੋਂ ਪਹਿਲਾਂ ਲਾਹੌਰ ਦੀ ਜ਼ਿਲ੍ਹਾ ਹਕੂਮਤ ਨੇ ਬੀਤੇ ਮਹੀਨੇ ਸ਼ਹਿਰ ਦੇ ਸ਼ਾਦਮਨ ਚੌਕ ਦਾ ਨਾਂ ਬਦਲ ਕੇ ਭਗਤ ਸਿੰਘ ਚੌਕ ਰੱਖਣ ਦਾ ਐਲਾਨ ਕੀਤਾ ਸੀ।

ਜ਼ਿਲ੍ਹਾ ਪ੍ਰਸ਼ਾਸਨ ਨੇ ਇਹ ਫੈਸਲਾ ਦੇਸ਼ ਦੇ ਇਸ ਇਨਕਲਾਬੀ ਸ਼ਹੀਦ ਤੇ ਆਜ਼ਾਦੀ ਘੁਲਾਟੀਏ ਨੂੰ ਸ਼ਰਧਾਂਜਲੀ ਦੇਣ ਲਈ 28 ਸਤੰਬਰ ਨੂੰ ਉਸ ਦੇ ਜਨਮ ਦਿਨ ਮੌਕੇ ਕੀਤਾ ਸੀ। ਇਸ ਫੈਸਲੇ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਜ਼ਿਲ੍ਹਾ ਪ੍ਰਸ਼ਾਸਨ ਦੇ ਮੁਖੀ ਨੂਰੁਲ ਅਮੀਨ ਮੈਂਗਲ ਨੇ ਉਦੋਂ ਜ਼ਿਲ੍ਹਾ ਅਧਿਕਾਰੀਆਂ ਦੀ ਜ਼ੋਰਦਾਰ ਖਿਚਾਈ ਕੀਤੀ ਜਦੋਂ ਉਨ੍ਹਾਂ ਨੇ ਚੌਕ ਉੱਤੇ ਸ਼ਹੀਦ ਭਗਤ ਦੇ ਨਾਂ ਵਾਲਾ ਬੋਰਡ ਨਹੀਂ ਲਾਇਆ ਪਰ ਇਸ ਦੇ ਬਾਵਜੂਦ ਇਸ ਫੈਸਲੇ ਉੱਤੇ ਅਮਲ ਨਹੀਂ ਕੀਤਾ ਗਿਆ ਤੇ ਫੈਸਲੇ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ ਹੈ।

ਜ਼ਿਲ੍ਹਾ ਪ੍ਰਸ਼ਾਸਨ ਦੇ ਅਹਿਲਕਾਰ ਨੇ ਇਸ ਮੁਤੱਲਕ ਦੱਸਿਆ ਕਿ ਜਮਾਤ-ਉਦ-ਦਾਵਾ ਨੇ ਸ਼ਦਮਨ ਚੌਕ ਦਾ ਨਾਂ ਬਦਲ ਕੇ ਸਿੱਖ ਆਜ਼ਾਦੀ ਘੁਲਾਟੀਏ ਦੇ ਨਾਂ ਉੱਤੇ ਰੱਖਣ ਖ਼ਿਲਾਫ਼ ਸਖ਼ਤ ਚੇਤਾਵਨੀ ਦਿੱਤੀ ਸੀ। ਇਸ ਤੋਂ ਬਿਨਾਂ ਕੁਝ ਹੋਰ ਲੋਕਾਂ ਨੇ ਵੀ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਜਨਤਕ ਸੁਣਵਾਈ ਦੌਰਾਨ ਹੀ ਅਨੇਕਾਂ ਲੋਕਾਂ ਨੇ ਸ਼ਾਦਮਨ ਚੌਕ ਦਾ ਨਾਂ ਬਦਲ ਕੇ ਭਗਤ ਸਿੰਘ ਚੌਕ ਰੱਖਣ ਦੇ ਫੈਸਲੇ ਪ੍ਰਤੀ ਹਾਮੀ ਨਹੀਂ ਭਰੀ। ਉਨ੍ਹਾਂ ਕਿਹਾ ਕਿ ਜਮਾਤ-ਉਦ-ਦਾਵਾ ਤੇ ਜਮਾਤ-ਏ-ਇਸਲਾਮੀ ਵਰਗੀਆਂ ਤਨਜ਼ੀਮਾਂ ਨੇ ਸ਼ਹੀਦੇ-ਆਜ਼ਮ ਨੂੰ ਸ਼ਰਧਾਂਜਲੀ ਦੇਣ ਤੇ ਉਨ੍ਹਾਂ ਦੇ ਨਾਂ ਉੱਤੇ ਚੌਕ ਦਾ ਨਾਂ ਰੱਖਣ ਦੇ ਜਨਾਬ ਮੈਂਗਲ ਦੇ ਐਲਾਨ ਦੀ ਆਲੋਚਨਾ ਕੀਤੀ ਸੀ।

ਉਨ੍ਹਾਂ ਕਿਹਾ ਕਿ ਵਿਰੋਧੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਇਕ ਮੁਸਲਿਮ ਮੁਲਕ ਹੈ ਤੇ ਇੱਥੋਂ ਦੀਆਂ ਸੜਕਾਂ ਤੇ ਚੌਕਾਂ ਦੇ ਨਾਂ ਵੀ ਮੁਸਲਮਾਨਾਂ 'ਤੇ ਹੀ ਹੋਣੇ ਚਾਹੀਦੇ ਹਨ ਨਾ ਹਿੰਦੂਆਂ ਤੇ ਸਿੱਖਾਂ 'ਤੇ। ਦਾਵਾ ਦੇ ਆਗੂ ਆਮਿਰ ਹਮਜਾ ਨੇ ਬਿਆਨ ਜਾਰੀ ਕਰਕੇ ਕਿਹਾ ਸੀ "ਕਿ ਥਾਵਾਂ ਦੇ ਨਾਂ ਬਦਲ ਕੇ ਹਿੰਦੂਆਂ, ਸਿੱਖਾਂ ਜਾਂ ਈਸਾਈਆਂ ਦੇ ਨਾਂ 'ਤੇ ਰੱਖਣ ਦੀ ਇਜਾਜ਼ਤ ਨਹੀਂ ਦੇਣਗੇ। ਦੂਜੇ ਪਾਸੇ ਨੈਸ਼ਨਲ ਕਾਲਜ ਆਫ ਆਰਟਸ ਨਾਲ ਸਬੰਧਤ ਤੇ 'ਦਿਲਕਸ਼ ਲਾਹੌਰ' ਦੇ ਮੁਖੀ ਐਜਾਜ਼ ਅਨਵਰ ਨੇ ਕਿਹਾ ਕਿ ਫੈਸਲੇ 'ਤੇ ਅਮਲ 'ਆਰਜ਼ੀ' ਤੌਰ 'ਤੇ ਰੋਕਿਆ ਗਿਆ ਹੈ। ਉਨ੍ਹਾਂ ਕਿਹਾ ਕਿ "ਉਹ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਦੀ ਇਤਿਹਾਸਕ ਅਹਿਮੀਅਤ ਦੇ ਮੁਤਾਬਕ ਕਈ ਸੜਕਾਂ, ਚੌਕਾਂ ਤੇ ਹੋਰ ਥਾਵਾਂ ਦੇ ਨਾਂ ਬਦਲਣੇ ਚਾਹੁੰਦੇ ਹਨ। ਯਾਦ ਰਹੇ ਕਿ ਪਾਕਿਸਤਾਨ ਦੇ ਆਮ ਲੋਕਾਂ ਦੇ ਦਿਲਾਂ ਵਿਚ ਭਗਤ ਸਿੰਘ ਲਈ ਬੜਾ ਸਤਿਕਾਰ ਹੈ। ਭਗਤ ਨੇ ਆਪਣੀ ਹਯਾਤੀ ਦੇ ਅਹਿਮ ਸਾਲ ਲਾਹੌਰ ਵਿਚ ਹੀ ਬਿਤਾਏ ਸਨ। ਉਸ ਵੇਲੇ ਲਾਹੌਰ ਹਰ ਤਰ੍ਹਾਂ ਦੀ ਸਰਗਰਮੀ ਦਾ ਗੜ੍ਹ ਸੀ ਅਤੇ ਉਦੋਂ ਭਗਤ ਸਿੰਘ ਨੇ ਸਿਆਸੀ ਖੇਤਰ ਵਿਚ ਭਰਵਾਂ ਯੋਗਦਾਨ ਪਾਇਆ।



*ਸ਼ਾਦਮਨ ਚੌਕ ਜਿਸ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਚੌਕ ਰੱਖਿਆ ਜਾਣਾ ਹੈ।*

## ਕੱਟੜਪੰਥੀ ਧਿਰਾਂ ਕਿਉਂ ਨੇ ਭਗਤ ਸਿੰਘ ਦੇ ਖਿਲਾਫ਼

ਪੂਰੇ ਸੰਸਾਰ ਵਿਚ ਭਗਤ ਸਿੰਘ ਦਾ ਅਕਸ ਅਜਿਹੇ ਇਨਕਲਾਬੀ ਦਾ ਬਣਿਆ ਹੋਇਆ ਹੈ ਜਿਹੜਾ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਖ਼ਤਮ ਕਰਨ ਲਈ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕਰਦਾ। ਭਗਤ ਸਿੰਘ ਨੇ ਰੱਬ ਅਤੇ ਧਰਮ ਨੂੰ ਦੁਜੈਲੀ ਥਾਂ ਦਿੱਤੀ।



ਭਾਰਤ ਵਿਚ ਵੀ ਪਹਿਲਾਂ ਪਹਿਲ ਉਸ ਨੂੰ ਸਿੱਖ ਸਾਬਤ ਕਰਨ ਦਾ ਪੂਰਾ ਟਿੱਲ ਲਾਇਆ ਗਿਆ। ਭਾਈ ਰਣਧੀਰ ਸਿੰਘ ਦੀਆਂ 'ਜੇਲ੍ਹ ਚਿੱਠੀਆਂ' ਦਾ ਹਵਾਲਾ ਦੇ ਕੇ ਇਹ ਦਾਅਵਾ ਕੀਤਾ ਜਾਂਦਾ ਰਿਹਾ ਕਿ ਐਨ ਆਖੀਰ ਮੌਕੇ ਉਸ ਨੇ ਰੱਬ ਦੀ ਹੋਂਦ ਨੂੰ ਸਵੀਕਾਰ ਕਰ ਲਿਆ ਸੀ ਪਰ 20ਵੀਂ ਸਦੀ ਦੇ 8ਵੇਂ ਦਹਾਕੇ ਦੌਰਾਨ ਜਦੋਂ ਉਸ ਦਾ ਮਹੱਤਵਪੂਰਨ ਲੇਖ 'ਮੈਂ ਨਾਸਤਕ ਕਿਉਂ ਹਾਂ?' ਸਾਹਮਣੇ ਆਇਆ ਤਾਂ ਹੌਲੀ ਹੌਲੀ ਸਿੱਖਾਂ ਨੇ ਵੀ ਉਸ ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ। ਹੁਣ ਤਾਂ ਕੁਝ ਜ਼ਿਆਦਾ ਹੀ ਤੱਤੇ ਸਿੱਖ ਉਸ ਨੂੰ ਆਰੀਆ ਸਮਾਜੀ ਸਾਬਤ ਕਰਨ ਉਤੇ ਲੱਗੇ ਹੋਏ ਹਨ। ਅਸਲ ਵਿਚ ਭਗਤ ਸਿੰਘ ਦੀ ਵਿਚਾਰਧਾਰਾ ਦੇ ਕੇਂਦਰ ਵਿਚ ਮਨੁੱਖ ਹੈ। ਇਹੀ ਗੱਲ ਕੱਟੜਪੰਥੀਆਂ ਦੀ ਧਰਮ ਆਧਾਰਤ ਸਿਆਸਤ ਨੂੰ ਰਾਸ ਨਹੀਂ ਆਉਂਦੀ।

# ਪੰਚਾਇਤੀ ਚੋਣਾਂ ਮਈ ਤੋਂ ਪਹਿਲਾਂ ਹੋਣ ਦੇ ਆਸਾਰ

**ਜਲੰਧਰ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਐਲਾਨ ਕੀਤਾ ਹੈ ਕਿ ਪੰਚਾਇਤੀ ਚੋਣਾਂ ਅਗਲੇ ਸਾਲ ਮਈ ਮਹੀਨੇ ਤੱਕ ਕਰਵਾ ਲਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਚਾਇਤੀ ਰਾਜ ਨੂੰ ਮਜ਼ਬੂਤ ਬਣਾਉਣ ਲਈ 145 ਪੰਚਾਇਤ ਸਮਿਤੀਆਂ ਤੇ 12,775 ਪੰਚਾਇਤਾਂ ਦੀਆਂ ਚੋਣਾਂ ਕਰਵਾਉਣ ਦੀ ਤਿਆਰੀ ਵਿਚ ਲੱਗੀ ਹੋਈ ਹੈ। ਉਹ ਇਥੇ ਜ਼ਿਲ੍ਹਾ ਕੰਪਲੈਕਸ ਵਿਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਸਨ।

ਸ. ਰੱਖੜਾ ਨੇ ਕਿਹਾ ਕਿ ਸਰਕਾਰ ਦੀ ਪਹਿਲ ਹੋਵੇਗੀ ਕਿ ਪਿੰਡਾਂ ਵਿਚ ਆਪਸੀ ਭਾਈਚਾਰਕ ਸਾਂਝ ਵਾਲਾ ਮਾਹੌਲ ਸਿਰਜ ਕੇ ਵੱਧ ਤੋਂ ਵੱਧ ਪੰਚਾਇਤਾਂ ਸਰਬਸੰਮਤੀ ਨਾਲ ਬਣਾਈਆਂ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡਾਂ ਦੀ ਵਾਰਡਬੰਦੀ ਦਾ ਕੰਮ ਨਕਸ਼ਿਆਂ ਅਨੁਸਾਰ ਮੁਕੰਮਲ ਕੀਤਾ ਜਾਵੇ ਤਾਂ ਜੋ ਭਵਿੱਖ 'ਚ ਪਿੰਡਾਂ ਦਾ ਵਿਕਾਸ ਨਕਸ਼ਿਆਂ ਦੇ ਆਧਾਰ 'ਤੇ ਕੀਤਾ ਜਾ ਸਕੇ। ਪਿੰਡਾਂ ਦੇ ਹਰੇਕ ਕੋਨੇ 'ਤੇ ਵਿਕਾਸ ਕਾਰਜਾਂ ਬਾਰੇ ਚਾਰਟ ਬੋਰਡ ਲਾਏ ਜਾਣ ਤਾਂ ਜੋ ਵਿਕਾਸ ਕਾਰਜਾਂ ਬਾਰੇ ਸਥਿਤੀ ਸਪੱਸ਼ਟ ਹੋ ਸਕੇ। ਮੰਤਰੀ ਨੇ ਕਿਹਾ ਕਿ ਪੇਂਡੂ ਵਿਕਾਸ ਲਈ ਮਿਲੇ ਪੈਸੇ ਕੋਲ ਰੱਖਣਾ ਜੁਰਮ ਹੈ ਇਸ ਲਈ ਜਿਸ ਪਿੰਡ ਲਈ ਜਿੰਨੇ ਪੈਸੇ ਮਿਲਦੇ ਹਨ ਉਹ ਤੁਰੰਤ ਖਰਚ ਕੀਤੇ ਜਾਣ ਅਤੇ ਵਰਤੋਂ ਸਰਟੀਫਿਕੇਟ ਦਿੱਤੇ ਜਾਣ। ਵਰਤੋਂ ਸਰਟੀਫਿਕੇਟਾਂ ਵਿਚ ਦੇਰੀ ਕਰਨ ਵਾਲੇ ਅਧਿਕਾਰੀਆਂ ਨੂੰ ਤਾੜਨਾ ਕਰਦਿਆਂ ਉਨ੍ਹਾਂ ਕਿਹਾ ਕਿ ਜੋ ਪੰਚਾਇਤ ਸਰਕਾਰ ਵੱਲੋਂ ਦਿੱਤੇ ਪੈਸੇ ਛੇ ਮਹੀਨਿਆਂ ਵਿਚ ਨਹੀਂ ਖਰਚਦੀ, ਉਸ ਪੰਚਾਇਤ ਕੋਲੋਂ ਪੈਸੇ ਵਾਪਸ ਲਏ ਜਾਣ। ਜ਼ਿਲ੍ਹੇ ਅੰਦਰ ਮੰਤਰੀ ਕੋਟੇ ਤਹਿਤ ਮਿਲੀਆਂ ਗ੍ਰਾਂਟਾਂ ਸਬੰਧੀ ਵੇਰਵਾ ਨਸ਼ਰ ਕੀਤਾ ਜਾਵੇ ਤੇ ਵਰਤੋਂ ਸਰਟੀਫਿਕੇਟ ਦੇਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜੋ ਪਿੰਡ 100 ਫੀਸਦੀ ਨਸ਼ਾ ਮੁਕਤ ਹੋਵੇਗਾ, ਉਸ ਦਾ ਪੰਜਾਬ ਸਰਕਾਰ ਵੱਲੋਂ ਸਨਮਾਨ ਕੀਤਾ ਜਾਵੇਗਾ।


ੴ ਵਿਸ਼ਵ ਸਿੱਖ ਕੌਂਸਲ WORLD SIKH COUNCIL

# ਨੈਸ਼ਨਲ ਸਿੱਖ ਕਨਵੈਨਸ਼ਨ 2012

## ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ

## 9 ਤੋਂ 11 ਨਵੰਬਰ, 2012

**ਸਿੱਖ ਗੁਰਦੁਆਰਾ ਸੈਨ ਹੋਜ਼ੇ** (3636 Murillo Avenue San Jose, CA 95148)

**ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ (WSC-AR) ਸਿੱਖ ਗੁਰਦੁਆਰਿਆਂ ਅਤੇ ਸੰਸਥਾਵਾਂ ਦੀ ਅਮਰੀਕਾ ਵਿਚ ਇਕ ਪ੍ਰਤੀਨਿਧ ਅਤੇ ਚੁਣੀ ਹੋਈ ਸੰਸਥਾ ਹੈ। ਕੌਮੀ ਪੱਧਰ 'ਤੇ ਇਸ ਦੇ ਮੈਂਬਰਾਂ ਵਿਚ 47 ਗੁਰਦੁਆਰੇ ਅਤੇ ਹੋਰ ਸਿੱਖ ਸੰਸਥਾਵਾਂ ਸ਼ਾਮਲ ਹਨ। ਵਿਸ਼ਵ ਸਿੱਖ ਕੌਂਸਲ-ਅਮਰੀਕਾ ਖੇਤਰ (WSC-AR) ਸਿੱਖ ਮਸਲਿਆਂ ਦੇ ਹੱਲ ਲਈ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵਕਾਲਤ, ਵਿਦਿਅਕ ਅਤੇ ਮਨੁਖੀ ਭਲਾਈ ਦੇ ਮਸਲਿਆਂ 'ਤੇ ਕੇਂਦ੍ਰਿਤ ਰਹਿ ਕੇ ਕੰਮ ਕਰਦੀ ਹੈ।**

### ਵਿਸ਼ੇਸ਼ ਪ੍ਰੋਗਰਾਮ

**ਸ਼ੁੱਕਰਵਾਰ, 9 ਨਵੰਬਰ 2012**
ਸਵੇਰੇ 8:00 ਤੋਂ ਰਾਤ 8:00
ਗੁਰਦੁਆਰਿਆਂ ਦੇ ਪ੍ਰਤੀਨਿਧਾਂ ਅਤੇ
ਹਾਜ਼ਰ ਵਿਅਕਤੀਆਂ ਤੋਂ ਸੁਝਾਅ
ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) - ਪ੍ਰਾਪਤੀਆਂ
ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਨਾਲ ਸਾਂਝਾ ਸੰਮੇਲਨ
ਸਿੱਖਾਂ ਦੀ ਵਿਸ਼ਵ ਪੱਧਰ 'ਤੇ ਜਥੇਬੰਦੀ ਦੀ ਬਣਤਰ

**ਸਨਿਚਰਵਾਰ, 10 ਨਵੰਬਰ 2012**
ਸਵੇਰੇ 8:00 ਤੋਂ ਸ਼ਾਮ 5:30
ਗੁਰਦੁਆਰਿਆਂ 'ਚ ਝਗੜਿਆਂ ਦੇ ਨਿਬੇੜਿਆਂ ਦੀ ਸੇਵਾ-ਮੁੱਖ ਵਿਸ਼ੇਸ਼ਤਾਵਾਂ
ਸਿੱਖ ਨੌਜਵਾਨਾਂ ਲਈ ਧਾਰਮਿਕ ਸੇਵਾਵਾਂ ਵਿਚ ਸੁਧਾਰ ਲਿਆਉਣਾ
ਸਿੱਖ ਵਿਦਿਆ ਦਾ ਭਵਿੱਖ: (ਚਾਰਟਰ ਸਕੂਲਾਂ ਸਮੇਤ)
ਸਮਾਜਿਕ ਅਤੇ ਹੋਰ ਲੋੜਾਂ ਵਾਸਤੇ ਸਿੱਖ ਨੈਟਵਰਕ

**ਐਤਵਾਰ 11 ਨਵੰਬਰ 2012**
ਸਵੇਰੇ 8:00 ਤੋਂ ਬਾਅਦ ਦੁਪਹਿਰ 1:00
ਜਨਰਲ ਬਾਡੀ ਇਜਲਾਸ
ਅੰਤਲੇ ਵਿਚਾਰ ਅਤੇ ਮਤੇ
ਵਿਸਕਾਨਸਿਨ ਗੋਲੀ ਕਾਂਡ: ਪ੍ਰਤੀਨਿਧ
ਸਿੱਖ ਪੰਥ ਦੇ ਸੇਵਾਦਾਰਾਂ ਅਤੇ ਹਿਤੈਸ਼ੀਆਂ ਦਾ ਮਾਣ-ਸਨਮਾਨ
ਸਭ ਸਿੱਖ ਹਿਤੈਸ਼ੀਆਂ ਨੂੰ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ

**Member Gurdwaras of WSC-AR:**

1. Pacific Coast Khalsa Diwan Society, Stockton, CA
2. Gurdwara Sahib Fremont, Fremont, CA
3. Guru Nanak Sikh Mission, Livingston, CA
4. Sikh Gurdwara of LA, North Hollywood, CA
5. Sikh Gurdwara Riverside, Riverside, CA
6. Gurdwara Guru Angad Darbar, Bakersfield, CA
7. Colorado Singh Sabha, Denver, CO
8. Guru Singh Sabha of Augusta, Augusta, GA
9. Sikh Study Circle of Atlanta, Atlanta, GA
10. Sikh Religious Society of Chicago, Palatine, IL
11. Sikh Society of South, New Orleans, LA
12. New England Sikh Study Circle, Boston, MA
13. Singh Sabha of Michigan, Canton, MI
14. Sikh Gurdwara of Michigan, Rochester Hills, MI
15. Sikh Society of Michigan, Madison Heights, MI
16. Downriver Gurdwara Sahib, Brownstown, MI
17. Guru Nanak Foundation of Jackson, MS
18. Sikh Gurdwara of North Carolina, Durham, NC
19. Sikh Sabha of Upper Valley, Hanover, NH
20. Garden State Sikh Association, Bridgewater, NJ
21. Guru Nanak Sikh Society of Delaware Valley, Sewell, NJ
22. Siri Guru Singh Sabha, Glenrock, NJ
23. Sikh Sabha of New Jersey, Lawrenceville, NJ
24. Gurdwara Baba Deep Singh, Las Vegas, NV
25. Sikh Cultural Society Inc., Richmond Hills, NY
26. Sikh Cultural &Edu. Society of Western NY, Buffalo, NY
27. Sikh Foundation of Syracuse, Liverpool, NY
28. Guru Nanak Found. of Greater Cleveland, Richfield, OH
29. Guru Gobind Singh Sikh Society, Bedford, OH
30. Guru Nanak Religious Society of Central Ohio, Columbus, OH
31. Sikh Sadh Sangat, Easton, PA
32. Philadelphia Sikh Society, Millbourne, PA
33. Tristate Sikh Cultural Society, Monroeville, PA
34. Mid South Sikh Sabha, Memphis, TN
35. Sikh Center of Gulf Coast, Houston, TX
36. Siri Guru Singh Sabha, Richardson, TX
37. Sikh Gurdwara of North Texas, Garland, TX
38. Singh Sabha Gurdwara, Fairfax, VA
39. Sikh Association of Central Virginia, VA
40. Sikh Religious Society of Wisconsin, Brookfield, WI
41. Gurdwara Singh Sabha of Opalika, Atlanta, GA

**Other Sikh Institution Members of WSC-AR:**

1. Siri Guru Granth Sahib Found., Anaheim, CA
2. Sikhs Serving America, Topeka, KS
3. Sikh Youth Federation of North America, White Plains, NY
4. Sikh Heritage Foundation, Long Island, NY
5. Sikh Educational &Religious Foundation, Dublin, OH
6. Sikh Youth Federation of USA, Toledo, OH
7. Academy of Guru Granth Studies, Arlington, TX

**World Sikh Council**

P.O. Box 3635, Columbus, Ohio 43210, USA
Phone: 888-340-1702, Fax: 888-398-1875
E-mail: contact@worldsikhcouncil.org, Web: www.worldsikhcouncil.org

*ਹੋਰ ਜਾਣਕਾਰੀ ਲਈ ਸੰਪਰਕ ਕਰੋ*
ਕਵਨੀਤ ਸਿੰਘ: 856-816-0788
ਸਤਪਾਲ ਸਿੰਘ: 917-592-7297
ਭੁਪਿੰਦਰ ਸਿੰਘ ਢਿੱਲੋਂ: 408-568-0034
ਗੁਰਇੰਦਰ ਪਾਲ ਸਿੰਘ: 408-679-9302
ਨਰਿੰਦਰਪਾਲ ਸਿੰਘ: 408-623-4977
ਮਨੋਹਰ ਸਿੰਘ: 802-345-1354

# ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜਾ ਮੌਕੇ ਕੋਈ ਜਥੇਦਾਰ ਨਾ ਪੁੱਜਾ

**ਅੰਮ੍ਰਿਤਸਰ:** ਭਾਰਤ ਦੀ ਪ੍ਰਧਾਨ ਇੰਦਰਾ ਗਾਂਧੀ ਨੂੰ ਗੋਲੀਆਂ ਮਾਰ ਕੇ ਮਾਰਨ ਵਾਲੇ ਭਾਈ ਬੇਅੰਤ ਸਿੰਘ ਦਾ ਸ਼ਹੀਦੀ ਦਿਹਾੜਾ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਮਨਾਇਆ ਗਿਆ ਪਰ ਇਸ ਸਮਾਗਮ ਤੋਂ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ ਤੇ ਸਿੰਘ ਸਾਹਿਬਾਨ ਪਾਸੇ ਹੀ ਰਹੇ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਝੰਡਾ ਬੁੰਗਾ ਵਿਖੇ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਇਸ ਮੌਕੇ ਭਾਈ ਸ਼ੌਕੀਨ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਜਦੋਂਕਿ ਰਾਜਦੀਪ ਸਿੰਘ ਨੇ ਅਰਦਾਸ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਵੇਲ ਸਿੰਘ ਤੇ ਮੈਨੇਜਰ ਵਰਿਆਮ ਸਿੰਘ ਹਾਜ਼ਰ ਸਨ। ਸਮਾਗਮ ਵਿਚ ਸ਼ਾਮਲ ਹੋਏ ਭਾਈ ਸਤਵੰਤ ਸਿੰਘ ਦੇ ਭਰਾ ਵਰਿਆਮ ਸਿੰਘ ਨੂੰ ਸਿਰੋਪਾਓ ਦਿੱਤਾ ਗਿਆ।

ਇਸ ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਦਾ ਕੋਈ ਵੀ ਉੱਚ ਅਧਿਕਾਰੀ ਤੇ ਜਥੇਦਾਰ ਹਾਜ਼ਰ ਨਹੀਂ ਸੀ। ਹਰ ਵਰ੍ਹੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਸਮਾਗਮ ਕੀਤਾ ਜਾਂਦਾ ਹੈ ਪਰ ਇਸ ਵਾਰ ਸ਼ਹੀਦੀ ਸਮਾਰਕ ਤੇ ਖਾੜਕੂਵਾਦ ਦੇ ਉਭਾਰ ਦੀ ਚਰਚਾ ਕਾਰਨ ਸ਼੍ਰੋਮਣੀ ਕਮੇਟੀ ਨੇ ਇਸ ਸਮਾਗਮ ਤੋਂ ਦੂਰੀ ਬਣਾ ਕੇ ਰੱਖੀ ਹੈ। ਇਸੇ ਤਰ੍ਹਾਂ ਪੰਥਕ ਜਥੇਬੰਦੀਆਂ ਦੇ ਆਗੂ ਵੀ ਇਸ ਸਮਾਗਮ ਵਿਚ ਗ਼ੈਰ ਹਾਜ਼ਰ ਰਹੇ। ਭਾਈ ਸਤਵੰਤ ਸਿੰਘ ਦੇ ਭਰਾ ਵਰਿਆਮ ਸਿੰਘ ਨੇ ਅਫਸੋਸ ਦਾ ਪ੍ਰਗਟਾਵਾ ਕੀਤਾ ਕਿ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਹੋਰ ਅਹੁਦੇਦਾਰ ਸ਼ਾਮਲ ਨਹੀਂ ਹੋਏ।

ਉਨ੍ਹਾਂ ਕਿਹਾ ਕਿ ਇਹ ਸਮਾਗਮ ਹਰ ਵਰ੍ਹੇ ਪਹਿਲਾਂ ਵਾਂਗ ਹੀ ਮਨਾਇਆ ਜਾਣਾ ਚਾਹੀਦਾ ਹੈ। ਇਸ ਦੌਰਾਨ ਖਾਲਸਾ ਐਕਸ਼ਨ ਕਮੇਟੀ ਦੇ ਮੁਖੀ ਭਾਈ ਮੋਹਕਮ ਸਿੰਘ ਤੇ ਦਲ ਖਾਲਸਾ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਕਾਲਕਟ ਤੇ ਸਿੱਖ ਯੂਥ ਆਫ ਪੰਜਾਬ ਦੇ ਮਨਜੀਤ ਸਿੰਘ ਆਦਿ ਕਰਤਾਰਪੁਰ ਨੇੜੇ ਬਾਬਾ ਅਜੀਤ ਸਿੰਘ ਲੋਹਗੜ੍ਹ ਵੱਲੋਂ ਗੁਰਦੁਆਰੇ ਵਿਚ ਇਸ ਸਬੰਧੀ ਕਰਾਏ ਸਮਾਗਮ ਵਿਚ ਸ਼ਾਮਲ ਹੋਏ ਹਨ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਕਰਤਾਰਪੁਰ ਵਿਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

## ਦਲ ਖਾਲਸਾ ਵੱਲੋਂ ਹਾਰਪਰ ਕੋਲ ਸਿੱਖ ਮਸਲਿਆਂ 'ਤੇ ਫਿਕਰ ਜ਼ਾਹਰ

**ਅੰਮ੍ਰਿਤਸਰ:** ਦਲ ਖ਼ਾਲਸਾ ਨੇ ਭਾਰਤ ਦੌਰੇ 'ਤੇ ਆਏ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਪੱਤਰ ਭੇਜ ਕੇ ਭਾਰਤ ਤੇ ਕੈਨੇਡਾ ਵਿਚ ਵਸਦੇ ਸਿੱਖਾਂ ਦੇ ਮਸਲਿਆਂ ਬਾਰੇ ਫ਼ਿਕਰ ਜ਼ਾਹਰ ਕੀਤਾ ਹੈ। ਪਾਰਟੀ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕੈਨੇਡੀਅਨ ਦੂਤਾਵਾਸ ਨੂੰ ਭੇਜੇ ਪੱਤਰ ਵਿਚ ਲਿਖਿਆ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਵਸਦੇ ਸਿੱਖ ਉਥੋਂ ਦੀ ਤਰੱਕੀ ਤੇ ਭਲਾਈ ਲਈ ਹਰ ਖੇਤਰ ਵਿਚ ਹਿੱਸੇਦਾਰੀ ਪਾ ਰਹੇ ਹਨ।

ਕੈਨੇਡਾ ਉਥੋਂ ਦੇ ਸਿੱਖਾਂ ਦੀਆਂ ਭਾਵਨਾਵਾਂ ਤੇ ਚਿੰਤਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਹਾਂਪੱਖੀ ਰਵੱਈਆ ਰੱਖਦਾ ਹੈ ਪਰ ਭਾਰਤ ਵਿੱਚ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ 'ਤੇ ਕੈਨੇਡਾ ਨੇ ਖਾਮੋਸ਼ੀ ਧਾਰਨ ਕੀਤੀ ਹੋਈ ਹੈ। ਉਨ੍ਹਾਂ ਲਿਖਿਆ ਕਿ ਅਮਰੀਕਾ ਦੇ ਵਿਸਕੌਨਸਿਨ ਗੋਲੀ ਕਾਂਡ ਤੋਂ ਬਾਅਦ ਜਿਸ ਤਰੀਕੇ ਨਾਲ ਦੁਨੀਆਂ ਭਰ ਦੇ ਲੋਕਾਂ ਵੱਲੋਂ ਸਿੱਖਾਂ ਨਾਲ ਇਕਜੁੱਟਤਾ ਪ੍ਰਗਟਾਈ ਗਈ ਹੈ। ਇਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਸਿੱਖ ਕੌਮ ਕੌਮਾਂਤਰੀ ਪੱਧਰ 'ਤੇ ਵਿਚਰ ਰਹੀ ਕੌਮ ਹੈ ਤੇ ਉਨ੍ਹਾਂ ਦੇ ਮਸਲੇ ਭੂਗੋਲਿਕ ਹੱਦਬੰਦੀ ਤੋਂ ਅੱਗੇ ਲੰਘ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਕੈਨੇਡੀਅਨ ਪ੍ਰਧਾਨ ਮੰਤਰੀ ਕੋਲੋਂ ਕੈਨੇਡਾ ਦੇ ਉਨ੍ਹਾਂ ਸਿੱਖਾਂ ਬਾਰੇ ਜਵਾਬਤਲਬੀ ਕਰਨ ਦੀ ਤਿਆਰੀ ਵਿਚ ਹੈ ਜੋ ਉਥੇ ਰਹਿ ਕੇ ਪੰਜਾਬ ਅੰਦਰ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਤੇ ਵੱਖਰੇ ਸਿੱਖ ਰਾਜ ਲਈ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਉਨ੍ਹਾਂ ਕੈਨੇਡੀਅਨ ਸਰਕਾਰ ਪਾਸੋਂ ਸਿੱਖਾਂ ਦੀ ਵੱਖਰੀ ਪਛਾਣ ਨੂੰ ਮਾਨਤਾ ਦਿੰਦੇ ਰਹਿਣ ਤੇ ਕੋਈ ਨਿਰਾਸ਼ਾਜਨਕ ਬਿਆਨਬਾਜ਼ੀ ਨਾ ਕਰਨ ਦੀ ਆਸ ਪ੍ਰਗਟਾਈ। ਜਥੇਬੰਦੀ ਨੇ ਸ੍ਰੀ ਹਾਰਪਰ ਦੀ ਅਨੰਦਪੁਰ ਸਾਹਿਬ ਤੇ ਚੰਡੀਗੜ੍ਹ ਫੇਰੀ ਦਾ ਸਵਾਗਤ ਕਰਦਿਆਂ ਕਿਹਾ ਕਿ ਕੈਨੇਡੀਅਨ ਸਰਕਾਰ ਨੂੰ ਪੰਜਾਬ ਤੇ ਕੈਨੇਡੀਅਨ ਵਿੱਦਿਅਕ ਅਦਾਰਿਆਂ ਵਿਚਾਲੇ ਸਬੰਧ ਮਜ਼ਬੂਤ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।


ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥
*-ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 202*

## ਅਕਥ ਕਥਾ ਅਤੇ ਨਾਮੁ ਸਿਮਰਨ ਅਭਿਆਸ ਕੈਂਪ

ਉਪਰੋਕਤ ਮਹਾਂ ਵਾਕ ਤੋਂ ਸੇਧ ਅਤੇ ਪ੍ਰੇਰਨਾ ਲੈਂਦਿਆਂ ਸੰਗਤ ਦੇ ਸਹਿਯੋਗ ਅਤੇ ਗੁਰਦੁਆਰਾ ਵ੍ਹੀਟਨ (ILSCC Wheaton, 2131 Creek Side Dr., Wheaton IL 60187) ਦੀ ਸੁਹਿਰਦ ਅਗਵਾਈ ਹੇਠ ਅਕਥ ਕਥਾ ਅਤੇ ਨਾਮੁ ਸਿਮਰਨ ਅਭਿਆਸ ਕੈਂਪ ਲਾਇਆ ਜਾ ਰਿਹਾ ਹੈ। ਕੈਂਪ ਦੌਰਾਨ ਗੁਰਮੁਖ ਜਨ ਸਿਮਰਨ ਅਭਿਆਸ ਅਤੇ ਅਕਥ ਕਥਾ (ਪੰਜਾਬੀ ਅਤੇ ਅੰਗਰੇਜ਼ੀ) ਦੁਆਰਾ ਜਗਿਆਸੂ ਰੂਹਾਂ ਨੂੰ ਗੁਰਮਤਿ ਅਨੁਸਾਰ ਸੇਧ ਦੇਣ ਦਾ ਨਿਮਾਣਾ ਜਿਹਾ ਯਤਨ ਕਰਨਗੇ। ਸਮੂਹ ਸੰਗਤ ਨੂੰ ਇਸ ਕੈਂਪ ਵਿਚ ਹਾਜ਼ਰੀ ਭਰ ਕੇ ਜੀਵਨ ਸਫਲਾ ਕਰਨ ਹਿਤ ਹਾਰਦਿਕ ਸੱਦਾ ਅਤੇ ਜੋਦੜੀ ਹੈ ਜੀ। ਇਹ ਕੈਂਪ ਨਵੀਂ ਪੀੜ੍ਹੀ ਲਈ ਬਹੁਤ ਲਾਹੇਵੰਦ ਹੋਵੇਗਾ। ਸੋ, ਉਨ੍ਹਾਂ ਨੂੰ ਪਰੇਰ ਕੇ ਕੈਂਪ ਵਿਚ ਜ਼ਰੂਰ ਲਿਆਓ।

**Program Schedule (all times CST):**

Friday, December 21 – 7pm – 9pm CST
Saturday, December 22 – 9am – 3pm
Sunday, December 23 – 7:30am – 9am & 2.30pm-7.30 pm
Monday, December 24 – 9am – 7pm

For info. contact: 1-630-510-9700
Bhai Mohinder Singh 1-847-293-3122
Email- mysimran.info@gmail.com
Or Visit : WWW.mysimran.info
www.wahegurulive.com and www.ilscc.com



# Taste of India & Sweet Shop

14096 Trade Center Dr., Fisher, IN 46038, Ph: 317-773-1222, 317-771-2930



ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦੀਵਾਲੀ ਮੁਬਾਰਕ

ਮਿਠਾਈਆਂ ਦੀ ਭਾਰੀ ਸੇਲ



ਬਫੇ $7.99

ਬਰਫੀ, ਲੱਡੂ, ਵੇਸਣ, ਗੁਲਾਬ ਜਾਮੁਨ, ਰਸਗੁੱਲੇ
ਤੁਹਾਡੇ ਮੂੰਹ ਵਿਚ ਪਾਣੀ ਲਿਆਉਣ ਵਾਲੀ ਹਰ ਮਿਠਾਈ

ਮੰਗਲਵਾਰ ਤੋਂ ਐਤਵਾਰ ਸਵੇਰੇ 11 ਤੋਂ ਬਾਅਦ ਦੁਪਹਿਰ 3 ਵਜੇ ਤੱਕ, ਸ਼ਾਮ 5 ਤੋਂ 10 ਵਜੇ ਤੱਕ (ਸੋਮਵਾਰ ਛੁੱਟੀ)

ਗਰਮਾ-ਗਰਮ ਤਾਜ਼ਾ ਜਲੇਬੀਆਂ ਦੀ ਕੇਟਰਿੰਗ ਵੀ ਕਰਦੇ ਹਾਂ





ਭੁਪਿੰਦਰ ਸਿੰਘ ਖਹਿਰਾ ਫੋਨ: 317-771-2930, ਗੁਰਮੇਜ ਸਿੰਘ ਫੋਨ: 317-773-1222

# ਨਸ਼ਿਆਂ ਦੀ ਮਾਰ

ਡਰੱਗ ਮਾਫੀਆ ਅਫਗਾਨਿਸਤਾਨ ਤੋਂ ਵਾਇਆ ਪਾਕਿਸਤਾਨ ਹੈਰੋਇਨ ਲਿਆ ਕੇ ਪੰਜਾਬ ਦੇ ਬਾਰਡਰ ਤੱਕ ਪੁੱਜਦੀ ਕਰਦਾ ਹੈ। ਪੰਜਾਬ ਹੁਣ ਡਰੱਗ ਤਸਕਰੀ ਦਾ ਅੱਡਾ ਬਣ ਚੁੱਕਾ ਹੈ। ਡਰੱਗ ਤਸਕਰ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ ਤੇ ਪਟਿਆਲਾ ਤੋਂ ਹੁੰਦੇ ਹੋਏ ਚੰਡੀਗੜ੍ਹ ਰਾਹੀਂ ਨਸ਼ੀਲੇ ਪਦਾਰਥ ਅਗਾਂਹ ਸਪਲਾਈ ਕਰਦੇ ਹਨ। ਪੰਜਾਬ ਪੁਲਿਸ ਅਨੁਸਾਰ ਅਫੀਮ, ਭੁੱਕੀ, ਸਮੈਕ, ਗਾਂਜਾ ਤੇ ਚਰਸ ਗੁਆਂਢੀ ਰਾਜਾਂ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਰਾਹੀਂ ਸਪਲਾਈ ਹੁੰਦੀ ਹੈ। ਸਮੈਕ ਮੋਟੇ ਤੌਰ 'ਤੇ ਪਾਕਿਸਤਾਨ ਤੇ ਨੇਪਾਲ ਤੋਂ ਆਉਂਦੀ ਹੈ। ਪੰਜਾਬ ਲਈ ਸਮੈਕ ਦੀ ਨਿਰੰਤਰ ਸਪਲਾਈ ਦਿੱਲੀ, ਮੇਰਠ, ਸਰਦੂਲਗੜ੍ਹ ਤੇ ਜੰਮੂ ਕਸ਼ਮੀਰ ਤੋਂ ਹੋ ਰਹੀ ਹੈ। ਪੁਲਿਸ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਨਸ਼ੀਲੇ ਪਦਾਰਥ ਦੇਸ਼ ਵਿਚੋਂ ਸਭ ਤੋਂ ਵੱਧ ਬਰਾਮਦ ਹੁੰਦੇ ਹਨ। ਪੰਜਾਬ ਪੁਲਿਸ ਵੱਲੋਂ ਬਣਾਏ ਐਕਸ਼ਨ ਪਲਾਨ ਵਿਚ ਡਰੱਗ ਮਾਫੀਆ ਵੱਲੋਂ ਪੰਜਾਬ ਦੇ ਕੌਮਾਂਤਰੀ ਬਾਰਡਰ ਦੇ ਆਰ-ਪਾਰ ਬਣਾਏ ਨੈਟਵਰਕ ਨੂੰ ਤੋੜਨ ਦਾ ਟੀਚਾ ਮਿਥਿਆ ਹੈ।



ਅੰਮ੍ਰਿਤਸਰ ਵਿਚ ਨਸ਼ਾ ਛੁਡਾਊ ਕੇਂਦਰ ਵਿਚ ਇਕ ਨੌਜਵਾਨ।

## ਨਸ਼ਿਆਂ ਦੇ ਵਪਾਰੀਆਂ ਨੂੰ ਸਰਕਾਰੀ ਹੱਲਾਸ਼ੇਰੀ!

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰਾਜ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਗਿਆ ਸਗੋਂ ਨਸ਼ਿਆਂ ਦੇ ਤਸਕਰਾਂ ਨੂੰ ਸਿਆਸੀ ਆਗੂਆਂ ਦੀ ਸ਼ਹਿ ਹਾਸਲ ਹੈ। ਇਸ ਗੱਲ ਦੀ ਪੁਸ਼ਟੀ ਸਰਕਾਰੀ ਅੰਕੜਿਆਂ ਰਾਹੀਂ ਹੁੰਦੀ ਹੈ। ਸਰਕਾਰ ਵੱਲੋਂ ਪੰਜ ਸਾਲਾ 'ਐਕਸ਼ਨ ਪਲਾਨ' ਬਣਾਉਣ ਦੇ ਬਾਵਜੂਦ ਭਾਰਤ ਤੋਂ ਪੱਛਮੀ ਯੂਰਪ ਤੇ ਅਮਰੀਕਾ ਨੂੰ ਸਮਗਲਿੰਗ ਹੋ ਰਹੀ ਕੁੱਲ ਡਰੱਗ ਦਾ 40 ਫੀਸਦੀ ਹਿੱਸਾ ਪੰਜਾਬ ਰਾਹੀਂ ਲਿਜਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਦੇਸ਼ ਵਿਚ ਹੈਰੋਇਨ ਦੀ ਕੁੱਲ ਬਰਾਮਦਗੀ ਦਾ ਪੰਜਵਾਂ ਹਿੱਸਾ ਪੰਜਾਬ ਵਿਚੋਂ ਮਿਲਦਾ ਹੈ।

ਪੰਜਾਬ ਪੁਲਿਸ ਦੀਆਂ ਰਿਪੋਰਟਾਂ ਅਨੁਸਾਰ ਰਾਜ ਨੂੰ ਲੱਗਦੀਆਂ ਕੌਮਾਂਤਰੀ ਤੇ ਅੰਤਰਰਾਜੀ ਹੱਦਾਂ ਰਾਹੀਂ ਪੰਜਾਬ ਵਿਚ ਵੱਡੇ ਪੱਧਰ 'ਤੇ ਹਰ ਤਰ੍ਹਾਂ ਦੇ ਨਸ਼ੇ ਦੀ ਤਸਕਰੀ ਹੋ ਰਹੀ ਹੈ। ਪੰਜਾਬ ਸਰਕਾਰ ਨੇ ਭਾਵੇਂ ਇੰਸਪੈਕਟਰ ਜਨਰਲ ਪੁਲਿਸ ਦੀ ਅਗਵਾਈ ਹੇਠ ਨਸ਼ਿਆਂ ਦੀ ਰੋਕਥਾਮ ਲਈ ਐਂਟੀ ਨਾਰਕੋਟਿਕ ਟਾਸਕ ਫੋਰਸ (ਏ.ਐਨ.ਟੀ.ਐਫ.) ਬਣਾਈ ਹੈ ਪਰ ਇਸ ਅਧੀਨ ਫੀਲਡ ਵਿਚ ਅੱਜ ਤੱਕ ਕੋਈ ਨੈਟਵਰਕ ਕਾਇਮ ਨਾ ਕਰਨ ਕਾਰਨ ਇਹ ਏਜੰਸੀ ਮਹਿਜ਼ ਕਾਗ਼ਜ਼ਾਂ ਤੱਕ ਹੀ ਸੀਮਤ ਹੈ।

ਏ.ਐਨ.ਟੀ.ਐਫ. ਨੇ ਡਰੱਗ ਦੀ ਸਪਲਾਈ ਤੇ ਖਪਤ ਘਟਾਉਣ, ਨਸ਼ਿਆਂ ਨਾਲ ਸਬੰਧਤ ਅਪਰਾਧਾਂ ਨੂੰ ਠੱਲ੍ਹ ਪਾਉਣ ਤੇ ਨਸ਼ਿਆਂ ਵਿਚ ਫਸੇ ਨੌਜਵਾਨਾਂ ਨੂੰ ਨਵੀਂ ਸੇਧ ਦੇਣ ਦੇ ਟੀਚੇ ਮਿਥੇ ਗਏ ਸਨ। ਇਸ ਤੋਂ ਇਲਾਵਾ 'ਨਾਰਕੋ-ਟੈਰੋਰਿਜ਼ਮ' ਰਾਹੀਂ ਦੇਸ਼ 'ਤੇ ਡਰੱਗ, ਆਰਮਜ਼ ਤੇ ਨਕਲੀ ਕਰੰਸੀ ਰੂਪੀ ਹਮਲੇ ਨਾਲ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਖ਼ਤਰੇ ਪੈਦਾ ਕਰਨ ਵਾਲੀ ਸਾਜ਼ਿਸ਼ ਨੂੰ ਬੇਨਕਾਬ ਕਰਨ ਦਾ ਕਾਰਜ ਵੀ ਮਿਥਿਆ ਸੀ। ਪੰਜਾਬ ਸਰਕਾਰ ਵੱਲੋਂ ਇਹ ਟੀਚੇ ਸਾਰਕ (ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰੀਜ਼ਨਲ ਕੋਆਪ੍ਰੇਸ਼ਨ) ਨਾਰਕੋਟਿਕਸ ਕਨਵੈਨਸ਼ਨ 1990 ਤੇ ਯੂ.ਐਨ. ਜਨਰਲ ਅਸੈਂਬਲੀ ਦੇ 1998 ਵਿਚ ਡਰੱਗਜ਼ 'ਤੇ ਹੋਏ ਸਪੈਸ਼ਲ ਸੈਸ਼ਨ ਦੇ ਫੈਸਲਿਆਂ ਦੇ ਆਧਾਰ 'ਤੇ ਰਾਜ ਵਿਚੋਂ ਡਰੱਗ ਦੀ ਸਪਲਾਈ ਤੇ ਮੰਗ ਘਟਾਉਣ ਲਈ ਮਿਥੇ ਗਏ ਸਨ।

ਪੰਜਾਬ ਸਰਕਾਰ ਇਨ੍ਹਾਂ ਟੀਚਿਆਂ 'ਤੇ ਪੰਜਾਬ ਪੁਲਿਸ ਵਿਚ ਕੋਈ ਪ੍ਰਭਾਵਸ਼ਾਲੀ ਏਜੰਸੀ ਕਾਇਮ ਕਰਨ ਤੋਂ ਅਸਮਰੱਥ ਰਹਿਣ ਕਾਰਨ ਹਾਲਾਤ ਉਲਟਾ ਬਦਤਰ ਹੋਏ ਹਨ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਹੰਗਾਮੀ ਸਰਬ-ਵਿਭਾਗੀ ਮੀਟਿੰਗ ਸੱਦਣ ਦੀ ਲੋੜ ਮਹਿਸੂਸ ਕੀਤੀ ਹੈ। ਪੁਲਿਸ ਰਿਪੋਰਟਾਂ ਅਨੁਸਾਰ ਪਾਕਿਸਤਾਨ, ਅਫਗਾਨਿਸਤਾਨ ਤੇ ਇਰਾਨ ਵਿਚੋਂ ਸਭ ਤੋਂ ਵੱਧ ਅਫੀਮ ਨਾਲ ਸਬੰਧਤ ਡਰੱਗ ਸਪਲਾਈ ਹੋ ਰਹੀ ਹੈ। ਅਫਗਾਨਿਸਤਾਨ ਅਫੀਮ ਦੇ ਨਸ਼ਿਆਂ ਨੂੰ ਪੈਦਾ ਕਰਨ ਵਾਲਾ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ।

ਇਸ ਤੋਂ ਇਲਾਵਾ ਪਾਕਿਸਤਾਨ ਤੇ ਅਫਗਾਨਿਸਤਾਨ ਯੂਰਪ ਤੇ ਉੱਤਰੀ ਅਮਰੀਕਾ ਵਿਚ ਨਾਰਕੋਟਿਕ ਡਰੱਗ ਸਪਲਾਈ ਕਰਨ ਵਾਲੇ ਸਭ ਤੋਂ ਵੱਡੇ ਸਰੋਤ ਹਨ। ਇਹ ਦੇਸ਼ ਜ਼ਿਆਦਾਤਰ ਪਾਕਿਸਤਾਨ ਰਾਹੀਂ ਯੂਰਪ ਦੇਸ਼ਾਂ ਨੂੰ ਡਰੱਗ ਸਪਲਾਈ ਕਰਦੇ ਹਨ ਤੇ ਕੌਮਾਂਤਰੀ ਡਰੱਗ ਮਾਫੀਆ ਪੰਜਾਬ ਨੂੰ ਲਾਂਘੇ ਵਜੋਂ ਵਰਤ ਰਿਹਾ ਹੈ। ਇਹ ਅਨਸਰ ਭਾਰਤ ਰਾਹੀਂ ਸਮਗਲਿੰਗ ਕਰਦੇ ਡਰੱਗ ਦਾ 40 ਫੀਸਦੀ ਹਿੱਸਾ ਪੰਜਾਬ ਰਾਹੀਂ ਲੰਘਾਉਂਦੇ ਹਨ। ਹੁਣ ਤੱਕ ਦੇ ਅੰਕੜਿਆਂ ਅਨੁਸਾਰ ਦੇਸ਼ ਵਿਚੋਂ ਬਰਾਮਦ ਹੁੰਦੀ ਹੈਰੋਇਨ ਦਾ ਪੰਜਵਾਂ ਹਿੱਸਾ ਪੰਜਾਬ ਵਿਚੋਂ ਮਿਲ ਰਿਹਾ ਹੈ।


## ਕਾਨੂੰਨ ਸਿਰਫ ਕਿਤਾਬਾਂ ਤੱਕ

ਤਮਾਕੂ ਦੇ ਲਗਾਤਾਰ ਵਧ ਰਹੇ ਪ੍ਰਚਲਣ 'ਤੇ ਰੋਕ ਲਾਉਣ ਲਈ ਸਰਕਾਰ ਨੇ ਸਾਲ 2003 ਵਿਚ ਕਾਨੂੰਨ ਬਣਾ ਕੇ ਸਿਗਰਟ ਤੇ ਹੋਰ ਤਮਾਕੂ ਉਤਪਾਦਾਂ ਦੇ ਪ੍ਰਚਾਰ, ਪ੍ਰਸਾਰ 'ਤੇ ਪਾਬੰਦੀ ਲਾਈ ਸੀ। ਇਸ ਕਾਨੂੰਨ ਹੇਠ ਜਨਤਕ ਸਥਾਨਾਂ 'ਤੇ ਸਿਗਰਟਨੋਸ਼ੀ ਦੀ ਪਾਬੰਦੀ ਲਾਗੂ ਕੀਤੀ ਗਈ। 2 ਅਕਤੂਬਰ, 2008 ਤੋਂ ਜਨਤਕ ਥਾਵਾਂ ਦੇ ਪ੍ਰਬੰਧਕਾਂ, ਮਾਲਕਾਂ ਤੇ ਹੋਰ ਮੁਖੀਆਂ ਦੀ ਇਹ ਜ਼ਿੰਮੇਵਾਰੀ ਲਾਈ ਗਈ ਕਿ ਉਹ ਆਪਣੇ ਖੇਤਰਾਂ ਨੂੰ ਸਿਗਰਟਨੋਸ਼ੀ ਤੋਂ ਮੁਕਤ ਬਣਾਉਣ ਤਾਂ ਜੋ ਸਿਗਰਟ ਦਾ ਧੂੰਆਂ ਉਨ੍ਹਾਂ ਲੋਕਾਂ ਤਕ ਨਾ ਪਹੁੰਚੇ ਜਿਹੜੇ ਸਿਗਰਟ ਵਗੈਰਾ ਦਾ ਇਸਤੇਮਾਲ ਨਹੀਂ ਕਰਦੇ।

ਦੁਕਾਨਦਾਰਾਂ ਨੂੰ ਇਹ ਚਿਤਾਵਨੀ ਦਰਸਾਉਂਦੇ ਬੋਰਡ ਲਾਉਣ ਦੀ ਹਦਾਇਤ ਕੀਤੀ ਗਈ ਕਿ ਸਿਗਰਟ ਤੇ ਤਮਾਕੂ ਦਾ ਇਸਤੇਮਾਲ ਸਿਹਤ ਲਈ ਹਾਨੀਕਾਰਕ ਹੈ। ਉਨਾਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਇਹ ਵੀ ਲਿਖਣ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਤਮਾਕੂ ਉਤਪਾਦਾਂ ਦੀ ਵਿਕਰੀ ਨਹੀਂ ਕੀਤੀ ਜਾਂਦੀ।

## ਨਸ਼ਿਆਂ ਖਿਲਾਫ ਪ੍ਰਚਾਰ...

*ਵਿਅੰਗ ਕਲਾਕਾਰ (ਮਰਹੂਮ) ਜਸਪਾਲ ਭੱਟੀ ਸਟਾਈਲ*




## ਭਾਰਤ 'ਚ ਤਮਾਕੂ ਨਾਲ ਰੋਜ਼ਾਨਾ ਗਿਆਰਾਂ ਹਜ਼ਾਰ ਮੌਤਾਂ

**ਚੰਡੀਗੜ੍ਹ:** ਤਮਾਕੂ ਸੇਵਨ ਨਾਲ ਦਿਨ-ਬ-ਦਿਨ ਵਧ ਰਹੇ ਖ਼ਤਰਿਆਂ, ਬੀਮਾਰੀਆਂ ਤੇ ਇਸ ਨਾਲ ਹੋ ਰਹੀਆਂ ਮੌਤਾਂ ਵਿਸ਼ਵ ਭਰ ਦੇ ਦੇਸ਼ਾਂ ਲਈ ਫਿਕਰ ਦਾ ਕਾਰਨ ਬਣਿਆ ਹੋਇਆ ਹੈ। ਤਮਾਕੂ ਦਾ ਇਸਤੇਮਾਲ ਸਿਗਰਟ, ਬੀੜੀ, ਹੁੱਕਾ, ਪਾਨ, ਪਾਨ-ਮਸਾਲਾ, ਖੈਣੀ-ਗੁਟਕਾ ਦੇ ਰੂਪ ਵਿਚ ਕੀਤਾ ਜਾਂਦਾ ਹੈ। ਤਮਾਕੂ ਸੇਵਨ ਤੋਂ ਹੁੰਦੀਆਂ ਬੀਮਾਰੀਆਂ ਨਾਲ ਵਿਸ਼ਵ ਭਰ ਵਿਚ ਹਰ ਵਰ੍ਹੇ 254 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਵਿਚੋਂ 80 ਫ਼ੀਸਦੀ ਮੌਤਾਂ ਵਿਕਾਸਸ਼ੀਲ ਦੇਸ਼ਾਂ ਵਿਚ ਹੋ ਰਹੀਆਂ ਹਨ। ਮੌਤ ਦੇ ਮੁੱਖ ਅੱਠ ਕਾਰਨਾਂ ਵਿਚੋਂ ਛੇ ਕਾਰਨ ਤਮਾਕੂ ਨਾਲ ਸਬੰਧਤ ਦੱਸੇ ਜਾਂਦੇ ਹਨ।

ਸੂਤਰਾਂ ਅਨੁਸਾਰ ਭਾਰਤ ਵਿਚ ਤਮਾਕੂ ਸੇਵਨ ਨਾਲ ਹਰ ਵਰ੍ਹੇ 40,15,000 ਲੋਕਾਂ ਦੀ ਮੌਤ ਹੋ ਜਾਂਦੀ ਹੈ ਤੇ ਤਮਾਕੂ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਹਰ ਰੋਜ਼ 11,000 ਵਿਅਕਤੀਆਂ ਦੀ ਜੀਵਨ ਲੀਲਾ ਖ਼ਤਮ ਕਰ ਦਿੰਦੀਆਂ ਹਨ। ਤਮਾਕੂ ਸੇਵਨ ਕਰਨ ਵਾਲਿਆਂ ਵਿਚ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਦੂਜਾ ਦੇਸ਼ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇ ਮੁਤਾਬਕ ਭਾਰਤ ਵਿਚ ਤਮਾਕੂ ਦਾ ਸੇਵਨ ਲਗਾਤਾਰ ਵਧ ਰਿਹਾ ਹੈ। 57 ਫ਼ੀਸਦੀ ਮਰਦ ਤੇ ਤਕਰੀਬਨ 11 ਫ਼ੀਸਦੀ ਔਰਤਾਂ ਕਿਸੇ ਨਾ ਕਿਸੇ ਰੂਪ ਵਿਚ ਤਮਾਕੂ ਦਾ ਸੇਵਨ ਕਰਦੀਆਂ ਹਨ। ਸਾਲ 2006 ਵਿਚ ਹੋਏ ਗਲੋਬਲ ਯੂਥ ਟੈਬੈਕੋ ਸਰਵੇ ਅਨੁਸਾਰ ਤਕਰੀਬਨ 14 ਫੀਸਦੀ ਬੱਚੇ 13 ਤੋਂ 15 ਸਾਲ ਦੀ ਉਮਰ ਵਿਚ ਹੀ ਤਮਾਕੂ ਦਾ ਸੇਵਨ ਸ਼ੁਰੂ ਕਰ ਦਿੰਦੇ ਹਨ। ਤਮਾਕੂ ਬਾਰੇ ਕੀਤੇ ਗਏ ਵੱਖ-ਵੱਖ ਅਧਿਐਨ ਦਰਸਾਉਂਦੇ ਹਨ ਕਿ ਕੈਂਸਰ ਨਾਲ ਹੋਣ ਵਾਲੀਆਂ ਕੁੱਲ ਮੌਤਾਂ ਵਿਚੋਂ 80 ਫ਼ੀ ਸਦੀ ਮੌਤਾਂ ਦਾ ਕਾਰਨ ਤਮਾਕੂ ਹੀ ਬਣਦਾ ਹੈ ਕਿਉਂਕਿ ਤਮਾਕੂ ਸੇਵਨ ਨਾਲ ਮੂੰਹ, ਸੰਘਘੋਲ, ਕੰਨ, ਫੇਫੜੇ ਤੇ ਮੂਤਰ ਬਲੈਡਰ ਦਾ ਕੈਂਸਰ ਹੁੰਦਾ ਹੈ।

## ਔਰਤਾਂ ਦਾ ਬੋਲਬਾਲਾ?

ਚੰਡੀਗੜ੍ਹ: ਨਸ਼ਿਆਂ ਦੇ ਕਾਰੋਬਾਰ 'ਚ ਔਰਤਾਂ ਦਾ ਬੋਲਬਾਲਾ ਹੋਣ ਲੱਗਾ ਹੈ। ਪੰਜਾਬ ਵਿਚ ਇਸ ਸਾਲ 200 ਦੇ ਕਰੀਬ ਠੇਕਿਆਂ ਦੀ ਮਾਲਕੀ ਔਰਤਾਂ ਕੋਲ ਹੈ ਜਦੋਂਕਿ ਪਿਛਲੇ ਚਾਰ ਵਰ੍ਹਿਆਂ ਦੌਰਾਨ ਤਕਰੀਬਨ 700 ਠੇਕੇ ਔਰਤਾਂ ਨੇ ਲਏ ਹਨ। ਰਾਜ ਸਰਕਾਰ ਕੋਲ ਇਨ੍ਹਾਂ ਵਰ੍ਹਿਆਂ ਦੌਰਾਨ 7000 ਔਰਤਾਂ ਨੇ ਸ਼ਰਾਬ ਦੇ ਠੇਕੇ ਲੈਣ ਖਾਤਰ ਅਪਲਾਈ ਕੀਤਾ ਸੀ। ਸ਼ਰਾਬ ਦੇ ਠੇਕੇ ਲੈਣ ਦੀਆਂ ਚਾਹਵਾਨ ਔਰਤਾਂ ਪੱਖੋਂ ਜ਼ਿਲ੍ਹਾ ਲੁਧਿਆਣਾ ਮੋਹਰੀ ਹੈ।

ਕਰ ਤੇ ਆਬਕਾਰੀ ਵਿਭਾਗ ਪੰਜਾਬ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੇ ਵੇਰਵਿਆਂ ਅਨੁਸਾਰ ਰਾਜ ਦੇ 14 ਜ਼ਿਲ੍ਹਿਆਂ ਵਿਚ ਚਾਲੂ ਮਾਲੀ ਸਾਲ (2012-13) ਦੌਰਾਨ 1626 ਔਰਤਾਂ ਨੇ ਸ਼ਰਾਬ ਦੇ ਠੇਕੇ ਲੈਣ ਲਈ ਅਪਲਾਈ ਕੀਤਾ ਸੀ। ਇਨ੍ਹਾਂ ਵਿਚੋਂ ਤਕਰੀਬਨ 50 ਔਰਤਾਂ ਨੂੰ 200 ਠੇਕੇ ਲਾਟਰੀ ਸਿਸਟਮ ਨਾਲ ਪ੍ਰਾਪਤ ਹੋਏ। ਸਾਲ 2011-12 ਦੌਰਾਨ 1492 ਔਰਤਾਂ ਨੇ ਅਰਜ਼ੀਆਂ ਦਿੱਤੀਆਂ ਪਰ ਇਨ੍ਹਾਂ ਵਿਚੋਂ ਸਫਲਤਾ 45 ਔਰਤਾਂ ਨੂੰ ਮਿਲੀ ਸੀ। ਉਨ੍ਹਾਂ ਨੂੰ ਤਕਰੀਬਨ 150 ਠੇਕੇ ਮਿਲੇ ਸਨ। ਸਾਲ 2010-11 ਦੌਰਾਨ 1316 ਮਹਿਲਾ ਬਿਨੈਕਾਰਾਂ ਵਿਚੋਂ 29 ਔਰਤਾਂ ਨੂੰ ਸਵਾ ਸੌ ਠੇਕੇ ਮਿਲੇ। ਅਸਲ ਵਿਚ ਸਾਲ 2009-10 ਤੋਂ ਇਹ ਰੁਝਾਨ ਤੇਜ਼ ਹੋਇਆ ਹੈ। ਉਸ ਮਾਲੀ ਸਾਲ ਦੌਰਾਨ 1369 ਔਰਤਾਂ ਠੇਕੇ ਲੈਣ ਖਾਤਰ ਮੈਦਾਨ ਵਿਚ ਆਈਆਂ। ਇਨ੍ਹਾਂ ਵਿਚੋਂ 48 ਔਰਤਾਂ ਨੂੰ ਸਰਕਾਰ ਨੇ ਲਾਟਰੀ ਸਿਸਟਮ ਨਾਲ ਠੇਕੇ ਅਲਾਟ ਕੀਤੇ।


ਸਰਕਾਰੀ ਸੂਚਨਾ ਅਨੁਸਾਰ ਜ਼ਿਲ੍ਹਾ ਲੁਧਿਆਣਾ ਵਿਚ ਲੰਘੇ ਚਾਰ ਵਰ੍ਹਿਆਂ ਦੌਰਾਨ 2559 ਔਰਤਾਂ ਨੇ ਠੇਕੇ ਲੈਣ ਲਈ ਅਰਜ਼ੀ ਫੀਸ ਭਰੀ ਸੀ। ਇਨ੍ਹਾਂ ਵਿਚੋਂ 39 ਔਰਤਾਂ ਨੂੰ ਸਫਲਤਾ ਮਿਲੀ ਸੀ। ਚਾਲੂ ਮਾਲੀ ਸਾਲ ਦੌਰਾਨ ਇਸ ਜ਼ਿਲ੍ਹੇ ਵਿਚ ਸੱਤ ਔਰਤਾਂ ਕੋਲ ਤਕਰੀਬਨ ਦੋ ਦਰਜਨ ਸ਼ਰਾਬ ਦੇ ਠੇਕੇ ਹਨ। ਜ਼ਿਲ੍ਹਾ ਮਾਨਸਾ ਵਿਚ ਇਸ ਵੇਲੇ ਤਿੰਨ ਔਰਤਾਂ ਕੋਲ ਅੱਠ ਦੇ ਕਰੀਬ ਠੇਕੇ ਹਨ ਜਦੋਂਕਿ 435 ਔਰਤਾਂ ਨੇ ਠੇਕੇ ਲੈਣ ਲਈ ਦਿਲਚਸਪੀ ਦਿਖਾਈ ਸੀ। ਫਿਰੋਜ਼ਪੁਰ ਜ਼ਿਲ੍ਹੇ ਵਿਚ ਔਰਤਾਂ ਦੀ ਸਫਲਤਾ ਦਰ ਜ਼ਿਆਦਾ ਹੈ। ਚਾਰ ਵਰ੍ਹਿਆਂ ਦੌਰਾਨ ਇਸ ਜ਼ਿਲ੍ਹੇ ਵਿਚੋਂ 21 ਔਰਤਾਂ ਨੇ ਠੇਕਿਆਂ ਲਈ ਅਪਲਾਈ ਕੀਤਾ ਤੇ 10 ਔਰਤਾਂ ਨੂੰ ਠੇਕੇ ਅਲਾਟ ਹੋ ਗਏ। ਹੁਣ ਇਸ ਜ਼ਿਲ੍ਹੇ ਵਿਚ ਦੋ ਔਰਤਾਂ ਕੋਲ ਅੱਧੀ ਦਰਜਨ ਠੇਕੇ ਹਨ।

ਮੁਕਤਸਰ ਵਿਚ ਵੀ ਚਾਰ ਵਰ੍ਹਿਆਂ ਦੌਰਾਨ 11 ਔਰਤਾਂ ਨੂੰ ਸ਼ਰਾਬ ਦੇ ਠੇਕੇ ਅਲਾਟ ਹੋ ਚੁੱਕੇ ਹਨ। ਚਾਲੂ ਮਾਲੀ ਸਾਲ ਦੌਰਾਨ ਰੋਪੜ ਜ਼ਿਲ੍ਹੇ ਵਿਚ ਦੋ, ਗੁਰਦਾਸਪੁਰ ਜ਼ਿਲ੍ਹੇ ਵਿਚ ਦੋ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਇਕ, ਫਤਹਿਗੜ੍ਹ ਸਾਹਿਬ ਵਿਚ ਤਿੰਨ, ਮੁਹਾਲੀ ਵਿਚ ਪੰਜ ਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਔਰਤ ਸ਼ਰਾਬ ਦੇ ਕਈ ਠੇਕੇ ਚਲਾ ਰਹੀ ਹੈ। ਚਾਲੂ ਮਾਲੀ ਸਾਲ ਦੌਰਾਨ ਬਠਿੰਡਾ ਜ਼ਿਲ੍ਹੇ ਵਿਚ ਦੋ ਔਰਤਾਂ ਕੋਲ ਅੱਧੀ ਦਰਜਨ ਠੇਕੇ ਹਨ।

ਪੰਜਾਬ ਵਿਚ ਸ਼ਰਾਬ ਦੇ ਠੇਕੇ ਹੀ ਨਹੀਂ ਬਲਕਿ ਸ਼ਰਾਬ ਦਾ ਥੋਕ ਕਾਰੋਬਾਰ ਵੀ ਔਰਤਾਂ ਚਲਾਉਣ ਲੱਗੀਆਂ ਹਨ। ਫਿਰੋਜ਼ਪੁਰ ਜ਼ਿਲ੍ਹੇ ਵਿਚ ਬੀਸੀਐਲ ਕੰਪਨੀ ਦੇ ਥੋਕ ਦਾ ਕੰਮ ਚਾਲੂ ਮਾਲੀ ਸਾਲ ਦੌਰਾਨ ਸਤਿੰਦਰ ਕੌਰ ਵਾਸੀ ਫਿਰੋਜ਼ਪੁਰ ਕੋਲ ਹੈ ਜਦੋਂਕਿ ਜ਼ਿਲ੍ਹਾ ਕਪੂਰਥਲਾ ਵਿਚ ਚਾਲੂ ਮਾਲੀ ਸਾਲ ਦੌਰਾਨ ਸ਼ਰਾਬ ਦੇ ਥੋਕ ਦੇ ਕਾਰੋਬਾਰ ਵਿਚ ਇਕ ਹਿੱਸੇਦਾਰ ਮਨੀਸ਼ਾ ਪਤਨੀ ਲਲਿਤ ਜੈਰਥ (ਵਾਸੀ ਜ਼ਿਲ੍ਹਾ ਪਟਿਆਲਾ) ਸ਼ਾਮਲ ਹੈ।

## ਚੌਗਿਰਦਾ ਵੀ ਮਾਰ ਹੇਠ

ਤਮਾਕੂ ਦਾ ਅਸਰ ਚੌਗਿਰਦੇ ਨੂੰ ਵੀ ਪ੍ਰਭਾਵਤ ਕਰਦਾ ਹੈ ਤੇ ਕਈ ਅਜਿਹੇ ਲੋਕ ਇਸ ਦਾ ਸ਼ਿਕਾਰ ਹੋ ਜਾਂਦੇ ਹਨ ਜੋ ਤਮਾਕੂ ਦਾ ਸੇਵਨ ਬਿਲਕੁਲ ਵੀ ਨਹੀਂ ਕਰਦੇ। ਭਾਰਤ ਵਿਚ ਕੁੱਲ ਸਿੰਜਾਈ ਭੂਮੀ ਦਾ 0.27 ਫ਼ੀ ਸਦੀ ਹਿੱਸਾ ਤਮਾਕੂ ਦੀ ਕਾਸ਼ਤ ਹੇਠ ਹੈ। ਇਕ ਕਰੋੜ ਤੋਂ ਵਧੇਰੇ ਕਿਸਾਨ, ਖੇਤੀਬਾੜੀ ਮਜ਼ਦੂਰ, ਬੀੜੀ ਸਿਗਰਟ ਬਣਾਉਣ ਵਾਲੇ, ਵਿਚੋਲੀਏ, ਏਜੰਟ ਤੇ ਪ੍ਰਚੂਨ ਦੁਕਾਨਦਾਰ ਤਮਾਕੂ ਦੇ ਧੰਦੇ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਹੋਏ ਹਨ। ਬੀੜੀ ਮਜ਼ਦੂਰਾਂ ਵਿਚ 85 ਫ਼ੀਸਦੀ ਮਜ਼ਦੂਰ ਔਰਤਾਂ ਤੇ ਬੱਚੇ ਹਨ। ਵਿਸ਼ਵ ਕਿਰਤ ਜਥੇਬੰਦੀ ਦੇ 2002 ਦੇ ਅਨੁਮਾਨ ਮੁਤਾਬਕ ਦੇਸ਼ ਵਿਚ 55 ਲੱਖ ਮਜ਼ਦੂਰ ਬੀੜੀਆਂ ਬਣਾਉਣ ਦੇ ਕੰਮ ਵਿਚ ਜੁੜੇ ਹੋਏ ਹਨ। ਤਮਾਕੂ ਨਾਲ ਸਾਡੇ ਵਾਤਾਵਰਣ ਨੂੰ ਵੀ ਨੁਕਸਾਨ ਹੋ ਰਿਹਾ ਹੈ। ਜੰਗਲਾਤ ਦੇ ਸੋਮਿਆਂ ਨੂੰ ਤਮਾਕੂ ਉਤਪਾਦਾਂ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਤਮਾਕੂ ਤੋਂ ਸਰਕਾਰ ਨੂੰ ਹੋਣ ਵਾਲੀ ਆਮਦਨ ਤੋਂ ਕਿਤੇ ਜ਼ਿਆਦਾ ਰਕਮ ਤਮਾਕੂ ਤੋਂ ਪੈਦਾ ਹੁੰਦੀਆਂ ਬੀਮਾਰੀਆਂ 'ਤੇ ਖਰਚਣੀ ਪੈਂਦੀ ਹੈ। ਸਿਹਤ ਵਿਭਾਗ ਦੇ 2002-03 ਵਿਚ ਕੀਤੇ ਗਏ ਅਧਿਐਨ ਮੁਤਾਬਕ ਤਮਾਕੂ ਤੋਂ ਹੋਣ ਵਾਲੀਆਂ ਬੀਮਾਰੀਆਂ ਦੇ ਇਲਾਜ ਲਈ ਭਾਰਤ ਵਿਚ 30,833 ਕਰੋੜ ਰੁਪਏ ਖ਼ਰਚ ਕੀਤੇ ਗਏ ਜਦਕਿ ਇਸੇ ਸਾਲ ਤਮਾਕੂ ਤੋਂ ਮਿਲੇ ਟੈਕਸਾਂ ਰਾਹੀਂ ਸਰਕਾਰ ਨੂੰ 27,000 ਕਰੋੜ ਰੁਪਏ ਦੀ ਵਸੂਲੀ ਹੋਈ।



# ਸੋਨੀਆ ਤੇ ਰਾਹੁਲ ਕੋਲ 1600 ਕਰੋੜ ਦੀ ਜਾਇਦਾਦ!





**ਨਵੀਂ ਦਿੱਲੀ:** ਜਨਤਾ ਪਾਰਟੀ ਦੇ ਮੁਖੀ ਸੁਬਰਾਮਨੀਅਮ ਸਵਾਮੀ ਵੱਲੋਂ ਕਾਂਗਰਸ ਉਤੇ ਇਕ ਕੰਪਨੀ ਨੂੰ ਕਰੋੜਾਂ ਰੁਪਏ ਦਾ ਕਰਜ਼ ਦੇਣ ਦੇ ਲਾਏ ਦੋਸ਼ਾਂ ਪਿੱਛੋਂ ਦੋਵਾਂ ਪਾਰਟੀਆਂ ਵਿਚਾਲੇ ਸ਼ਬਦੀ ਜੰਗ ਛਿੜ ਗਈ ਹੈ। ਦੋਵਾਂ ਪਾਰਟੀਆਂ ਨੇ ਇਕ-ਦੂਜੇ ਨੂੰ ਅਦਾਲਤ ਵਿਚ ਜਾਣ ਦੀ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਇਸ ਮਾਮਲੇ ਦੀ ਅਸਲੀਅਤ ਉੱਥੇ ਹੀ ਸਾਹਮਣੇ ਆਵੇਗੀ। ਵਿਰੋਧੀ ਧਿਰ ਭਾਜਪਾ ਨੇ ਵੀ ਇਸ ਮਾਮਲੇ ਨੂੰ ਉਭਾਰਦਿਆਂ ਕਿਹਾ ਹੈ ਕਿ ਕਾਂਗਰਸ ਵੱਲੋਂ ਇਕ ਕੰਪਨੀ ਨੂੰ ਧਨ ਦਾ ਭੁਗਤਾਨ ਕਰਨ ਬਾਰੇ ਸਪਸ਼ਟੀਕਰਨ ਦਿੱਤਾ ਜਾਵੇ।


ਸਵਾਮੀ ਨੇ ਦੋਸ਼ ਲਾਇਆ ਹੈ ਕਿ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਤੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਇਕ ਟਰੱਸਟ ਨੂੰ ਨਿੱਜੀ ਫਰਮ 'ਚ ਤਬਦੀਲ ਕਰ ਕੇ 1600 ਕਰੋੜ ਦੀ ਜਾਇਦਾਦ ਬਣਾਈ ਹੈ। ਦੋਵਾਂ ਨੇ ਯੰਗ ਇੰਡੀਆ ਨਾਂ ਦੀ ਇਕ ਨਿੱਜੀ ਕੰਪਨੀ ਸਥਾਪਤ ਕੀਤੀ ਹੈ। ਇਸ ਵਿਚ ਦੋਵਾਂ ਦੇ 76 ਫੀਸਦੀ ਸ਼ੇਅਰ ਹਨ। ਕੰਪਨੀ ਬਣਾਉਣ ਤੋਂ ਬਾਅਦ ਦੋਵਾਂ ਨੇ ਸਰਵਜਨਕ ਕੰਪਨੀ ਐਸੋਸੀਏਟ ਜਨਰਲਸ ਲਿਮਟਿਡ ਨੂੰ ਬੰਦ ਕਰ ਦਿੱਤਾ। ਐਸੋਸੀਏਟ ਜਨਰਲਸ ਲਿਮਟਿਡ ਨੈਸ਼ਨਲ ਹੇਰਾਲਡ ਤੇ ਕੌਮੀ ਆਵਾਜ਼ ਅਖ਼ਬਾਰ ਦੀ ਮਾਲਕਾਨਾ ਕੰਪਨੀ ਹੈ। ਸਵਾਮੀ ਨੇ ਦੋਸ਼ ਲਾਇਆ ਕਿ ਯੰਗ ਇੰਡੀਆ ਤੇ ਐਸੋਸੀਏਟ ਜਨਰਲਸ ਲਿਮਟਿਡ ਦੇ ਵਿਚਕਾਰ ਹੋਈ ਡੀਲ ਦਾ ਮੁੱਖ ਮਕਸਦ ਹੇਰਾਲਡ ਹਾਊਸ 'ਤੇ ਕਬਜ਼ਾ ਕਰਨਾ ਸੀ। ਇਸ ਦੀ ਕੀਮਤੀ 1600 ਕਰੋੜ ਰੁਪਏ ਹੈ। ਹੇਰਾਲਡ ਹਾਊਸ ਦੀ ਬਿਲਡਿੰਗ ਦੇ ਦੋ ਫਲੋਰ ਪਾਸਪੋਰਟ ਦਫ਼ਤਰ ਨੂੰ ਕਿਰਾਏ 'ਤੇ ਦਿੱਤੇ ਗਏ। ਪਾਸਪੋਰਟ ਦਫ਼ਤਰ ਕੰਪਨੀ ਨੂੰ ਹਰ ਮਹੀਨੇ 30 ਲੱਖ ਰੁਪਏ ਕਿਰਾਇਆ ਦਿੰਦਾ ਹੈ। ਇਸ ਦਾ 76 ਫੀਸਦੀ ਸੋਨੀਆ ਤੇ ਰਾਹੁਲ ਦੀ ਜੇਬ 'ਚ ਜਾਂਦਾ ਹੈ। ਉਧਰ, ਰਾਹੁਲ ਨੇ ਸਵਾਮੀ ਵੱਲੋਂ ਲਾਏ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਦਿੱਤੀ ਹੈ।

# ਮਨਮੋਹਨ ਨਹੀਂ ਮੁਕੇਸ਼ ਚਲਾ ਰਿਹੈ ਸਰਕਾਰ: ਕੇਜਰੀਵਾਲ

**ਨਵੀਂ ਦਿੱਲੀ:** ਕੇਂਦਰ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਇੰਡੀਆ ਅਗੇਂਸਟ ਕੁਰੱਪਸ਼ਨ ਨੇ ਕਿਹਾ ਕਿ ਸਰਕਾਰ ਨੇ ਰਿਲਾਇੰਸ ਦੇ ਦਬਾਅ ਹੇਠ ਦੋ ਕੇਂਦਰੀ ਮੰਤਰੀਆਂ ਦੀ ਕੁਰਬਾਨੀ ਦੇ ਦਿੱਤੀ ਹੈ ਪਰ ਰਿਲਾਇੰਸ ਦੇ ਹਿੱਤਾਂ ਨੂੰ ਨੁਕਸਾਨ ਨਹੀਂ ਪਹੁੰਚਣ ਦਿੱਤਾ। ਆਗੂਆਂ ਨੇ ਕਿਹਾ ਕਿ ਮਹਿੰਗਾਈ ਵਧਣ ਦਾ ਮੁੱਖ ਕਾਰਨ ਸਿਆਸੀ ਆਗੂਆਂ ਤੇ ਸਰਮਾਏਦਾਰਾਂ ਦਾ ਇਕਮਿਕ ਹੋਣਾ ਹੈ। ਕੇਂਦਰ ਸਰਕਾਰ 'ਦਰਬਾਰੀ ਸਰਮਾਏਦਾਰੀ' ਨੂੰ ਹਰ ਪੱਖ ਤੋਂ ਲਾਭ ਪਹੁੰਚਾ ਕੇ ਲੋਕਾਂ ਦੇ ਹਿੱਤਾਂ ਨੂੰ ਸੱਟ ਮਾਰ ਰਹੀ ਹੈ। ਆਗੂਆਂ ਨੇ ਦੇਸ਼ ਦੀ ਜਮਹੂਰੀਅਤ ਨੂੰ ਦਰਬਾਰੀ ਸਰਮਾਏਦਾਰੀ ਤੋਂ ਬਚਾਉਣ ਲਈ ਦੇਸ਼ ਦੇ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਇਥੋਂ ਤੱਕ ਕਿਹਾ ਕਿ ਇਸ ਤੋਂ ਇੰਜ ਜਾਪਦਾ ਹੈ ਕਿ ਜਿਵੇਂ ਦੇਸ਼ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਹੀਂ ਸਗੋਂ ਮੁਕੇਸ਼ ਅੰਬਾਨੀ ਚਲਾ ਰਿਹਾ ਹੈ।



ਮੁਕੇਸ਼ ਅੰਬਾਨੀ



ਕੇਜਰੀਵਾਲ

ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਚਲਾ ਰਹੇ ਆਗੂਆਂ ਅਰਵਿੰਦ ਕੇਜਰੀਵਾਲ ਤੇ ਪ੍ਰਸ਼ਾਂਤ ਭੂਸ਼ਣ ਨੇ ਕੁਝ ਅਜਿਹੇ ਦਸਤਾਵੇਜ਼ ਵੀ ਪੇਸ਼ ਕੀਤੇ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਤਤਕਾਲੀ ਵਾਜਪਾਈ ਸਰਕਾਰ ਨੇ ਰਿਲਾਇੰਸ ਕੰਪਨੀ ਨਾਲ ਕੇ.ਜੀ. ਬੇਸਨ ਵਿਚੋਂ ਗੈਸ ਤੇ ਤੇਲ ਕੱਢਣ ਲਈ ਸਮਝੌਤਾ ਕਰਦੇ ਸਮੇਂ ਰਿਲਾਇੰਸ ਨੂੰ ਨਾਜਾਇਜ਼ ਢੰਗ ਨਾਲ ਅਹਿਮ ਛੋਟਾਂ ਦਿੱਤੀਆਂ ਸਨ। ਰਿਲਾਇੰਸ ਨੇ ਸਾਲ 2000 ਵਿਚ ਸਰਕਾਰ ਨਾਲ ਸਮਝੌਤਾ ਕੀਤਾ ਜਿਸ ਤਹਿਤ ਰਿਲਾਇੰਸ ਨੇ 2.2 ਡਾਲਰ ਪ੍ਰਤੀ ਯੂਨਿਟ ਗੈਸ ਕੇਂਦਰ ਸਰਕਾਰ ਦੇ ਅਦਾਰਿਆਂ ਨੂੰ 17 ਸਾਲ ਤੱਕ ਦੇਣੀ ਸੀ ਪਰ ਰਿਲਾਇੰਸ ਨੇ ਕੁਝ ਸਮੇਂ ਬਾਅਦ ਦੀ ਭਾਅ ਵਧਾਉਣ ਲਈ ਸਰਕਾਰ 'ਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਪਰ ਉਸ ਸਮੇਂ ਪੈਟਰੋਲੀਅਮ ਮੰਤਰੀ ਮਣੀ ਸ਼ੰਕਰ ਅਈਅਰ ਸਨ ਤੇ ਉਨ੍ਹਾਂ ਨੇ ਕੰਪਨੀ ਦੀ ਗੱਲ ਨਹੀਂ ਮੰਨੀ।

ਇਸ 'ਤੇ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਬਦਲ ਕੇ ਮੁਰਲੀ ਦਿਓੜਾ ਨੂੰ ਪੈਟਰੋਲੀਅਮ ਮੰਤਰੀ ਬਣਾ ਦਿੱਤਾ ਤੇ ਕੁਝ ਸਮੇਂ ਬਾਅਦ ਹੀ ਰਿਲਾਇੰਸ ਦੀ ਮੰਗ ਅਨੁਸਾਰ ਤਤਕਾਲੀ ਸੀਨੀਅਰ ਕੇਂਦਰੀ ਮੰਤਰੀ ਪ੍ਰਣਬ ਮੁਖਰਜੀ ਦੀ ਅਗਵਾਈ ਹੇਠ ਮੰਤਰੀਆਂ ਦੇ ਗਰੁੱਪ ਨੇ ਭਾਅ ਵਧਾਉਣ ਦੀ ਸਿਫਾਰਸ਼ ਕਰ ਦਿੱਤੀ ਅਤੇ ਨਵੇਂ ਪੈਟਰੋਲੀਅਮ ਮੰਤਰੀ ਨੇ ਗੈਸ ਦਾ ਭਾਅ ਵਧਾ ਕੇ 4.2 ਡਾਲਰ ਪ੍ਰਤੀ ਯੂਨਿਟ ਕਰ ਦਿੱਤਾ ਜਿਸ ਨਾਲ ਰਿਲਾਇੰਸ ਨੂੰ ਅੱਠ ਹਜ਼ਾਰ ਕਰੋੜ ਦਾ ਨਾਜਾਇਜ਼ ਫਾਇਦਾ ਪਹੁੰਚਾਇਆ ਗਿਆ।

ਹੁਣ ਫਿਰ ਰਿਲਾਇੰਸ ਨੇ ਕੇਂਦਰ ਸਰਕਾਰ 'ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਗੈਸ ਦੀ ਕੀਮਤ ਵਧਾ ਕੇ 14.2 ਡਾਲਰ ਪ੍ਰਤੀ ਯੂਨਿਟ ਕੀਤੀ ਜਾਵੇ। ਇਸ ਬਾਰੇ ਤਤਕਾਲੀ ਕੇਂਦਰੀ ਪੈਟਰੋਲੀਅਮ ਮੰਤਰੀ ਐਸ ਜੈਪਾਲ ਰੈਡੀ ਨੇ ਮੰਤਰੀਆਂ ਦੇ ਗਰੁੱਪ ਵਾਸਤੇ ਇਕ ਨੋਟ ਤਿਆਰ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਜੇ ਰਿਲਾਇੰਸ ਦੀ ਮੰਗ ਅਨੁਸਾਰ ਕੀਮਤ ਵਧਾ ਦਿੱਤੀ ਗਈ ਤਾਂ ਇਸ ਨਾਲ ਰਿਲਾਇੰਸ ਨੂੰ ਦੋ ਸਾਲ ਵਿਚ 43,000 ਕਰੋੜ ਰੁਪਏ ਦਾ ਫਾਇਦਾ ਹੋਵੇਗਾ। ਰਿਲਾਇੰਸ ਨੇ ਆਪਣੀ ਮੰਗ ਮਨਵਾਉਣ ਲਈ ਗੈਸ ਦਾ ਉਤਪਾਦਨ ਘਟਾ ਦਿੱਤਾ ਹੈ। ਹੁਣ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਰਿਲਾਇੰਸ ਦੇ ਦਬਾਅ ਹੇਠ ਝੁਕਦਿਆਂ ਕੇਂਦਰੀ ਪੈਟਰੋਲੀਅਮ ਮੰਤਰੀ ਨੂੰ ਬਦਲ ਦਿੱਤਾ ਹੈ।


# ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਦਾ ਸਫਾਇਆ ਯਕੀਨੀ: ਅਮਰਿੰਦਰ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਸੂਬਾ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਕਾਂਗਰਸ ਅਗਾਮੀ ਲੋਕ ਸਭਾ ਚੋਣਾਂ ਵਿਚ ਵਿਰੋਧੀਆਂ ਦਾ ਸਫਾਇਆ ਕਰ ਦੇਵੇਗੀ। ਪੰਜਾਬ ਵਿਚ ਕਾਂਗਰਸ ਦੇ ਲੋਕ ਸਭਾ ਉਮੀਦਵਾਰਾਂ ਨੂੰ ਲੈ ਕੇ ਕਾਲਪਨਿਕ ਸਰਵੇਖਣਾਂ ਦੇ ਮਾਮਲੇ 'ਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ 'ਤੇ ਪਲਟ ਵਾਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਤੋਂ ਧਿਆਨ ਹਟਾਉਣ ਕਾਰਨ ਹੀ ਸੁਖਬੀਰ ਨੇ ਸਰਵੇ ਵਾਲੀਆਂ ਖ਼ਬਰਾਂ ਛਪਵਾਈਆਂ ਹਨ।

ਕੈਪਟਨ ਨੇ ਕਿਹਾ ਕਿ ਪੀ.ਸੀ.ਸੀ. ਵੱਲੋਂ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਅਜਿਹਾ ਸਰਵੇ ਕਦੇ ਵੀ ਨਹੀਂ ਕਰਵਾਇਆ ਗਿਆ ਪਰ ਇਸ ਦੇ ਬਾਵਜੂਦ ਸ. ਬਾਦਲ ਸਰਵੇ 'ਤੇ ਨਜ਼ਰਾਂ ਲਾਈ ਬੈਠੇ ਹਨ ਜਿਸ ਨਾਲ ਸ਼ੱਕ ਪੈਦਾ ਹੁੰਦਾ ਹੈ ਕਿ ਪ੍ਰੈਸ 'ਚ ਛਪੀਆਂ ਖਬਰਾਂ ਦੇ ਪਿੱਛੇ ਕੌਣ ਹੈ। ਉਨ੍ਹਾਂ ਕਿਹਾ ਕਿ ਖਾਸ ਕਰਕੇ ਪਟਿਆਲਾ ਤੇ ਲੁਧਿਆਣਾ ਪਾਰਲੀਮਾਨੀ ਸੀਟ ਵਾਸਤੇ ਸੁਖਬੀਰ ਨੂੰ ਉਮੀਦਵਾਰ ਲੱਭਣ 'ਚ ਪ੍ਰੇਸ਼ਾਨੀ ਹੋ ਰਹੀ ਹੈ ਜਿਸਦੇ ਚਲਦੇ ਉਸ ਨੇ ਕੁਝ ਕਾਲਪਨਿਕ ਤੇ ਜਾਅਲੀ ਰਿਪੋਰਟਾਂ ਛਪਵਾਈਆਂ ਹਨ ਜਦਕਿ ਅੰਮ੍ਰਿਤਸਰ ਤੋਂ ਭਾਜਪਾ ਦੇ ਮੌਜੂਦਾ ਐਮ.ਪੀ. ਨਵਜੋਤ ਸਿੱਧੂ ਪਹਿਲਾਂ ਹੀ ਮੈਦਾਨ ਛੱਡ ਕੇ ਭੱਜ ਗਏ ਹਨ ਤੇ ਹੁਣ ਟੀ.ਵੀ ਸੀਰੀਅਲ ਕਰ ਰਹੇ ਹਨ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਤੇ ਉਸ ਦੀ ਪਾਰਟੀ ਲਈ ਹਾਲਾਤ ਔਖੇ ਬਣ ਰਹੇ ਹਨ ਕਿਉਂਕਿ ਖਜ਼ਾਨੇ ਖਾਲੀ ਹਨ। ਮੁਲਾਜ਼ਮਾਂ ਨੂੰ ਤਨਖ਼ਾਹਾਂ, ਠੇਕੇਦਾਰਾਂ ਨੂੰ ਕੀਤੇ ਕੰਮਾਂ ਲਈ ਅਦਾਇਗੀ ਤੇ ਕਿਸਾਨਾਂ ਨੂੰ ਫਸਲਾਂ ਲਈ ਅਦਾਇਗੀ ਨਹੀਂ ਮਿਲ ਰਹੀ। ਇਸ ਦਾ ਨਤੀਜਾ ਲੋਕ ਸਭਾ ਚੋਣਾਂ 'ਚ ਸਾਹਮਣੇ ਆ ਜਾਵੇਗਾ। ਸੱਚਾਈ ਤੋਂ ਧਿਆਨ ਹਟਾਉਣ ਲਈ ਸੁਖਬੀਰ ਨੇ ਅਜਿਹੀ ਰਿਪੋਰਟਾਂ ਛਪਵਾਈਆਂ ਹਨ।


Clay Oven



We Cater!
For all occasions
Up to 10,000 people
All live cooking on the spot.

Lunch Buffet
11am-3pm
$7.95

Dinner
20% off

Call for packages today
Ph: 847-219-7432
855 East Schaumburg Rd., Schaumburg, IL 60194
Ph: 847-524-3007


# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 17 ਨਵੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-38



*ਨਾਗ ਦੇਵਤਾ ਬੰਦੇ ਕੋਲੋਂ ਡਰ ਕੇ ਪਿਆ ਪਟਾਰੀ।*
*ਸਾਰੀ ਉਮਰੇ ਸਮਝ ਨਹੀਂ ਸਕਿਆ ਪਲ ਪਲ ਦੀ ਹੁਸ਼ਿਆਰੀ।*
*ਕੰਨੋਂ ਬਹਿਰਾ, ਬੀਨ ਦੇ ਉਤੇ ਸੂਕੂ ਫਨ ਫੈਲਾ ਕੇ*
*ਉਂਜ ਇਹ ਭੋਲਾ ਜਾਣ ਗਿਆ ਏ ਪੱਲੇ ਨਹੀਂ ਸਰਦਾਰੀ।*

## ਕੈਪਸ਼ਨ ਮੁਕਾਬਲਾ-36



ਤੱਤੀਆਂ ਠੰਢੀਆਂ ਆਉਣੀਆਂ
ਜੇਰਾ ਲਈਏ ਰੱਖ।
ਝੱਖੜ ਝੱਲੇ ਬੜੇ ਨੇ
ਤੇ ਧੁੱਪਾਂ ਝੱਲੀਆਂ ਲੱਖ।
ਪਿਛੋਂ ਨ੍ਹੇਰੀ ਰਾਤ ਦੇ
ਸੱਜਰੀ ਚੜ੍ਹੂ ਸਵੇਰ।
ਪੱਤਝੜ ਪਿਛੋਂ ਰੌਣਕਾਂ
ਪਰਤ ਆਉਣੀਆਂ ਫੇਰ।
***-ਮਨਬੀਰ, ਫਰੀਮਾਂਟ***

---

ਫੁੱਲਾਂ ਵਾਂਗ ਰੁੱਖਾਂ ਦੀ ਵੀ,
ਬਹਾਰ ਚੰਗੀ ਚੰਗੀ ਲੱਗਦੀ।
ਰੁੱਖਾਂ ਦੇ ਰੰਗੀਨ ਪੱਤਿਆਂ 'ਚ,
ਕਾਇਨਾਤ ਰੰਗੀ ਰੰਗੀ ਲੱਗਦੀ।
ਤਪਦੇ ਦੁਪਹਿਰਿਆਂ 'ਚ ਯਾਰੋ,
ਰੱਖਾਂ ਦੀ ਛਾਂ ਠੰਢੀ ਠੰਢੀ ਲੱਗਦੀ।
***-ਪਰਸ਼ੋਤਮ ਸਿੰਘ***
***ਯੂਬਾ ਸਿਟੀ।***

---

ਹੱਸ ਪਈ ਕੁਦਰਤ ਵੇਖ ਕੇ
ਬੜੇ ਨਿਆਰੇ ਰੰਗ।
ਅਸੀਂ ਨਿਭਾਈਆਂ ਯਾਰੀਆਂ
ਹਰ ਮੌਸਮ ਦੇ ਸੰਗ।
ਪੱਤੇ ਝੜਦੇ ਆਏ ਨੇ,
ਝੜਿਆ ਨਹੀਂ ਸਰੀਰ।
ਕਿੰਨੀ ਚੰਗੀ ਡਾਢਿਆ,
ਲਿਖ'ਤੀ ਤੂੰ ਤਕਦੀਰ।
***-ਹਰਬੰਸ, ਨਿਊ ਯਾਰਕ***

---

ਰੁੱਤ ਬਹਾਰ ਦੀ ਜਦੋਂ ਵੀ ਆਵੇ,
ਚਾਰੇ ਪਾਸੇ ਮਸਤੀ ਛਾਵੇ।
ਕੁਦਰਤ ਆਪਣੇ ਰੰਗ ਬਿਖੇਰੇ,
ਅਜਬ ਲੋਰ ਵਿਚ ਮਨ ਨਸ਼ਿਆਵੇ।
***-ਜਗਮੀਤ ਸਿੰਘ ਪੰਧੇਰ***
***ਪਿੰਡ: ਕਲਾਹੜ, ਲੁਧਿਆਣਾ***
***ਫੋਨ: 91-98783-37222***

---

ਲੱਗਦੀਆਂ ਜੋ ਦਰਖਤਾਂ ਉਤੇ,
ਛਾਈਆਂ ਲਾਲੀਆਂ ਹੀ ਲਾਲੀਆਂ।
ਪਤਝੜ 'ਚ ਸੁੰਨੀਆਂ ਹੋ ਜਾਵਣ,
ਇਨ੍ਹਾਂ ਦੀਆਂ ਭਰੀਆਂ ਡਾਲੀਆਂ।
***-ਬਿਕਰਮਜੀਤ ਸਿੰਘ ਬਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਇਨਸਾਨਾਂ ਵਾਂਗੂ ਇਹ ਰੁੱਖ
ਆਪਸ ਵਿਚ ਕਦੇ ਨਹੀਂ ਲੜਦੇ।
ਮੀਂਹ ਆਵੇ ਜਾਂ ਆਵੇ ਝੱਖੜ
ਹੱਸ ਕੇ ਇਹ ਜਰਦੇ।
ਜੇਠ-ਹਾੜ ਦੀਆਂ ਧੁੱਪਾਂ ਸਹਿ ਕੇ
ਸਾਨੂੰ ਠੰਢੀਆਂ ਛਾਂਵਾਂ ਕਰਦੇ।
***-ਗੌਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 646-721-1964***

# ਪੰਜਾਬੀ ਟ੍ਰਿਬਿਊਨ ਦੇ ਨਿਊਜ਼ ਰੂਮ ਤੋਂ ਵਿਦਾਇਗੀ

## ਰੰਗ-ਬੇਰੰਗ

ਵੱਡੇ ਭਾਅ ਜੀ ਅਮੋਲਕ ਸਿੰਘ ਜੰਮੂ ਵਲੋਂ ਪੰਜਾਬੀ ਟ੍ਰਿਬਿਊਨ ਨਾਲ ਸਬੰਧਤ ਯਾਦਾਂ ਪਾਠਕਾਂ ਨਾਲ ਸਾਂਝੀਆਂ ਕਰਨ ਤੋਂ ਪ੍ਰੇਰਿਤ ਹੋ ਕੇ ਮੈਨੂੰ ਵੀ ਲੱਗਿਆ ਕਿ ਪੰਜਾਬੀ ਟ੍ਰਿਬਿਊਨ ਨਾਲ ਜੁੜੇ ਆਪਣੇ ਕੌੜੇ-ਮਿੱਠੇ ਕੁਝ ਤਜ਼ਰਬੇ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝੇ ਕਰਾਂ। ਪੰਜਾਬੀ ਟ੍ਰਿਬਿਊਨ ਨਾਲ ਮੈਂ ਵੀ ਕੋਈ



**ਬਲਵਿੰਦਰ ਜੰਮੂ ਜ਼ੀਰਕਪੁਰ**
ਫੋਨ: 91-97799-21999

ਵੀਹ ਵਰ੍ਹੇ ਕੰਮ ਕੀਤਾ ਹੈ। ਪਰ ਲੰਘੀ 24 ਅਕਤੂਬਰ ਨੂੰ ਮੈਂ ਆਪਣੀ ਮਰਜ਼ੀ ਨਾਲ ਪੰਜਾਬੀ ਟ੍ਰਿਬਿਊਨ ਤੋਂ ਰਿਟਾਇਰਮੈਂਟ ਲੈ ਲਈ।

ਪੰਜਾਬੀ ਟ੍ਰਿਬਿਊਨ ਵਰਗੇ ਮਿਆਰੀ ਅਖ਼ਬਾਰ ਵਿਚ ਸਬ ਐਡੀਟਰ ਦੀ ਨੌਕਰੀ ਛੱਡਣ ਦਾ ਫੈਸਲਾ ਕਰਨਾ ਏਨਾ ਸੌਖਾ ਨਹੀਂ ਤੇ ਇਸ ਫ਼ੈਸਲੇ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਂਦਾ ਹੈ। ਟ੍ਰਿਬਿਊਨ ਗਰੁਪ ਵਿਚ ਸਬ ਐਡੀਟਰ ਦੀ ਨੌਕਰੀ ਕੋਈ ਛੋਟੀ ਨੌਕਰੀ ਨਹੀਂ, ਤਨਖਾਹ ਵੀ ਅੱਛੀ ਅਤੇ ਸਮਾਜ ਵਿਚ ਆਦਰ-ਮਾਣ ਵੀ ਬਥੇਰਾ। ਇਹ ਨੌਕਰੀ ਹਾਸਲ ਕਰਨ ਲਈ ਬਥੇਰੇ ਮਹਾਰਥੀ ਹੱਥ-ਪੱਲਾ ਮਾਰਦੇ ਹਨ। ਪੰਜਾਬੀ ਟ੍ਰਿਬਿਊਨ ਦੀ ਨੌਕਰੀ ਬਿਨਾ ਕਿਸੇ ਖਾਸ ਵਜ੍ਹਾ ਤੋਂ ਛੱਡ ਕੇ ਜਾਣ ਦੀ ਸਲਾਹ ਕੋਈ ਨਹੀਂ ਦਿੰਦਾ। ਮੈਨੂੰ ਅੱਜ ਤੱਕ ਵੀ ਯਾਦ ਹੈ ਕਿ ਵੱਡੇ ਭਾਅ ਜੀ ਅਮੋਲਕ ਸਿੰਘ ਨੇ ਜਦੋਂ ਕੋਈ 15-16 ਸਾਲ ਪਹਿਲਾਂ ਪੰਜਾਬੀ ਟ੍ਰਿਬਿਊਨ ਦੀ ਨੌਕਰੀ ਛੱਡ ਕੇ ਅਮਰੀਕਾ ਜਾ ਵੱਸਣ ਦਾ ਫੈਸਲਾ ਲਿਆ ਤਾਂ ਸਾਡੇ ਪਿਤਾ ਜੀ ਇਸ ਗੱਲੋਂ ਕਾਫੀ ਖਫਾ ਹੋਏ ਸਨ ਅਤੇ ਅੱਜ ਤੱਕ ਵੀ ਇਸ ਫੈਸਲੇ ਨਾਲ ਸਹਿਮਤ ਨਹੀਂ ਹਨ। ਪਰ ਮੈਂ ਚੁੱਪ-ਚਾਪ ਨੌਕਰੀ ਛੱਡਣ ਦਾ ਮਨ ਬਣਾ ਲਿਆ ਸੀ। 24 ਅਕਤੂਬਰ ਸ਼ਾਮੀਂ ਵੀ ਆਰ ਐਸ (ਵਾਲੰਟਰੀ ਰਿਟਾਇਰਮੈਂਟ ਸਰਵਿਸ) ਦਾ ਫਾਰਮ ਭਰ ਕੇ ਜਦੋਂ ਮੈਂ ਸੰਪਾਦਕ ਕੋਲ ਦੂਜੀ ਮੰਜ਼ਿਲ 'ਤੇ ਜਾ ਰਿਹਾ ਸਾਂ ਤਾਂ ਪੌੜੀਆਂ ਚੜ੍ਹਦਿਆਂ ਅਤੀਤ ਵਿਚ ਲਹਿ ਗਿਆ।

ਸੰਪਾਦਕ ਕੋਲ ਜਾਣ ਤੋਂ ਪਹਿਲਾਂ ਆਪਣੇ-ਆਪ ਨੂੰ ਛੇ ਵਾਰ ਅਪਡੇਟ ਕਰਨਾ ਪੈਂਦਾ, ਕੀ ਪਤਾ ਉਹ ਕੀ ਪੁੱਛ ਲੈਣ। ਨੌਕਰੀ ਕਰਦਿਆਂ ਜਦੋਂ ਵੀ ਸੰਪਾਦਕ ਦੇ ਬੁਲਾਏ 'ਤੇ ਉਨ੍ਹਾਂ ਦੇ ਦਫਤਰ ਜਾਣਾ ਪੈਣਾ ਤਾਂ ਹਮੇਸ਼ਾ ਇਕ ਅੱਚਵੀ ਜਿਹੀ ਲੱਗ ਜਾਂਦੀ। ਇਹ ਉਹੀ ਪੌੜੀਆਂ ਸਨ ਜਿਨ੍ਹਾਂ 'ਤੇ ਜਾਂਦਿਆਂ ਮੈਂ ਪੰਜਾਬੀ ਟ੍ਰਿਬਿਊਨ ਦਾ ਸਬ ਐਡੀਟਰ ਬਣਨ ਲਈ ਬੜੀ ਜੱਦੋਜਹਿਦ ਕੀਤੀ ਸੀ। ਇਸ ਲਈ ਮੈਨੂੰ ਇਨ੍ਹਾਂ ਪੌੜੀਆਂ ਦੀ ਅਹਿਮੀਅਤ ਦਾ ਪਤਾ ਸੀ ਜਿਨ੍ਹਾਂ ਤੋਂ ਤਾਂਹ-ਠਾਂਹ ਹੁੰਦਿਆਂ ਮੈਂ ਇਕ ਦਿਨ ਆਪਣੇ ਟੀਚੇ 'ਤੇ ਪੁੱਜਾ ਸੀ। ਜ਼ਿੰਦਗੀ ਵਿਚ ਸੰਘਰਸ਼ ਕਰਨ ਦਾ ਫਲ ਮਿਲ ਗਿਆ ਸੀ। ਇਕ ਵਾਰ ਦਿਲ ਕੀਤਾ ਇਨ੍ਹਾਂ ਹੀ ਪੌੜੀਆਂ ਤੋਂ ਵਾਪਸ ਮੁੜ ਜਾਵਾਂ, ਮੈਨੂੰ ਹੋਣ ਵਾਲੀਆਂ ਆਪਣੀਆਂ ਉਪਰਲੀਆਂ ਪ੍ਰਮੋਸ਼ਨਾਂ ਵੀ ਰੋਕਣ ਲੱਗੀਆਂ। ਫ਼ੈਸਲਾ ਮਜ਼ਬੂਤ ਸੀ ਤੇ ਇਹ ਇਕ ਦਿਨ ਵਿਚ ਲਿਆ ਫ਼ੈਸਲਾ ਨਹੀਂ ਸੀ।

ਮੈਂ ਕੰਬਦੇ ਹੱਥਾਂ ਨਾਲ ਸੰਪਾਦਕ ਅੱਗੇ ਆਪਣਾ ਫਾਰਮ ਟਿਕਾ ਦਿੱਤਾ, ਉਹ ਸੰਪਾਦਕੀ ਪੇਜ ਦੇਖ ਰਹੇ ਸਨ, ਇਸ ਲਈ ਬਿਨਾਂ ਦੇਖੇ ਕਹਿਣ ਲੱਗੇ, "ਰੱਖ ਦੇ, ਫੇਰ ਲੈ ਜਾਈਂ। ਮੇਰੇ ਵੱਲੋਂ ਦੋ-ਤਿੰਨ ਵਾਰ ਜ਼ੋਰ ਪਾਉਣ 'ਤੇ ਕਿ 'ਸਰ ਵੇਖ ਤਾਂ ਲਓ', ਫਾਰਮ ਵੇਖ ਕੇ ਹੈਰਾਨੀ ਨਾਲ ਕੁਝ ਸਮਾਂ ਚੁੱਪ ਰਹੇ ਤੇ ਫੇਰ ਬੋਲੇ, "ਇਹ ਕੀ, ਜਿਨ੍ਹਾਂ ਹੱਥਾਂ ਨਾਲ ਤੈਨੂੰ ਸਬ ਐਡੀਟਰ ਬਣਾਇਆ, ਹੁਣ ਕਿਵੇਂ ਰਿਟਾਇਰ ਕਰ ਦਿਆਂ, ਦੱਸ।" ਉਹ ਮੇਰੇ ਵੱਲ ਦੇਖ ਰਹੇ ਸਨ। ਮੈਂ ਕਦੇ ਉਨ੍ਹਾਂ ਨਾਲ ਨਜ਼ਰ ਮਿਲਾ ਲੈਂਦਾ ਤੇ ਕਦੇ ਅੱਖਾਂ ਨੀਵੀਆਂ ਕਰ ਲੈਂਦਾ। ਮੈਂ ਇਕ ਪੀੜ ਨਾਲ ਲੂਸੀ ਜਾ ਰਿਹਾ ਸਾਂ।

ਕਾਫੀ ਚਿਰ ਸਮਝੌਤੀਆਂ ਦੇਣ ਪਿਛੋਂ ਉਨ੍ਹਾਂ ਮੇਰਾ ਫਾਰਮ ਰੱਖ ਲਿਆ ਤੇ ਅੱਗੇ ਭੇਜਣ ਦਾ ਭਰੋਸਾ ਦਿੱਤਾ। ਸਮਾਚਾਰ ਸੰਪਾਦਕ ਤੋਂ ਪ੍ਰਵਾਨਗੀ ਲੈਣ ਵੇਲੇ ਵੀ ਮੈਂ ਉਹੀ ਸੁਣਿਆ ਜੋ ਸੰਪਾਦਕ ਨੇ ਕਿਹਾ।

ਨਿਊਜ਼ ਰੂਮ ਵਿਚ ਵੱਖ-ਵੱਖ ਡੈਸਕਾਂ 'ਤੇ ਕੰਮ ਕਰਦਿਆਂ ਤੇ ਹਰ ਤਰ੍ਹਾਂ ਦੀਆਂ ਖ਼ਬਰਾਂ ਐਡਿਟ ਕਰਦਿਆਂ ਸਭ ਤੋਂ ਵੱਧ ਤਸੱਲੀ ਮੈਨੂੰ ਆਂਗਨਵਾੜੀ ਮੁਲਾਜ਼ਮਾਂ ਤੇ ਹੋਮ ਗਾਰਡਾਂ ਦੀਆਂ ਖ਼ਬਰਾਂ 'ਤੇ ਹੁੰਦੀ ਜੋ ਬਹੁਤ ਘੱਟ ਉਜਰਤਾਂ 'ਤੇ ਜੀਅ-ਜਾਨ ਲਾ ਕੇ ਕੰਮ ਕਰਦੇ ਹਨ। ਉਹ ਇਕ ਆਸ ਵਿਚ ਹੀ ਉਮਰ ਦੇ ਕਈ ਪੜਾਅ ਪਾਰ ਕਰ ਜਾਂਦੇ ਹਨ।

ਪੰਜਾਬੀ ਟ੍ਰਿਬਿਊਨ

ਸਭ ਤੋਂ ਬੇਰਸੀਆਂ ਖ਼ਬਰਾਂ ਮੈਨੂੰ ਤਰਕਸ਼ੀਲਾਂ ਦੀਆਂ ਲੱਗਦੀਆਂ। ਪੁਲਿਸ ਮਹਿਕਮੇ ਦੀਆਂ ਖ਼ਬਰਾਂ ਚਮਕਾਉਣਾ ਮੇਰਾ ਪੂਰਾ ਸ਼ੌਕ ਸੀ ਕਿਉਂਕਿ ਸਾਡੇ ਪਿਤਾ ਜੀ ਵੀ ਪੁਲਿਸ ਮਹਿਕਮੇ ਤੋਂ ਸੇਵਾ ਮੁਕਤ ਹੋਏ ਸਨ। ਪੈਨਸ਼ਨਰਾਂ ਦੀਆਂ ਖ਼ਬਰਾਂ ਲੱਗਣੋਂ ਨਾ ਰਹਿ ਜਾਣ, ਮੇਰਾ ਪੂਰਾ ਧਿਆਨ ਰਹਿੰਦਾ।

ਨਿਊਜ਼ ਰੂਮ ਵਿਚ ਪੱਤਰ ਪ੍ਰੇਰਕਾਂ ਦੁਆਰਾ ਭੇਜੀਆਂ ਗਈਆਂ ਖ਼ਬਰਾਂ ਕਈ ਵਾਰ ਚੰਗੀ ਤਰ੍ਹਾਂ ਨਹੀਂ ਲਿਖੀਆਂ ਹੁੰਦੀਆਂ ਤੇ ਨਿਊਜ਼ ਰੂਮ ਵਿਚ ਖ਼ਬਰ ਨੂੰ ਮੁੜ ਤੋਂ ਲਿਖਣ ਦਾ ਸਮਾਂ ਨਹੀਂ ਹੁੰਦਾ ਜਿਸ ਕਰਕੇ ਕਈ ਵਾਰ ਚੰਗੀ ਖ਼ਬਰ ਦਾ ਕਤਲ ਹੋ ਜਾਂਦਾ ਹੈ ਪਰ ਇਸ ਦਾ ਦੁੱਖ ਬਹੁਤ ਲੱਗਦਾ ਹੈ। ਨਿਊਜ਼ ਰੂਮ ਵਿਚ ਕੰਮ ਕਰਦਿਆਂ ਪੰਜਾਬੀ ਟ੍ਰਿਬਿਊਨ ਦੇ ਮਿਆਰ ਤੇ ਇਸ ਦੀਆਂ ਜਿਨ੍ਹਾਂ ਕਦਰਾਂ-ਕੀਮਤਾਂ ਦਾ ਗਿਆਨ ਹੋਇਆ, ਉਹ ਮੇਰਾ ਸਰਮਾਇਆ ਹੈ। ਖ਼ਬਰ 'ਤੇ ਭਾਵੁਕਤਾ ਨੂੰ ਛਾਂਗਣ ਦੇ ਲਿਖਤੀ ਨਿਰਦੇਸ਼ ਮਿਲਦੇ। ਕਦੀ ਕਦੀ ਇਉਂ ਜਾਪਦਾ ਕਿ ਸੀਨੀਅਰ ਸ਼ਾਇਦ ਸਾਨੂੰ ਲੋੜ ਤੋਂ ਵੱਧ ਨਿਰਦੇਸ਼ ਦੇ ਰਹੇ ਹਨ।

ਖ਼ਾਸ ਗੱਲ ਇਹ ਕਿ ਪੰਜਾਬੀ ਟ੍ਰਿਬਿਊਨ ਦੇ ਨਿਊਜ਼ ਰੂਮ ਵਿਚ ਸਬ ਐਡੀਟਰਾਂ ਜਾਂ ਉਪ ਸੰਪਾਦਕਾਂ ਨੂੰ ਖ਼ਬਰ ਤਿਆਰ ਕਰਨ ਸਮੇਂ ਕਿਸੇ ਦਾ ਬਾਹਰੀ ਦਬਾਅ ਨਹੀਂ ਹੁੰਦਾ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦਿਆਂ ਕਿ ਕਿਸੇ ਵੀ ਰੋਜ਼ਾਨਾ ਅਖਬਾਰ ਵਿਚ ਰੋਜ਼ਮੱਰਾ ਦੀਆਂ ਖਬਰਾਂ ਨਿਊਜ਼ ਰੂਮ ਵਿਚ ਹੀ ਤਿਆਰ ਹੁੰਦੀਆਂ ਹਨ ਜੋ ਕੰਪੋਜ਼ ਹੋਣ ਉਪਰੰਤ ਵੱਖ ਵੱਖ ਸਫਿਆਂ 'ਤੇ ਅਖਬਾਰਾਂ ਦੀ ਨੀਤੀ ਅਤੇ ਪਹੁੰਚ ਅਨੁਸਾਰ ਲਾਈਆਂ ਜਾਂਦੀਆਂ ਹਨ। ਅਕਸਰ ਹੀ ਪੇਜ ਮੇਕਿੰਗ ਰੂਮ ਵਿਚ ਕਈ ਬਣੀਆਂ-ਬਣਾਈਆਂ ਖ਼ਬਰਾਂ ਦਾ ਵੀ ਕਤਲ ਹੋ ਜਾਂਦਾ ਹੈ। ਪੇਜ 'ਤੇ ਜਗ੍ਹਾ ਦੀ ਘਾਟ ਤੇ ਖ਼ਬਰਾਂ ਦੀ ਬਹੁਤਾਤ ਇਸ ਦਾ ਕਾਰਨ ਬਣਦੀ ਹੈ। ਤਿੰਨ ਥਾਂ ਦੀ ਚੈਕਿੰਗ ਮਗਰੋਂ ਵੀ ਪੇਜ 'ਤੇ ਕੋਈ ਨਾ ਕੋਈ ਗਲਤੀ ਰੜਕਣ ਲਈ ਰਹਿ ਜਾਂਦੀ ਹੈ। ਪੇਜ ਮੇਕਿੰਗ ਰੂਮ ਮੈਨੂੰ ਪੀ ਜੀ ਆਈ ਦਾ ਇਕ ਅਪਰੇਸ਼ਨ ਥੀਏਟਰ ਹੀ ਲੱਗਦਾ ਤੇ ਕਈ ਵਾਰ ਮੈਂ ਸੋਚਦਾ ਜਿਵੇਂ ਸਾਡੇ ਤੋਂ ਕੋਈ ਗਲਤੀ ਰਹਿ ਜਾਂਦੀ ਹੈ, ਠੀਕ ਉਸੇ ਤਰ੍ਹਾਂ ਕਈ ਵਾਰ ਡਾਕਟਰਾਂ ਤੋਂ ਮਰੀਜ਼ ਨਾਲ ਹੋ ਜਾਂਦੀ ਹੈ ਜੋ ਕਿ ਮੁੜ ਅਹਿਮ ਖ਼ਬਰ ਬਣ ਜਾਂਦੀ ਹੈ ਪਰ ਇਹ ਸਾਰਾ ਕੁਝ ਜਾਣ ਕੇ ਨਹੀਂ ਹੁੰਦਾ, ਨਾ ਚਾਹੁੰਦਿਆਂ ਹੋ ਜਾਂਦਾ ਹੈ।

ਜਦੋਂ ਮੇਰੇ ਮਿਡਲ ਛਪਣ ਲੱਗੇ ਤਾਂ ਉਸ ਵੇਲੇ ਦੇ ਡਿਪਟੀ ਐਡੀਟਰ ਨੇ ਮੇਰੀ ਪ੍ਰਤਿਭਾ ਪਛਾਣਦਿਆਂ ਮੈਨੂੰ ਲਿਖਣ ਦੀ ਹੱਲਾਸ਼ੇਰੀ ਦਿੱਤੀ ਤੇ ਮਿਡਲ ਲਿਖਣ ਦੀਆਂ ਬਾਰੀਕੀਆਂ ਵੀ ਦੱਸੀਆਂ। ਇਹ ਵੀ ਇਕ ਲੰਮਾ ਸਫਰ ਸੀ। ਸ਼ੁਰੂ 'ਚ ਲੱਗਦਾ ਕਿ ਮੈਂ ਬਿਲਕੁਲ ਠੀਕ ਲਿਖਿਆ ਹੈ, ਫਿਰ ਵੀ ਡਿਪਟੀ ਐਡੀਟਰ ਪਤਾ ਨਹੀਂ ਮੈਨੂੰ ਕਿਉਂ ਹਦਾਇਤਾਂ ਦਈ ਜਾ ਰਹੇ ਹਨ। ਪਰ ਛੇਤੀ ਹੀ ਪਤਾ ਲੱਗ ਗਿਆ ਕਿ ਕਿਸੇ ਵੀ ਲਿਖਤ ਨੂੰ ਬਿਹਤਰ ਬਣਾਉਣ ਲਈ ਉਸ ਵਿਚ ਸੁਧਾਰਨ ਦੀ ਹਮੇਸ਼ਾ ਹੀ ਗੁੰਜਾਇਸ਼ ਰਹਿੰਦੀ ਹੈ। ਪੰਜਾਬੀ ਟ੍ਰਿਬਿਊਨ ਨਾਲ ਮੇਰਾ ਰਿਸ਼ਤਾ ਸੰਨ 1984-85 ਜੁੜਿਆ ਜਦੋਂ ਮੈਂ ਹਰਿਆਣਾ ਦੇ ਜਿਲ੍ਹਾ ਸਿਰਸਾ ਦੇ ਕਸਬਾ ਰਾਣੀਆਂ ਤੋਂ ਪੱਤਰ ਪ੍ਰੇਰਕ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਇਸ ਅਦਾਰੇ ਵਿਚ ਪਹਿਲਾਂ ਪਰੂਫ-ਰੀਡਰ ਬਣਨ ਅਤੇ ਫਿਰ ਸਬ ਐਡੀਟਰ ਬਣਨ ਦਾ ਸਫਰ ਵੀ ਕਾਫੀ ਲੰਮਾ ਰਿਹਾ। ਜਿਵੇਂ ਕਿ ਭਾਅ ਜੀ ਅਮੋਲਕ ਸਿੰਘ ਆਪਣੇ ਕਾਲਮ ਵਿਚ ਦੱਸ ਹੀ ਚੁਕੇ ਹਨ ਕਿ ਪੰਜਾਬੀ ਟ੍ਰਿਬਿਊਨ ਵਿਚ ਸ਼ੁਰੂ ਦੇ ਦਿਨਾਂ ਦਾ ਪਿਆਰ ਭਰਿਆ ਮਾਹੌਲ ਛੇਤੀ ਹੀ ਆਪਸੀ ਖਿੱਚੋਤਾਣ ਦੀ ਭੇਟ ਚੜ੍ਹ ਗਿਆ ਸੀ ਅਤੇ ਉਸੇ ਕਰਕੇ ਉਨ੍ਹਾਂ ਨੂੰ ਕਾਬਲੀਅਤ ਹੋਣ ਦੇ ਬਾਵਜੂਦ ਪਰੂਫ ਰੀਡਰ ਤੋਂ ਸਬ ਐਡੀਟਰ ਬਣਨ ਲਈ ਲੰਮਾ ਸਮਾਂ ਸੰਘਰਸ਼ ਤੇ ਉਡੀਕ ਕਰਨੀ ਪਈ। ਇਸ ਖਿੱਚੋਤਾਣ ਅਤੇ ਅਦਾਰੇ ਦੀ ਮੁਲਾਜ਼ਮ ਯੂਨੀਅਨ ਦੀ ਸਿਆਸਤ ਦਾ ਪਰਛਾਵਾਂ ਮੇਰੇ ਉਪਰ ਵੀ ਪਿਆ। ਮੈਨੂੰ ਵੀ ਸਬ ਐਡੀਟਰ ਬਣਨ ਲਈ ਕਾਫੀ ਸੰਘਰਸ਼ ਕਰਨਾ ਪਿਆ।

ਪੰਜਾਬੀ ਟ੍ਰਿਬਿਊਨ ਦੀ ਸੇਵਾ ਤੋਂ ਹੁਣ ਰੁਖ਼ਸਤ ਹੋਣ ਦਾ ਫੈਸਲਾ ਮੈਂ ਆਪਣੀਆਂ ਕੁਝ ਨਿਜੀ ਤਰਜ਼ੀਹਾਂ ਕਾਰਨ ਲਿਆ ਹੈ। ਇਸ ਤੋਂ ਰੁਖਸਤ ਹੋਣ ਪਿਛੋਂ ਵੀ ਇਹ ਹਮੇਸ਼ਾਂ ਮਨ ਵਿਚ ਰਚਿਆ ਰਹੇਗਾ। ਰੱਬ ਕਰੇ ਪੰਜਾਬੀ ਟ੍ਰਿਬਿਊਨ ਦਾ ਮਿਆਰ ਨਾ ਸਿਰਫ ਬਣਿਆ ਹੀ ਰਹੇ ਸਗੋਂ ਹੋਰ ਵੀ ਉਚਾ ਹੋਵੇ।

### ਸਵੇਰ ਖਾਮੋਸ਼ ਤੇ ਸ਼ਾਮ ਉਦਾਸ

ਸਵੇਰ ਖਾਮੋਸ਼ ਤੇ ਸ਼ਾਮ ਉਦਾਸ ਆਉਂਦੀ ਹੈ।
ਤੇਰੀ ਗੈਰਹਾਜ਼ਰੀ ਕਿਸ ਨੂੰ ਰਾਸ ਆਉਂਦੀ ਹੈ?
ਤੇਰੇ ਆਉਣ ਦਾ ਭੁਲੇਖਾ ਠਗਦਾ ਹੈ ਇਵੇਂ,
ਮਰਦੇ ਨੂੰ ਜਿਵੇਂ ਆਖਰੀ ਸਵਾਸ ਆਉਂਦੀ ਹੈ।
ਸਮਾਜ ਨਾਮੀ ਰੱਸੀ ਤੋਂ ਡਿੱਗ ਪਵਾਂ ਜਦੋਂ,
ਯਾਦ ਤੇਰੀ ਦੇਵਣ ਧਰਵਾਸ ਆਉਂਦੀ ਹੈ।
ਝੂਠੇ ਮੂੰਹੋਂ ਸੱਚੀਆਂ ਗੱਲਾਂ ਇਵੇਂ, ਜਿਵੇਂ,
ਬੁਰਾਈ ਪਹਿਨ ਅੱਛਾਈ ਦਾ ਲਿਬਾਸ ਆਉਂਦੀ ਹੈ।
ਚਾਰ ਅੱਖਰ ਵਾਹ, ਪੁਖ਼ਤਗੀ ਲੱਭਦਾ ਹਾਂ ਮੈਂ,
ਇਹ ਗੱਲ ਬਾਅਦ ਬਹੁਤ ਅਭਿਆਸ ਆਉਂਦੀ ਹੈ।

*-ਬਲਕਾਰ ਦਾਨਿਸ਼*

**Dhillon Truck Stop**
**Dhillon Road Service**
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

ooraa
ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?


- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada
Resolve your IRS Tax Debt / Problems
100% SATISFACTION GUARANTEED
ਅੱਜ ਹੀ ਸਾਨੂੰ ਕਾਲ ਕਰੋ
(888) 888-9914
www.ooraa.org

**ਨੈਣ-ਨਕਸ਼**



ਐਸ. ਅਸ਼ੋਕ ਭੌਰਾ

# ਖੁਸ਼ੀਆਂ ਤੇ ਉਦਾਸੀਆਂ 'ਚੋਂ ਗੁਜ਼ਰਦਿਆਂ

*ਵਿਧਵਾ ਔਰਤ ਨੂੰ ਜਦੋਂ ਦੂਜੇ ਮਰਦ ਨਾਲ ਤੋਰਿਆ ਜਾਂਦਾ ਹੈ ਤਾਂ ਉਹਦੇ ਚਿਹਰੇ 'ਤੇ ਚਾਅ ਨਹੀਂ, ਉਦਾਸੀਆਂ ਵੈਣ ਪਾ ਰਹੀਆਂ ਹੁੰਦੀਆਂ ਹਨ; ਕਿਉਂਕਿ ਉਹ ਜਾਣ ਗਈ ਹੁੰਦੀ ਹੈ ਕਿ ਹੁਣ ਉਹ ਜਾਂ ਤਾਂ ਸਿਰਫ਼ ਗ੍ਰਿਹਿਸਥ ਨੂੰ ਖਿੱਚਣ ਵਾਲੀ ਗੱਡੀ ਨਾਲ ਜੁੜੇਗੀ, ਤੇ ਜਾਂ ਫਿਰ ਜ਼ਿੰਦਗੀ ਦੇ ਫਿੱਕੇ ਪੈ ਚੁੱਕੇ ਰੰਗ ਗੂੜ੍ਹੇ ਕਰਨ ਦੇ ਯਤਨਾਂ 'ਚ ਲੱਗੀ ਰਹੇਗੀ। ਵਿਆਹ ਤੋਂ ਪਿੱਛੋਂ ਗੱਭਰੂ ਨੂੰ ਮੁਕਲਾਵੇ ਦਾ ਗੋਡੇ ਗੋਡੇ ਚਾਅ ਹੁੰਦਾ ਹੈ ਜਦੋਂ ਕਿ ਮੁਟਿਆਰ ਨੂੰ ਚਾਅ ਵੀ ਹੁੰਦਾ ਹੈ ਤੇ ਡਰ ਵੀ, ਘਟਨਾ ਇਕ ਹੁੰਦੀ ਹੈ ਪਰ ਦ੍ਰਿਸ਼ਟੀਕੋਣ ਦੋ। ਘੁੱਗੀਆਂ ਕਾਂਵਾਂ ਨਾਲ ਨਹੀਂ ਝਗੜਦੀਆਂ ਕਿਉਂਕਿ ਉਹ ਜਾਣਦੀਆਂ ਨੇ ਕਿ ਲੁੱਚਿਆਂ ਦੇ ਰਾਹਾਂ 'ਚੋਂ ਸ਼ਰੀਫ ਭੁੱਲ ਕੇ ਵੀ ਲੰਘਣ ਦੀ ਗਲਤੀ ਨਹੀਂ ਕਰਦੇ। ਬਹੁਤ ਸਾਰੇ ਲੋਕ ਸਾਰੀ ਉਮਰ ਚੰਗਾ ਬਣਨ ਦੇ ਯਤਨਾਂ ਵਿਚ ਤਾਂ ਲੱਗੇ ਰਹੇ ਪਰ ਅਫ਼ਸੋਸ ਇਹ ਰਿਹਾ ਕਿ ਉਹ ਚੰਗੇ ਫਿਰ ਵੀ ਕਿਸੇ ਨੂੰ ਨਾ ਲੱਗੇ। ਉਹ ਵਹਿਮ ਕਰਦੇ ਰਹੇ ਕਿ ਖੀਰ 'ਚ ਪਾਈ ਤਾਂ ਖੰਡ ਸੀ ਪਰ ਲੂਣ ਪਤਾ ਨਹੀਂ ਕਿਵੇਂ ਨਿਕਲ ਆਇਆ? ਸਕੂਲਾਂ-ਕਾਲਜਾਂ ਵਿਚ ਦੋਸਤੀਆਂ ਪੈਣ ਦੀਆਂ ਹੀ ਸੰਭਾਵਨਾਵਾਂ ਹੁੰਦੀਆਂ ਹਨ ਜਦੋਂ ਕਿ ਨੌਕਰੀ ਕਰਨ ਵੇਲੇ ਦਫ਼ਤਰਾਂ 'ਚ ਸ਼ਰੀਕੇਬਾਜ਼ੀ ਤੇ ਈਰਖਾ ਪੈਦਾ ਹੋ ਗਈ ਹੁੰਦੀ ਹੈ। ਬਿਮਾਰੀਆਂ ਨਾਲ ਲੜਦਿਆਂ ਸਿਰਫ਼ ਮਰੀਜ਼ ਥੱਕਦੇ ਨੇ ਜਦੋਂ ਕਿ ਡਾਕਟਰ ਬਿਮਾਰੀ ਨੂੰ ਸਲਾਹ ਦੇ ਰਹੇ ਹੁੰਦੇ ਨੇ, 'ਕੱਲ ਨੂੰ ਇਨ੍ਹਾਂ ਕੱਪੜਿਆਂ ਵਿਚ ਨਾ ਆਈਂ।' ਗ਼ਜ਼ਲ ਵਿਚ ਕਵੀ ਪਿਆਰ 'ਚ ਹਾਰ ਦੇ ਦੁੱਖ ਅਤੇ ਪ੍ਰੇਮਿਕਾ ਦੀ ਬੇਵਫਾਈ ਦੇ ਉਲਾਂਭੇ ਦੇ ਰਿਹਾ ਹੁੰਦਾ ਹੈ ਕਿ ਸ਼ਾਇਦ ਉਹ ਪੜ੍ਹ ਕੇ ਸ਼ਰਮਿੰਦਾ ਹੋਵੇਗੀ ਪਰ ਅਸਲ ਵਿਚ ਹਾਲੇ ਤੀਕਰ ਕਿਸੇ ਵੀ ਪ੍ਰੇਮਿਕਾ ਨੇ ਵਿਯੋਗੀ ਕਵੀ ਦੀ ਰਚਨਾ ਨੂੰ ਸਵਿਕਾਰਿਆ ਹੀ ਨਹੀਂ ਹੈ। ਨਿਕੰਮੇ ਤੇ ਵਿਹਲੜ ਪਤੀ ਅੱਗੇ ਕਿਸੇ ਵੀ ਔਰਤ ਨੇ ਪਿਆਰ ਦੀ ਆਰਤੀ ਨਹੀਂ ਉਤਾਰੀ। ਬਿਮਾਰੀਆਂ ਲੰਮੇ ਹੱਥਾਂ ਨਾਲ ਘੇਰਨ ਦਾ ਯਤਨ ਤਾਂ ਕਰਦੀਆਂ ਹਨ ਪਰ ਸਿਆਣਾ ਬੰਦਾ ਜੁਗਤ ਨਾਲ ਨਿਕਲ ਜਾਂਦੈ।*

ਝੂਠ ਦਾ ਰੁਝਾਨ ਇਸ ਕਰ ਕੇ ਨਹੀਂ ਖ਼ਤਮ ਹੋ ਰਿਹਾ ਕਿ ਇਹ ਬੋਲਣ ਤੇ ਸੁਣਨ ਵਾਲੇ ਨੂੰ ਸੁਆਦ ਬਹੁਤ ਲੱਗਦਾ ਹੈ। ਬਹੁਤੇ ਪ੍ਰੇਮ ਵਿਆਹ ਇਸ ਕਰ ਕੇ ਤਿੜਕੇ ਹਨ ਕਿ ਪਿਆਰ ਵਿਚ ਇਕ-ਦੂਜੇ ਦੇ ਨੇੜੇ ਜਾਣ ਲਈ ਝੂਠ ਦੀਆਂ ਗੰਢਾਂ ਭਵਿੱਖ ਦੇ ਸੁਪਨਿਆਂ ਵਾਲੇ ਸ਼ੀਸ਼ੇ ਤੋਂ ਮੂੰਹ ਪਰੇ ਰੱਖ ਕੇ ਦਿੱਤੀਆਂ ਹਨ। ਪ੍ਰੇਮ ਵਿਆਹਾਂ ਵਿਚ ਮਰਦ ਨੇ ਬੜੀ ਸਿਆਣਪ ਨਾਲ ਝੂਠ ਦੀ ਗੰਢ-ਤੁੱਪ ਕੀਤੀ ਹੁੰਦੀ ਹੈ ਪਰ ਮੁਹੱਬਤ ਵਿਆਹ 'ਚ ਬਦਲਦਿਆਂ ਹੀ ਉਹ ਸੋਚਦਾ ਹੈ, ਮੈਂ ਪਿਆਰ ਕੀਤਾ ਕਿਉਂ ਸੀ?

ਖ਼ੈਰ! ਲੋਕ ਹਮੇਸ਼ਾ ਤਬਦੀਲੀ ਚਾਹੁੰਦੇ ਹਨ ਪਰ ਹਾਕਮ ਇਸ ਦਾ ਸਦਾ ਵਿਰੋਧ ਕਰਦੇ ਹਨ; ਕਿਉਂਕਿ ਕੁਰਸੀ ਦਾ ਮੋਹ, ਪੁੱਤਰ ਮੋਹ ਨਾਲੋਂ ਵੀ ਵੱਡਾ ਹੁੰਦਾ ਹੈ। ਇਸ ਲਈ ਰਾਜੇ ਜਦੋਂ ਮਹਾਰਾਜੇ ਬਣ ਜਾਣ ਤਾਂ ਪਰਜਾ ਵਿਲਕਦੀ ਰਹੇ, ਕੋਈ ਪ੍ਰਵਾਹ ਨਹੀਂ ਕਰਦਾ।

ਅਸਲ ਵਿਚ ਸਮੇਂ ਤੇ ਹਾਲਾਤ ਦਾ ਅਸਰ ਸਾਰਿਆਂ 'ਤੇ ਰਿਹਾ ਹੈ, ਰਹੇਗਾ ਵੀ ਪਰ ਜਵਾਨੀ ਵਿਚ ਕਿਉਂਕਿ ਬੰਦਾ ਸਰਬ ਕਲਾ ਸਮਰੱਥ ਤੇ ਸੋਲਾਂ ਕਲਾ ਸੰਪੂਰਨ ਹੋਣ ਦੇ ਨਾਲ ਨਾਲ ਤਾਕਤਵਰ ਹੋਣ ਦਾ ਭਰਮ ਵੀ ਪਾਲਦਾ ਹੈ; ਇਸ ਲਈ ਉਹ ਚੜ੍ਹਦੀ ਉਮਰ ਦੇ ਫੈਸਲਿਆਂ ਵਿਚ ਆਪ-ਹੁਦਰਾ ਹੁੰਦਾ ਹੈ ਤੇ ਕਿਸੇ ਦੀ ਦਲੀਲ ਅਤੇ ਸੁਝਾਅ ਨੂੰ ਪਹਿਲੀ ਝੱਟੇ ਰੱਦ ਕਰ ਦਿੰਦਾ ਹੈ। ਕੋਈ ਮਨੁੱਖ ਇਹ ਨਹੀਂ ਕਹਿ ਸਕਦਾ ਕਿ ਜਵਾਨੀ ਵੇਲੇ ਉਹਨੇ ਕੁਝ ਖਾਸ ਕਰਨ ਦਾ ਯਤਨ ਨਹੀਂ ਕੀਤਾ। ਉਮਰ ਵਿਹਾ ਕੇ ਹੀ ਪਤਾ ਲੱਗਦਾ ਹੈ ਕਿ ਪਿੰਡ ਦੀਆਂ ਔਰਤਾਂ ਤੇ ਕੁੜੀਆਂ ਮਾਂਵਾਂ ਤੇ ਧੀਆਂ-ਭੈਣਾਂ ਹੀ ਹੁੰਦੀਆਂ ਹਨ। ਜਿਨ੍ਹਾਂ ਨੇ ਜਵਾਨੀ 'ਚ ਮਸਤਾਨੇ ਹੋ ਕੇ ਪਿੰਡ ਦੀ ਪਰ੍ਹਿਆ ਵਿਚ ਜੁੱਤੀਆਂ ਖਾਧੀਆਂ ਹਨ, ਡੰਨ ਅਦਾ ਕੀਤੇ ਹਨ; ਉਨ੍ਹਾਂ ਨੂੰ ਜੋਬਨ ਦੇ ਦਿਨਾਂ ਦੀਆਂ ਬਾਤਾਂ ਕਦੇ ਵੀ ਭੁੱਲਦੀਆਂ ਨਹੀਂ।

ਪਤਾ ਨਹੀਂ ਕਿਵੇਂ, ਮੈਂ ਸੋਲਵੇਂ ਕੁ ਸਾਲ ਵਿਚ ਸੰਗੀਤ ਨਾਲ ਜੁੜ ਗਿਆ ਸਾਂ; ਹਾਲਾਂਕਿ ਨਾ ਮੈਂ ਮਰਾਸੀ ਸਾਂ ਤੇ ਨਾ ਮੁਹੰਮਦ ਸਦੀਕ ਜਾਂ ਸਰਦੂਲ ਸਿਕੰਦਰ ਵਾਂਗ ਮੀਰ ਆਲਮਾਂ ਦਾ ਮੁੰਡਾ ਸੀ। ਮੱਸ ਫੁੱਟਣ ਤੱਕ ਇਤਫਾਕ ਬਣ ਗਿਆ ਕਿ ਗਾਇਕਾਂ, ਢਾਡੀਆਂ, ਕਵੀਸ਼ਰਾਂ ਤੇ ਸੰਗੀਤਕਾਰਾਂ ਵਿਚ ਮੇਰੀ ਪਛਾਣ ਬਣ ਗਈ। ਗੀਤ ਮੈਂ ਅਨੇਕਾਂ ਰਿਕਾਰਡ ਕਰਵਾ ਲਏ ਸਨ ਪਰ ਹੁਣ ਉਹ ਕੱਚੀ ਉਮਰ ਦੇ ਗੀਤ ਮੈਂ ਕਦੇ ਵੀ ਕਿਸੇ ਨਾਲ ਸਾਂਝੇ ਨਹੀਂ ਕਰਦਾ ਕਿਉਂਕਿ ਹੁਣ ਕੋਈ ਸੁਣੇ ਤਾਂ ਚੰਗਾ-ਭਲਾ ਬੰਦਾ ਵੀ ਇਹ ਕਹਿ ਸਕਦੈ, 'ਵੱਡਾ ਸਾਹਿਤਕਾਰ ਆਹ ਕੰਜਰਖਾਨ ਵੀ ਖਿਲਾਰਦਾ ਰਿਹੈ?' ਇਨ੍ਹਾਂ 'ਚੋਂ ਕੁਝ ਗੀਤ ਐਚ.ਐਮ.ਵੀ. ਕੰਪਨੀ ਵਿਚ ਅੱਜ ਦੇ ਇਕ ਵੱਡੇ ਸੰਗੀਤਕਾਰ ਦੇ ਸੰਗੀਤ ਹੇਠ ਵੀ ਰਿਕਾਰਡ ਹੋਏ ਸਨ।

ਸੱਚ ਇਹ ਹੈ ਕਿ ਝੂਠ ਸਿਰਫ਼ ਮਨੁੱਖ ਬੋਲਦਾ ਹੈ ਤੇ ਸ਼ਿਕਾਰ ਦਾ ਸਬੰਧ ਠੱਗੀ ਤੇ ਫਰੇਬ ਨਾਲ ਰਿਹਾ ਹੈ; ਕਿਉਂਕਿ ਜਾਨਵਰਾਂ ਨੂੰ ਮਾਰਨ ਦਾ ਕੰਮ ਧੋਖੇ ਨਾਲ ਹੀ ਕੀਤਾ ਜਾਂਦਾ ਰਿਹਾ ਹੈ। ਮੱਛੀ ਵਿਚਾਰੀ ਹਾਲੇ ਤੀਕਰ ਵੀ ਨਹੀਂ ਸਮਝ ਸਕੀ ਕਿ ਮਨੁੱਖ ਨੇ ਸਮੁੰਦਰ 'ਚ ਕੁੰਡੀ ਖੁਰਾਕ ਦਾ ਟੁਕੜਾ ਫਸਾ ਕੇ ਨਹੀਂ ਸੁੱਟੀ, ਆਪਣੀ ਜੀਭ ਦੇ ਸੁਆਦ ਲਈ ਮੌਤ ਦਾ ਸਾਮਾਨ ਭੇਜਿਆ ਹੈ।

ਬਾਪ ਦਾ ਹੱਥ ਸਿਰੋਂ ਉਠ ਗਿਆ ਸੀ। ਮਾਂ ਦੀ ਮਮਤਾ ਵਿਚ ਲਾਡ ਸੀ। ਇਸੇ ਲਈ ਪੜ੍ਹਨ ਵਿਚ ਹੁਸ਼ਿਆਰ ਹੋਣ ਕਰ ਕੇ ਵੱਡੇ ਫੌਜੀ ਭਰਾ ਨੇ ਇੰਜੀਨੀਅਰਿੰਗ 'ਚ ਦਾਖ਼ਲਾ ਦਿਵਾ ਦਿੱਤਾ।

ਗੀਤ-ਸੰਗੀਤ ਨਾਲ ਬੱਝਾ ਹੋਣ ਕਰ ਕੇ ਪੜ੍ਹਨ ਦੇ ਨਾਲ-ਨਾਲ ਗਾਉਣ ਦਾ ਕੀੜਾ ਵੀ ਦਿਮਾਗ ਵਿਚ ਖੁਸਰਿਆਂ ਵਾਂਗ ਗਿੱਧਾ ਪਾਉਣ ਲੱਗ ਪਿਆ। ਘਰਦਿਆਂ ਨੂੰ ਇਹ ਸੀ ਕਿ ਚੱਲੋ ਮੁੰਡਾ ਲਿਖਣ-ਲੁਖਣ ਤਾਂ ਲੱਗ ਪਿਆ, ਕਿਤੇ ਐਸ.ਡੀ.ਓ. ਜਾਂ ਵੱਡਾ ਅਫ਼ਸਰ ਵੀ ਬਣ ਜਾਵੇਗਾ, ਪਰ ਘਟਨਾ ਇਹ ਵਾਪਰੀ ਕਿ ਘੁਮਿਆਰ ਵਹਿਮੀ ਹੋ ਕੇ ਸੁਨਿਆਰੇ ਦਾ ਕੰਮ ਕਰਨ ਦਾ ਯਤਨ ਕਰਨਾ ਲੱਗਾ। ਉਨ੍ਹਾਂ ਦਿਨਾਂ ਵਿਚ ਪਾਲੀ ਦੇਤਵਾਲੀਆ ਗੀਤਕਾਰ ਤੋਂ ਗਾਇਕ ਬਣ ਗਿਆ ਸੀ, ਫਿਰ ਚਮਕੀਲਾ ਵੀ ਤੇ ਐਫ.ਸੀ.ਆਈ. 'ਚ ਇੰਸਪੈਕਟਰ ਲੱਗਾ ਗੀਤਕਾਰ ਜਸਵੰਤ ਸੰਦੀਲਾ ਵੀ। ਤੇ ਫਿਰ ਰਾਂਝੇ ਵਾਂਗ ਮੈਂ ਵੀ ਗੋਰਖ ਤੋਂ ਜੋਗ ਲੈਣ ਲਈ ਰਾਹ ਤੋਂ ਕੁਰਾਹੇ ਪੈ ਗਿਆ।

ਗੁਰਦਾਸ ਮਾਨ ਦਾ ਐਲ.ਪੀ. ਰਿਕਾਰਡ 'ਮਾਮਲਾ ਗੜਬੜ ਹੈ' ਜਦੋਂ ਮਰਹੂਮ ਜਸਵੰਤ ਭੰਵਰੇ ਦੇ ਸੰਗੀਤ ਹੇਠ ਸੁਪਰ ਹਿੱਟ ਹੋਇਆ ਅਤੇ ਉਹਦੇ ਸ਼ਾਗਿਰਦ ਸੁਰਿੰਦਰ ਸ਼ਿੰਦੇ ਨੇ 'ਤੀਆਂ ਲੌਂਗੋਵਾਲ ਦੀਆਂ' ਨਾਲ ਕਾਮਯਾਬੀ ਦੀ ਗੇਂਦ ਗਾਇਕੀ ਦੇ ਪਾਲੇ 'ਚ ਸੁੱਟ ਦਿੱਤੀ ਤਾਂ ਮੇਰੇ ਮਨ ਵਿਚ ਸ਼ੈਦਾਈਪੁਣਾ ਨੱਚਣ ਲੱਗ ਪਿਆ। ਗੀਤਕਾਰੀ ਵਿਚ ਦੇਵ ਥਰੀਕਿਆਂ ਵਾਲੇ ਨੂੰ ਉਸਤਾਦ ਬਣਾਉਣ ਦੀ ਗੱਲ ਤਾਂ ਵਿਚੇ ਲਟਕ ਗਈ ਪਰ ਗਾਇਕ ਬਣਨ ਲਈ ਭੰਵਰਾ ਮੈਨੂੰ 'ਮੌਕਾ' ਲੱਗਣ ਲੱਗ ਪਿਆ।

ਮੇਰੇ ਸੰਗੀਤ-ਜੀਵਨ ਵਿਚ ਕਮਾਲ ਇਹ ਸੀ ਕਿ ਜਿਹੜਾ ਜਸਵੰਤ ਭੰਵਰਾ ਮੇਰੇ ਵਿਆਹ ਦੇ ਦਿਨਾਂ 'ਚ ਹਫ਼ਤਾ ਮੇਰੇ ਪਿੰਡ ਰਿਹਾ, ਉਸੇ ਭੰਵਰੇ ਤੋਂ ਮੈਨੂੰ ਡਰ ਬਹੁਤ ਲਗਦਾ ਰਿਹਾ। ਉਹਨੂੰ ਉਸਤਾਦ ਧਾਰਨ ਤੋਂ ਪਹਿਲਾਂ ਮੈਂ ਹਾਲਾਂਕਿ ਹਾਰਮੋਨੀਅਮ 'ਤੇ ਕੁਝ ਰਾਗ ਸਿੱਖ ਲਏ ਸਨ। ਜਦੋਂ ਇਸੇ ਧਾਰਨਾ ਨਾਲ ਉਹਦੇ ਉਸੇ ਦਫ਼ਤਰ ਜਿਥੇ ਕਦੇ ਸੁਰਿੰਦਰ ਸ਼ਿੰਦਾ ਜਾਂ ਸੁਦੇਸ਼ ਕਪੂਰ ਸਮੇਤ ਅਨੇਕਾਂ ਗਾਇਕ, ਗਾਇਕਾਵਾਂ ਜਾਂਦੇ ਰਹੇ ਹਨ, ਗਿਆ ਤੇ ਉਹਨੂੰ ਸ਼ਾਗਿਰਦ ਬਣਨ ਦੀ ਆਪਣੀ ਇੱਛਾ ਜਾਹਿਰ ਕੀਤੀ। ਉਦੋਂ ਮੈਂ ਮਸਾਂ ਵੀਹਾਂ ਕੁ ਸਾਲਾਂ ਦਾ ਸਾਂ। ਭੰਵਰਾ ਜਿਵੇਂ ਪ੍ਰੇਮੀ ਨੂੰ ਪ੍ਰੇਮਿਕਾ ਪਹਿਲੇ ਦਿਨ ਮਿਲੀ ਹੋਵੇ, ਮੇਰੀ ਇੱਛਾ ਸੁਣ ਕੇ ਪਿੱਠ 'ਤੇ ਹੱਥ ਫੇਰ ਕੇ ਲਾਡ ਕਰਨ ਲੱਗਾ, 'ਤੂੰ ਉਹੀ ਅਸ਼ੋਕ ਨੀਂ ਜਿਹੜਾ ਅਖ਼ਬਾਰਾਂ 'ਚ ਲਿਖਦੈ?' ਸਵਾਲ ਦੇ ਨਾਲ ਹੀ ਉਹਨੇ ਮੇਰੀ ਗੱਲ੍ਹ ਦਾ ਚੁੰਮਣ ਇੰਨੀ ਜ਼ੋਰ ਦੀ ਲਿਆ ਕਿ ਮੈਂ ਕੰਬ ਗਿਆ। ਪੰਦਰਾਂ ਵੀਹ ਮਿੰਟ ਇੱਧਰ-ਉਧਰ ਦੀਆਂ ਗੱਲਾਂ ਮਾਰਦਾ ਰਿਹਾ। ਦਫ਼ਤਰ 'ਚ ਸਾਡੇ ਦੋਹਾਂ ਤੋਂ ਸਿਵਾ ਕੋਈ ਹੋਰ ਨਹੀਂ ਸੀ ਤੇ ਮੈਂ ਡਰ ਕੇ ਸੁੰਗੜ ਰਿਹਾ ਸਾਂ ਪਰ ਭੰਵਰਾ ਕਹੀ ਜਾ ਰਿਹਾ ਸੀ, "ਇਹ ਕਿਹੜਾ ਕੰਮ ਐ, ਅੱਗੇ ਇੰਨੇ ਗਾਉਣ ਲਾ'ਤੇ, ਤੇ ਤੈਨੂੰ ਵੀ ਸਿਰੇ ਲਾ ਕੇ ਛੱਡਾਂਗੇ।"

ਤੇ ਅਗਲੇ ਦਿਨ ਆਉਣ ਦਾ ਬਹਾਨਾ ਮਾਰ ਕੇ ਮੈਂ ਹੇਠਾਂ ਉਤਰ ਆਇਆ। ਲੱਤਾਂ ਮੇਰੀਆਂ ਕੰਬ ਰਹੀਆਂ ਸਨ ਪਰ ਹਿਲਦੀਆਂ ਮੈਨੂੰ ਉਹਦੇ ਚੁਬਾਰੇ ਦੀਆਂ ਪੌੜੀਆਂ ਲੱਗ ਰਹੀਆਂ ਸਨ। ਲੁਧਿਆਣਾ ਉਸ ਦਿਨ ਮੈਨੂੰ ਬਹੁਤ ਡਰਾਉਣਾ ਲੱਗਾ। ਚੌੜੇ ਬਾਜ਼ਾਰ ਤੋਂ ਰਿਕਸ਼ਾ ਲੈ ਕੇ ਸਿੱਧਾ ਕੁਲਦੀਪ ਮਾਣਕ ਦੇ ਦਫਤਰ ਗਿਆ ਤੇ ਜਦੋਂ ਗਾਇਕੀ 'ਚ ਪ੍ਰਵੇਸ਼ ਕਰਨ ਦੇ ਆਪਣੇ ਮਹਾਭਾਰਤ ਦਾ ਮੁੱਖ ਬੰਦ ਪੜ੍ਹ ਕੇ ਮਾਣਕ ਨੂੰ ਸੁਣਾਇਆ ਤਾਂ ਉਹ ਦੂਹਰਾ ਹੋ ਕੇ ਹੱਸੇ। ਮੈਂ ਕਿਹਾ, 'ਗੱਲ ਤਾਂ ਦੱਸ?'

ਉਹ ਆਪਣੇ ਸੁਭਾਅ ਮੁਤਾਬਿਕ ਬੋਲਿਆ, "ਚੰਗਿਆ ਗਾਇਕ ਬਣਨ ਦਿਆ! ਸ਼ੁੱਕਰ ਕਰ ਬਚ ਗਿਐਂ। ਭੰਵਰਾ ਬੰਬੇ ਰਿਹੈ ਤੇ ਉਹ ਕਾਮਯਾਬ ਕਰਾਉਣ ਦੇ ਫਿਲਮੀ ਦੁਨੀਆਂ ਵਾਲੇ ਸਾਰੇ ਫਾਰਮੂਲੇ ਜਾਣਦੈ।"

ਤੇ ਉਹਤੋਂ ਬਾਅਦ ਮੈਂ ਦੋ ਗੀਤ ਗਾ ਕੇ ਰਿਕਾਰਡ ਤਾਂ ਭਰਵਾ ਲਏ ਆਪਣੀ ਆਵਾਜ਼ ਵਿਚ, ਪਰ ਗਾਇਕ ਬਣਨ ਦਾ ਭਰਮ ਹਮੇਸ਼ਾ ਲਈ ਛੱਡ ਦਿੱਤਾ।

ਅਸਲ ਵਿਚ ਬੁਝਾਰਤਾਂ ਕਾਰਨ ਹੀ ਜ਼ਿੰਦਗੀ ਦਿਲਚਸਪ ਬਣੀ ਰਹਿੰਦੀ ਹੈ ਤੇ ਇਹ ਬੁਝਾਰਤਾਂ ਘਟਨਾਵਾਂ ਤੇ ਵਾਰਦਾਤਾਂ ਦੇ ਰੂਪ ਵਿਚ ਵਾਪਰਦੀਆਂ ਸਾਰਿਆਂ ਦੀ ਜ਼ਿੰਦਗੀ ਵਿਚ ਹਨ। ਜਿਵੇਂ ਮੈਂ ਹੁਣੇ ਬਿਮਾਰੀ ਨਾਲ ਹੱਥੋਪਾਈ ਹੋ ਕੇ ਹਟਿਆ ਹਾਂ। ਡਾਕਟਰੀ ਭਾਸ਼ਾ ਨਹੀਂ, ਸਿਆਣਿਆਂ ਦੀ ਭਾਸ਼ਾ ਹੈ ਕਿ ਜ਼ਿੰਦਗੀ ਜਦੋਂ ਪੰਜ ਦਹਾਕਿਆਂ ਦੀ ਹੁੰਦੀ ਹੈ ਤਾਂ ਮਨੁੱਖ ਕੂਹਣੀ-ਮੋੜ ਕੱਟਦਾ ਹੈ। ਕਈ ਬਿਮਾਰੀਆਂ ਇਥੇ ਆ ਕੇ ਹੀ ਸਿਗਨਲ ਦਿੰਦੀਆਂ ਹਨ।

ਹੁਣ ਤੀਕਰ ਮੈਂ ਬਹੁਤੀ ਵਾਰ ਆਪਣੀ ਜਾਣ-ਪਛਾਣ ਵਿਚ ਧੱਕੇ ਨਾਲ ਇਹ ਗੱਲ ਵੀ ਜੋੜ ਦਿੰਦਾ ਸੀ ਕਿ ਮੈਂ ਆਪਣੀ ਸੁਰਤ ਵਿਚ ਕਦੇ ਬਿਮਾਰ ਨਹੀਂ ਹੋਇਆ। ਸਿਰ ਦੁਖਣ ਤੋਂ ਵੱਧ ਮੈਨੂੰ ਹੋਰ ਕੁਝ ਪਤਾ ਨਹੀਂ ਕਿ ਗੋਲੀ ਕਿਹੜੀ ਖਾਈਦੀ ਸੀ। ਬੁਖ਼ਾਰ ਦਾ ਉੱਕਾ ਹੀ ਪਤਾ ਨਹੀਂ ਕਿ ਕਿਵੇਂ ਚੜ੍ਹਦੈ? ਮਾਂ ਤੇ ਘਰਵਾਲੀ ਕਈ ਵਾਰ ਟੋਕ ਦਿੰਦੀਆਂ ਸਨ ਕਿ ਇਹ ਕੋਈ ਮਾਣ ਵਾਲੀ ਗੱਲ ਨਹੀਂ। ਬਿਮਾਰੀ ਦਾ ਕੀ ਪਤਾ ਕਦੋਂ ਘੇਰ ਲਵੇ!

ਤੇ ਗੱਲ ਫਿਰ ਉਹੀ ਹੋਈ ਕਿ ਖਰਬੂਜ਼ਾ, ਕਰੇਲਿਆਂ ਦੀਆਂ ਵੇਲਾਂ ਵਿਚ ਫਸ ਗਿਆ। ਬਿਮਾਰੀ ਦੀ ਵਾਫ਼ੜ ਹੀ ਨਹੀਂ ਹੋਈ ਸਗੋਂ ਹਾਲਾਤ ਇਹ ਬਣੇ ਜਿਵੇਂ ਬਘਿਆੜ ਨੇ ਲੇਲਾ ਦਾਹ ਲਿਆ ਹੋਵੇ। ਮਈ ਦੇ ਅੱਧ ਕੁ ਤੋਂ ਬਾਅਦ ਮੈਨੂੰ ਲੱਗਾ ਕਿ ਸਰੀਰ ਨੂੰ ਕੁਝ ਹੋ ਰਿਹੈ, ਪਰ ਟਟੀਹਰੀ ਜਿਵੇਂ ਇਕ ਲੱਤ ਜ਼ਖ਼ਮੀ ਹੋਣ 'ਤੇ ਵੀ ਅਸਮਾਨ ਵੱਲ ਵੇਖ ਕੇ ਆਖੀ ਜਾਂਦੀ ਹੈ, 'ਫਿਕਰ ਨਾ ਕਰੋ, ਮੈਂ ਡਿੱਗਣ ਨਹੀਂ ਦਿੰਦੀ', ਵਾਂਗ ਅਣਜਾਣ ਸਾਂ ਕਿ ਤੰਗ ਕੱਪੜਿਆਂ ਵਿਚ ਨੱਚਿਆ ਨਹੀਂ ਜਾਂਦਾ।

ਹਕੀਮਪੁਰ ਵਾਲੇ ਖੇਡ ਮੇਲੇ ਦੇ ਪ੍ਰਬੰਧਕ ਗੁਰਜੀਤ ਪੁਰੇਵਾਲ ਦੇ ਬੇਟੇ ਦਾ ਵਿਆਹ ਸੀ ਜੁਲਾਈ ਦੇ ਪਹਿਲੇ ਹਫ਼ਤੇ। ਦੋ ਦਿਨ ਪ੍ਰੀਤਮ ਬਰਾੜ ਕੋਲ ਸਿਆਟਲ ਰੁਕਣ ਤੋਂ ਬਾਅਦ ਸਰੀ ਇਸ ਵਿਆਹ 'ਚ ਸ਼ਾਮਲ ਤਾਂ ਹੋ ਗਿਆ ਪਰ ਪੂਰੇ ਵਿਆਹ ਵਿਚ ਇਕ ਪਕੌੜਾ ਤੇ ਅੱਧਾ ਗਲਾਸ ਪਾਣੀ ਹੀ ਪੀਤਾ। ਸਾਹਿਤ ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਗਿੱਲ ਕੋਲ ਮੈਂ ਰੁਕਿਆ ਹੋਇਆ ਸਾਂ। ਉਥੇ ਰਾਤ ਬੜੀ ਔਖੀ ਕੱਟੀ। ਜੋ ਖਾਧਾ, ਉਹ ਬਾਹਰ ਆ ਗਿਆ। ਨਾ ਬਹਿ ਕੇ ਤੇ ਨਾ ਹੀ ਪੈ ਕੇ ਸਾਹ ਆ ਰਿਹਾ ਸੀ। ਅਗਲੇ ਦਿਨ ਕੈਲੀਫੋਰਨੀਆ ਪਰਤਣਾ ਹੀ ਬਹੁਤ ਔਖਾ ਜਾਪਿਆ। ਸਾਰੇ ਹਵਾਈ ਸਫ਼ਰ ਵਿਚ ਮੈਨੂੰ ਲੱਗਦਾ ਸੀ ਕਿ ਹਾਲਾਤ ਠੀਕ ਨਹੀਂ ਹਨ। ਸਰੀਰ ਖ਼ਤਰਨਾਕ ਬਿਮਾਰੀਆਂ 'ਚ ਘਿਰ ਗਿਆ ਹੈ। 'ਸ਼ਾਇਦ ਇਉਂ ਹੀ ਗੱਲ ਬਣ ਜਾਵੇ' ਕਰਦਿਆਂ ਇਕ ਦਿਨ ਹੋਰ ਲੰਘਾ ਦਿੱਤਾ। ਫਿਰ ਅਗਲੇ ਦਿਨ ਹਸਪਤਾਲ ਦੇ ਹਵਾਲੇ ਹੋਣਾ ਹੀ ਪਿਆ।

ਅੱਧੀ ਰਾਤ ਤੱਕ ਡਾਕਟਰ ਨੇ ਬਿਮਾਰੀ ਲੱਭ ਲਈ ਸੀ ਕਿ ਕਰੀਬ ਦੋ ਮਹੀਨੇ ਪੁਰਾਣਾ ਹੋ ਚੁੱਕਾ ਨਮੂਨੀਆ ਵਿਗੜ ਚੁੱਕਾ ਹੈ। ਫੇਫੜੇ 'ਚ ਪਾਣੀ ਕਾਰਨ ਦਿਲ ਪੂਰੀ ਤਰ੍ਹਾਂ ਪੰਪ ਨਹੀਂ ਕਰ ਰਿਹਾ ਤੇ ਦਿਲ ਗੁਆਚੀ ਗਾਂ ਵਾਂਗ ਭੱਜਾ ਫਿਰ ਰਿਹਾ ਹੈ। ਨਬਜ਼ ਕਾਬੂ ਤੋਂ ਬਾਹਰ ਸੀ।

ਡਾਕਟਰੀ ਭਾਸ਼ਾ 'ਚ ਕੁਝ ਵੀ ਠੀਕ ਨਹੀਂ ਸੀ। ਜੇ ਪੀਲੀਆ ਹੋਇਆ ਤਾਂ ਸਥਿਤੀ ਖ਼ਤਰੇ ਵਾਲੀ ਬਣ ਸਕਦੀ ਹੈ ਪਰ ਸ਼ੂਗਰ, ਬਲੱਡ ਪ੍ਰੈਸ਼ਰ ਠੀਕ ਸਨ। ਪੀਲੀਏ ਤੋਂ ਪਹਿਲਾਂ ਹੀ ਮੈਂ ਡਾਕਟਰਾਂ ਦੇ ਕਬਜ਼ੇ 'ਚ ਸਾਂ, ਇਸ ਲਈ ਮੇਰੇ ਬਲੂੰਗੜਿਆਂ ਵਰਗੇ ਪੁੱਤਰਾਂ ਦੀ ਚਿੰਤਾ ਘਟ ਗਈ ਸੀ ਪਰ ਓਕਲੈਂਡ ਦੇ ਹਸਪਤਾਲ ਵਿਚ ਬਿਮਾਰੀ ਡਾਕਟਰਾਂ ਨਾਲ ਲੁਕਣਮੀਚੀ ਖੇਡਦੀ ਰਹੀ। ਦੋ ਦਿਨ ਘਰੇ,

(ਬਾਕੀ ਸਫਾ 24 ਉਤੇ)



ਅਸ਼ੋਕ ਭੌਰਾ ਗਾਇਕ ਬਣਨ ਦੇ ਸ਼ੌਕ ਦੇ ਦਿਨਾਂ ਵਿਚ

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਧਨ ਦੇ ਕੋਠੇ

ਚਿੱਟੇ ਕੱਪੜੇ ਪਾ ਕੇ ਖਾਧੀ ਰੱਬ ਦੀ ਸਹੁੰ। ਫਿਰ ਵੀ ਮੁਲਕ ਲੁੱਟਣ ਦਾ ਕਿੱਦਾਂ ਬਲਿਆ ਤੌਂਅ।
ਜਿਧਰ ਮਰਜ਼ੀ ਵੇਖ ਲਓ ਘਪਲੇਬਾਜ਼ੀ ਲੁੱਟ। ਲਹੂ ਜਿਵੇਂ ਗਰੀਬ ਦਾ ਭਰ ਭਰ ਪੀਂਦੇ ਘੁੱਟ।
ਲਾਚਾਰ ਬਾਦਸ਼ਾਹ ਹੋ ਗਿਆ ਪਰਜਾ ਕਰ ਲਊ ਕੀ? ਸਿੱਧੀ ਉਂਗਲ ਨਾਲ ਵੇਖ ਲਓ ਕੱਢੇ ਜਾਂਦੇ ਘੀ।
ਤੌਣੇ ਜਿੱਡੇ ਢਿੱਡ ਵਿਚ ਕਿੰਨਾ ਭਰਿਆ ਮਾਲ। ਫਿਰ ਵੀ ਬਣਿਆ ਰਹੇਗਾ ਭਾਰਤ ਇਹ ਖ਼ੁਸ਼ਹਾਲ।
ਸੂਰਜ ਅੱਖੀਂ ਵੇਖਦੈ ਹੁੰਦੇ ਜਬਰ ਜਨਾਹ। ਫੇਰ ਕਾਲੀਆਂ ਰਾਤਾਂ ਵਿਚ ਕਿੱਦਾਂ ਹੋਊ ਬਚਾ?
ਜੇ ਕੋਠੇ ਭਰਨੇ ਧਨ ਨਾਲ ਲੜ ਲੈ ਕੋਈ ਚੋਣ। 'ਭੌਰੇ' ਸਾਰੀ ਉਮਰ ਲਈ ਮੁੱਕ ਜੂ ਰੋਣ ਤੇ ਧੋਣ।

## ਇਹ ਦੁਰਗਾ ਰੰਗੀਲਾ ਹੀ ਹੈ!

### ਧੁੱਪੇ ਬੈਠੀਆਂ ਯਾਦਾਂ

ਇਹ ਗੱਲ ਹਾਲੇ ਤੀਕਰ ਭੇਤ ਬਣੀ ਹੋਈ ਹੈ ਕਿ ਕਿਸੇ ਵੀ ਆਸ਼ਕ ਦੀ ਔਲਾਦ ਦਾ ਜ਼ਿਕਰ ਕਿਉਂ ਨਹੀਂ ਹੋਇਆ! ਮੇਰੀ ਜਾਚੇ ਸਿਰਫ਼ ਇਸ ਕਰ ਕੇ ਕਿ ਪਿਆਰ ਕਦੇ ਵੀ ਕਲਾ ਨਹੀਂ ਬਣ ਸਕਿਆ, ਤੇ ਸੱਥਾਂ ਵਿਚ ਆਸ਼ਕਾਂ ਦੀਆਂ ਕਹਾਣੀਆਂ ਤਾਂ ਚੱਲੀਆਂ ਹੋਣਗੀਆਂ, ਬਾਤਾਂ ਸਿਰਫ਼ ਕਲਾ ਤੇ ਕਲਾਕਾਰ ਦੀਆਂ ਪੈਂਦੀਆਂ ਹਨ।



ਲੇਖਕ ਅਸ਼ੋਕ ਭੌਰਾ ਅਤੇ ਗਾਇਕ ਦੁਰਗਾ ਰੰਗੀਲਾ

ਚਮਕੌਰ ਸਾਹਿਬ, ਜਿਸ ਸ਼ਹਿਰ ਨਾਲ ਹੁਣ ਸਰਕਾਰੀ ਹੁਕਮਾਂ ਨਾਲ 'ਸ੍ਰੀ' ਵੀ ਸਤਿਕਾਰ ਵਜੋਂ ਜੋੜ ਦਿੱਤਾ ਗਿਆ ਹੈ, ਸਿੱਖ ਇਤਿਹਾਸ ਨੂੰ ਸਿਜਦਾ ਕਰਨ ਲਈ ਜਾਂਦਾ ਰਿਹਾ ਹਾਂ ਤੇ ਸੰਗੀਤ ਕਲਾ ਪ੍ਰੇਮੀ ਹੋਣ ਕਰ ਕੇ ਦੁਰਗਾ ਰੰਗੀਲਾ ਨੂੰ ਮਿਲਣ ਵੀ। ਉਮਰ ਵਿਚ ਉਹ ਸਾਲ ਦੋ ਸਾਲ ਮੈਥੋਂ ਛੋਟਾ ਹੋਵੇਗਾ ਪਰ ਉਹ ਗਾਇਕ ਬਹੁਤ ਵੱਡਾ ਹੈ। ਦੁਰਗੇ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਪ੍ਰਿਤਪਾਲ ਦੇ ਢਾਡੀ ਜਥੇ ਦਾ ਮੈਂਬਰ ਸੀ ਪਰ ਨੇੜਤਾ ਉਦੋਂ ਬਣੀ ਸੀ ਜਦੋਂ ਚਰਨਜੀਤ ਆਹੂਜਾ ਨੇ ਉਹਨੂੰ ਸਿਖ਼ਰ ਵਿਖਾਈ ਸੀ, 'ਸੁਣਿਆ ਤੂੰ ਸਾਡੇ ਉਜੜਨ ਦੇ ਖੁਫੀਆ ਜਸ਼ਨ ਮਨਾਏ ਨੇ...!'

ਇਹ ਫੋਟੋ ਉਹਦੇ ਚਮਕੌਰ ਸਾਹਿਬ ਵਿਚਲੇ ਨਵੇਂ ਘਰ ਦੀ ਹੈ ਜਦੋਂ ਹਾਲੇ ਕੰਧਾਂ ਦੀ ਚਿਣਾਈ ਚੱਲ ਰਹੀ ਸੀ। ਉਦੋਂ ਅਸੀਂ ਦੋਵੇਂ ਭਰ ਜਵਾਨ ਸਾਂ ਪਰ ਇਸ ਮੁਲਾਕਾਤ ਤੋਂ ਅਗਲੇ ਹਫ਼ਤੇ ਖ਼ਬਰ ਆ ਗਈ ਸੀ ਕਿ ਉਹ ਅਧਰੰਗ ਦਾ ਸ਼ਿਕਾਰ ਹੋ ਗਿਆ ਹੈ। ਫਿਰ ਉਹ ਬਹੁਤ ਦੇਰ ਗਾ ਨਹੀਂ ਸਕਿਆ। ਹੁਣ ਉਹ ਗਾ ਤਾਂ ਲੈਂਦੈ ਪਰ ਬਿਮਾਰੀ ਪਿੱਛੋਂ ਗੱਲ ਉਹ ਕਿੱਥੇ? ਰੱਬ ਦੀ ਮਿਹਰ ਹੈ ਕਿ ਅਧਰੰਗ ਠੀਕ ਹੈ। ਉਹਦੀ ਖ਼ਬਰਸਾਰ ਲੈਣ ਲਈ ਮੈਂ ਸ੍ਰੀ ਚਮਕੌਰ ਸਾਹਿਬ ਜਾਂਦਾ ਰਿਹਾ। ਪਿਛਲੇ ਦਿਨੀਂ ਦੁਰਗੇ ਦਾ ਫੋਨ ਆਇਆ। ਕਹਿਣ ਲੱਗਾ, "ਥੋੜੇ ਕਾਫੀ ਬਿਮਾਰ ਰਹਿਣ ਦੀ ਖ਼ਬਰ ਸੁਣੀ ਐ...ਧਿਆਨ ਰੱਖੋ...ਬਿਮਾਰੀ ਪਿੱਛੋਂ ਉਹ ਦਿਨ ਨਹੀਂ ਰਹਿੰਦੇ।" ਉਹ ਤੇ ਇਹ ਦਿਨ ਚੇਤੇ ਕਰ ਕੇ ਸੋਚਦਾ ਹਾਂ ਕਿ ਸਰੀਰ ਉਹ ਨਹੀਂ ਰਿਹਾ ਕਿ ਕਾਂਟੇ ਦੇ ਉਤਰਨ ਪਿੱਛੋਂ ਤੁਹਾਨੂੰ ਵੀ ਚੜ੍ਹਨਾ ਹੀ ਪਵੇਗਾ।

-ਐਸ. ਅਸ਼ੋਕ ਭੌਰਾ

ਗੁਰਮਤਿ ਗਿਆਨ

# ਗੁਰੂ ਗ੍ਰੰਥ ਸਾਹਿਬ 'ਚ ਸ਼ਹਾਦਤ ਦਾ ਸੰਕਲਪ ਅਤੇ ਗਦਰ ਲਹਿਰ



ਡਾ. ਗੁਰਨਾਮ ਕੌਰ, ਕੈਨੇਡਾ

ਸਿੱਖ ਧਰਮ ਚਿੰਤਨ ਵਿਚ ਸ਼ਹਾਦਤ ਦੇ ਸੰਕਲਪ ਨੂੰ ਸਮਝਣ ਵਾਸਤੇ ਸਿੱਖ ਧਰਮ ਦੇ ਇਲਹਾਮ ਨੂੰ ਘੋਖਣਾ ਪਵੇਗਾ। ਇਲਹਾਮ ਤੋਂ ਭਾਵ ਹੈ ਉਚਤਮ ਸਤਿ ਦਾ ਪ੍ਰਕਾਸ਼ਨ। ਇਲਹਾਮ ਵਿਚ ਪਰਮਾਤਮਾ ਪਰਮ-ਗਿਆਨ ਦਾ, ਆਪਣੇ ਆਪ ਦਾ ਅਨੁਭਵ ਕਰਾਉਂਦਾ ਹੈ ਪਰ ਇਸ ਗਿਆਨ ਦੇ ਪ੍ਰਕਾਸ਼ਨ ਦੇ ਅਹਿਦ ਵੱਜੋਂ ਉਹ ਮਨੁੱਖ ਪਾਸੋਂ ਇਸ ਪ੍ਰਤੀ ਹੁੰਗਾਰਾ ਮੰਗਦਾ ਹੈ, ਪੂਰਨ ਪ੍ਰਤੀਬਧਤਾ ਮੰਗਦਾ ਹੈ, ਜਿਸ ਵਿਚ ਮਨੁੱਖ ਦਾ ਸਾਰਾ ਆਪਾ ਸ਼ਾਮਲ ਹੁੰਦਾ ਹੈ। ਗੁਰੂ ਨਾਨਕ ਦੇਵ ਨੇ ਬਾਣੀ ਵਿਚ ਇਸ ਬਾਰੇ ਬੜਾ ਸਪਸ਼ੱਟ ਇਸ਼ਾਰਾ ਕੀਤਾ ਹੈ ਕਿ ਪਰਮਾਤਮਾ ਪ੍ਰਤੀ ਇਹ ਪ੍ਰਤੀਬੱਧਤਾ ਪ੍ਰੇਮ ਦੀ ਖੇਡ ਹੈ। ਜੇ ਮਨੁੱਖ ਇਸ ਖੇਡ ਨੂੰ ਖੇਡਣਾ ਚਾਹੁੰਦਾ ਹੈ, ਪ੍ਰੇਮ ਦੀ ਇਸ ਗਲੀ ਵਿਚ ਕਦਮ ਰੱਖਣਾ ਚਾਹੁੰਦਾ ਹੈ, ਤਾਂ ਉਸ ਨੂੰ ਆਪਣਾ ਸਿਰ ਤਲੀ ਤੇ ਰੱਖ ਕੇ ਆਉਣਾ ਪੈਣਾ ਹੈ ਅਰਥਾਤ ਆਪੇ ਦਾ ਪੂਰਨ ਸਮਰਪਣ ਕਰਨ ਪੈਣਾ ਹੈ। ਬਿਨਾਂ ਕਿਸੇ ਹਿਚਕਚਾਹਟ ਦੇ ਆਪਣਾ ਸਿਰ ਦੇਣਾ ਪਵੇਗਾ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ 1412)

ਇਸ ਦਾ ਅਰਥ ਇਹ ਹੈ ਕਿ ਅਕਾਲ ਪੁਰਖ ਦੇ ਪ੍ਰੇਮ ਵਿਚ ਮਨੁੱਖ ਨੂੰ ਪਰਮਾਤਮਾ ਦੇ ਹੁਕਮ ਵਿਚ ਪੂਰਨ ਸਮਰਪਣ ਕਰਨਾ ਪੈਂਦਾ ਹੈ। 'ਸਿਰ' ਹਉਮੈ ਦਾ ਪ੍ਰਤੀਕ ਹੈ, ਰੱਬੀ-ਪ੍ਰੇਮ ਦੇ ਰਸਤੇ ਤੇ ਤੁਰਦਿਆਂ ਆਪਣੀ ਹਉਮੈ ਦਾ ਪੂਰਨ ਤਿਆਗ ਕਰਨਾ ਹੁੰਦਾ ਹੈ। 'ਹਉਮੈ' 'ਹੁਕਮ' ਦੇ ਬਿਪਰੀਤ ਹੈ। ਹਉਮੈ ਤੰਗ ਨਜ਼ਰੀਆ ਹੈ, ਸੌੜੀ ਦ੍ਰਿਸ਼ਟੀ ਹੈ। ਪਰਮਾਤਮ-ਹੁਕਮ ਵਿਸ਼ਾਲ ਨਜ਼ਰੀਆ ਹੈ, ਉਚੀ ਚੇਤਨਤਾ ਹੈ। ਪ੍ਰੇਮ ਉਸ ਅਕਾਲ ਪੁਰਖ ਤੱਕ ਪਹੁੰਚਣ ਦਾ, ਉਸ ਨੂੰ ਪਾਉਣ ਦਾ ਜ਼ਰੀਆ ਹੈ। 'ਅਕਾਲ ਉਸਤਤਿ' ਵਿਚ ਵੀ ਦੱਸਿਆ ਹੈ ਕਿ ਬਗਲੇ ਵਾਂਗ ਅੱਖਾਂ ਮੁੰਦ ਕੇ ਸਮਾਧੀ ਸਥਿੱਤ ਹੋਣ ਨਾਲ, ਤੀਰਥਾਂ ਤੇ ਨਹਾਉਣ ਨਾਲ, ਭਾਵੇਂ ਸੱਤ ਸਮੁੰਦਰਾਂ ਤੇ ਇਸ਼ਨਾਨ ਕਰ ਲਿਆ ਜਾਵੇ, ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ, ਇਸ ਕਿਸਮ ਦੀਆਂ ਸਭ ਕਿਰਿਆਵਾਂ ਬੇਅਰਥ ਹਨ। ਸੱਚੀ ਤੇ ਸਹੀ ਗੱਲ ਇਹ ਹੈ ਕਿ ਜੋ ਉਸ ਨੂੰ ਪ੍ਰੇਮ ਕਰਦਾ ਹੈ, ਉਹ ਹੀ ਉਸ ਨੂੰ ਪਾ ਸਕਦਾ ਹੈ। ਉਸ ਨੂੰ ਪ੍ਰੇਮ ਕਰਨ ਦਾ ਅਰਥ ਉਸ ਦੀ ਰਚਨਾ ਨੂੰ ਪ੍ਰੇਮ ਕਰਨਾ ਹੈ, ਮਨੁੱਖ ਉਸ ਦੀ ਰਚਨਾ ਹੈ, ਇਸ ਲਈ ਇਸ ਦਾ ਅਰਥ ਮਨੁੱਖਤਾ ਨੂੰ ਵੀ ਪ੍ਰੇਮ ਕਰਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਧਿਆਉਂਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤੀਤਵ ਘੜਿਆ ਜਾਂਦਾ ਹੈ, 'ਜੈਸਾ ਸੇਵੈ ਤੈਸੋ ਹੋਏ'। 'ਨਿਰਭਉ' ਅਤੇ 'ਨਿਰਵੈਰ' ਮੂਲ ਮੰਤਰ ਵਿਚ ਵਿਅਕਤ ਪਰਮਾਤਮ-ਗੁਣ ਹਨ। ਪਰਮਾਤਮਾ ਦੇ ਇਨ੍ਹਾਂ ਗੁਣਾਂ- ਨਿਰਭਉ ਅਤੇ ਨਿਰਵੈਰ ਦੀ ਪ੍ਰਾਪਤੀ ਅਕਾਲ ਪੁਰਖ ਦੇ ਪ੍ਰੇਮ ਰਾਹੀਂ ਹੀ ਸੰਭਵ ਹੈ। ਹਰ ਕਿਸਮ ਦੇ ਭੈ ਵਿਚੋਂ ਮੌਤ ਦਾ ਭੈ ਸਭ ਤੋਂ ਵੱਧ ਭਿਆਨਕ ਮੰਨਿਆ ਜਾਂਦਾ ਹੈ। ਸਿੱਖ ਧਰਮ ਚਿੰਤਨ ਵਿਚ ਮਨੁੱਖ ਕੋਲੋਂ ਮੌਤ ਦੇ ਭੈ ਤੋਂ ਉਤੇ ਉਠਣ ਦੀ, ਮੁਕਤ ਹੋਣ ਦੀ ਤਵੱਕੋ ਕੀਤੀ ਗਈ ਹੈ। ਨਿਰਭਉ ਹੋਣ ਲਈ, ਹੋਰ ਹਰ ਤਰ੍ਹਾਂ ਦੇ ਭੈ ਤੋਂ ਮੁਕਤ ਹੋਣ ਲਈ ਪਰਮਾਤਮਾ ਦੇ ਨਿਰਮਲ ਭੈ ਅਤੇ ਉਸ ਦੇ ਪ੍ਰੇਮ ਵਿਚ ਜਿਉਣ ਦੀ ਜਾਚ ਆਉਣੀ ਚਾਹੀਦੀ ਹੈ, "ਭੈ ਰਚਿ ਰਹੈ ਸੁ ਨਿਰਭਉ ਹੋਇ॥" (ਪੰਨਾ 223)

ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਨੇ ਨਾ ਸਿਰਫ ਅਕਾਲ ਪੁਰਖ ਦੇ ਭੈ ਤੋਂ ਬਿਨਾਂ ਹੋਰ ਕਿਸੇ ਦੇ ਭੈ ਵਿਚ ਜਿਉਣਾ ਹੈ, ਬਲਕਿ ਉਸ ਨੇ ਕਿਸੇ ਨੂੰ ਭੈ ਦੇਣਾ ਵੀ ਨਹੀਂ। ਕਿਸੇ ਵੀ ਅਧਿਆਤਮਕ ਪਰੰਪਰਾ ਵਿਚ ਗਿਆਨ ਨੂੰ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ ਅਤੇ ਗਿਆਨ ਪ੍ਰਾਪਤ ਕਰਨ ਵਾਲੇ ਦਾ ਦਰਜ਼ਾ ਬਹੁਤ ਸਤਿਕਾਰਯੋਗ ਹੁੰਦਾ ਹੈ। ਗੁਰੂ ਤੇਗ ਬਹਾਦਰ ਅਨੁਸਾਰ ਅਸਲੀ ਗਿਆਨੀ ਪੁਰਸ਼ ਉਹ ਹੈ, ਅਧਿਆਤਮਕ ਗਿਆਨ ਦਾ ਗਿਆਤਾ ਉਹ ਹੈ ਜੋ ਨਾ ਕਿਸੇ ਨੂੰ ਭੈ ਦਿੰਦਾ ਹੈ ਅਤੇ ਨਾ ਕਿਸੇ ਤੋਂ ਭੈ ਖਾਂਦਾ ਹੈ। ਇਸ ਦਾ ਨਤੀਜਾ ਇਹੀ ਨਿਕਲਦਾ ਹੈ ਕਿ ਜੇ ਪਰਮਾਤਮਾ ਦੇ ਡਰ ਤੋਂ ਬਿਨਾਂ ਕਿਸੇ ਹੋਰ ਦੇ ਭੈ ਵਿਚ ਜਿਉਣਾ ਬੁਰਾ ਹੈ ਤਾਂ ਕਿਸੇ ਨੂੰ ਭੈ ਦੇਣਾ ਵੀ ਉਨਾ ਹੀ ਬੁਰਾ ਹੈ। ਮੌਤ ਨੂੰ ਸਿੱਖ ਧਰਮ ਚਿੰਤਨ ਵਿਚ ਬੁਰੀ ਜਾਂ ਮਨੁੱਖ ਨੂੰ ਮਿਲੀ ਹੋਈ ਸਜ਼ਾ ਨਹੀਂ ਮੰਨਿਆ ਗਿਆ ਹੈ। ਮੌਤ ਤਾਂ ਪਰਮਾਤਮ-ਹੁਕਮ ਹੈ। ਜੋ ਕੁਝ ਪੈਦਾ ਹੁੰਦਾ ਹੈ, ਉਸ ਨੇ ਇੱਕ ਦਿਨ ਖ਼ਤਮ ਵੀ ਹੋਣਾ ਹੈ, ਇਹ ਰੱਬੀ ਹੁਕਮ ਹੈ। ਇਸ ਲਈ ਮਨੁੱਖ ਨੂੰ ਸਭ ਤੋਂ ਪਹਿਲਾਂ ਇਸ ਸੱਚਾਈ ਨੂੰ ਪਰਵਾਨ ਕਰਕੇ ਚੱਲਣ ਦੀ ਪ੍ਰੇਰਨਾ ਕੀਤੀ ਹੈ। ਜਿਵੇਂ ਉਪਰ ਗੱਲ ਕੀਤੀ ਹੈ ਕਿ ਇਹ ਪੂਰਨ ਸਮਰਪਣ ਹੈ, ਅੰਦਰੋਂ ਆਪਾ-ਭਾਵ ਦਾ ਤਿਆਗ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਇਹ ਆਦੇਸ਼ ਹੈ। ਜਦੋਂ ਸਮਰਪਣ ਦੀ ਭਾਵਨਾ ਦ੍ਰਿੜ ਹੋ ਗਿਆ, ਸਭ ਕੁੱਝ ਪਰਮਾਤਮਾ ਨੂੰ ਸੌਂਪ ਦਿੱਤਾ ਗਿਆ, ਫਿਰ ਹੋਰ ਕੋਈ ਭੈ ਮਨ ਵਿਚ ਨਹੀਂ ਰਹਿੰਦਾ। ਗੁਰੂ ਅਰਜਨ ਦੇਵ ਇਸੇ ਸਮਰਪਣ ਦੀ ਗੱਲ ਕਰਦੇ ਹਨ,

ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸਿ॥
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ॥1॥
(ਪੰਨਾ 1102)

ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਇਸ ਮੌਤ ਨੂੰ ਬੁਰਾ ਕਹਿਣ ਦੀ ਜ਼ਰੂਰਤ ਨਹੀਂ ਹੈ, ਮਨੁੱਖ ਨੂੰ ਸਿਰਫ ਇਨਾ ਪਤਾ ਹੋਣਾ ਚਾਹੀਦਾ ਹੈ ਕਿ ਮਰਨਾ ਕਿਵੇਂ ਹੈ। ਆਪਣੇ ਸਰਬਸ਼ਕਤੀਮਾਨ ਪਰਮਾਤਮਾ ਦਾ ਸਿਮਰਨ ਕਰੋ ਜਿਸ ਨਾਲ ਤੁਹਾਡਾ ਪੰਧ ਸੌਖਾ ਹੋ ਜਾਵੇ ਅਤੇ ਤੁਸੀਂ ਇਸ ਉਤੇ ਸਹਿਜ ਨਾਲ ਚੱਲ ਸਕੋ। ਅਜਿਹੇ ਜੀਵਨ-ਰਸਤੇ 'ਤੇ ਚੱਲਦਿਆਂ ਫਲ ਵੀ ਮਿਲੇਗਾ ਅਤੇ ਪਰਮਾਤਮਾ ਦੀ ਹਜ਼ੂਰੀ ਵਿਚ ਇੱਜ਼ਤ ਵੀ ਪ੍ਰਾਪਤ ਹੋਵੇਗੀ। ਜੇ ਮਨੁੱਖ ਨਾਮ ਦੀ ਭੇਟਾ ਲੈ ਕੇ ਜਾਂਦਾ ਹੈ, ਅਰਥਾਤ ਇੱਜ਼ਤ ਨਾਲ ਜੀਵਨ ਜਿਉਂਦਾ ਹੈ ਤਾਂ ਉਸ ਦੇ ਕਰਮਾਂ ਦਾ ਹਿਸਾਬ ਹੋਣ ਵੇਲੇ ਵੀ ਉਸ ਨੂੰ ਇੱਜ਼ਤ ਮਿਲੇਗੀ। ਪਤਿ ਸੇਤੀ ਜਿਉਣਾ ਅਤੇ ਪਤਿ ਸੇਤੀ ਜਾਣਾ ਭਾਵ ਇਸ ਸੰਸਾਰ 'ਤੇ ਇੱਜ਼ਤ ਨਾਲ ਜਿਉਣਾ ਅਤੇ ਇੱਜ਼ਤ ਲੈ ਕੇ ਸੰਸਾਰ ਤੋਂ ਜਾਣਾ, ਇਹੀ ਅਸਲੀ ਜੀਵਨ ਹੈ। ਗੁਰੂ ਨਾਨਕ ਸਾਹਿਬ ਅੱਗੇ ਕਹਿੰਦੇ ਹਨ ਕਿ ਜੋ ਮਨੁੱਖ ਸਮਰਪਣ ਵਾਲਾ ਜੀਵਨ ਜਿਉਂ ਕੇ, ਕਬੂਲ ਹੋ ਕੇ ਮਰਦੇ ਹਨ, ਉਹ ਸੂਰਮੇ ਹਨ ਅਤੇ ਉਨ੍ਹਾਂ ਦਾ ਮਰਨਾ ਵੀ ਸਲਾਹਿਆ ਜਾਂਦਾ ਹੈ, ਉਨ੍ਹਾਂ ਨੂੰ ਸਤਿਕਾਰ ਮਿਲਦਾ ਹੈ ਅਤੇ ਇਹ ਸੂਰਮਿਆਂ ਦਾ ਹੱਕ ਹੈ,

ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ॥
ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ॥ (ਪੰਨਾ 579)

ਭਗਤ ਕਬੀਰ ਕਹਿੰਦੇ ਹਨ ਕਿ ਜਿਸ ਮਰਨ ਤੋਂ ਇਹ ਸੰਸਾਰ ਡਰਦਾ ਹੈ, ਉਸ ਮਰਨ ਨਾਲ ਮੇਰੇ ਮਨ ਵਿਚ ਖੁਸ਼ੀ ਪੈਦਾ ਹੁੰਦੀ ਹੈ। ਦੁਨੀਆਂ ਦੇ ਇਸ ਮੋਹ ਵੱਲੋਂ ਮਰਿਆਂ ਹੀ, ਅਰਥਾਤ ਸੰਸਾਰ ਦਾ ਮੋਹ ਤਿਆਗ ਕੇ ਹੀ ਉਹ ਪਰਮਾਤਮਾ ਮਿਲਦਾ ਹੈ ਜੋ ਪੂਰਨ ਅਨੰਦ-ਸਰੂਪ ਹੈ। ਭਗਤ ਕਬੀਰ ਇਸ ਨੂੰ ਸਤੀ ਦੀ ਉਦਾਹਰਣ ਰਾਹੀਂ ਸਮਝਾਉਂਦੇ ਹਨ। ਪੁਰਾਤਨ ਹਿੰਦੂ ਪਰੰਪਰਾ ਅਨੁਸਾਰ ਜੋ ਇਸਤਰੀ ਆਪਣੇ ਪਤੀ ਦੀ ਮੌਤ 'ਤੇ ਉਸ ਨਾਲ ਚਿਖਾ 'ਤੇ ਸੜ ਕੇ ਮਰਨਾ ਚਾਹੁੰਦੀ ਸੀ, ਉਹ ਹੱਥ ਵਿਚ ਸੰਧੂਰ ਲੱਗਿਆ ਨਾਰੀਅਲ ਲੈਂਦੀ ਸੀ। ਸੰਧੂਰਿਆ ਹੋਇਆ ਨਾਰੀਅਲ ਹੱਥ ਵਿਚ ਫੜ ਲੈਣਾ ਇਸ ਗੱਲ ਦੀ ਨਿਸ਼ਾਨੀ ਸਮਝੀ ਜਾਂਦੀ ਸੀ ਕਿ ਇਹ ਇਸਤਰੀ ਮਰਨ ਤੋਂ ਨਹੀਂ ਡਰਦੀ ਅਤੇ ਆਪਣੇ ਪਤੀ ਦੀ ਮ੍ਰਿਤਕ ਦੇਹ ਨਾਲ ਸੜਨ ਲਈ ਤਿਆਰ ਹੈ। ਭਗਤ ਕਬੀਰ ਕਹਿੰਦੇ ਹਨ ਕਿ ਜਦੋਂ ਹੱਥ ਵਿਚ ਨਾਰੀਅਲ ਫੜ ਹੀ ਲਿਆ ਅਰਥਾਤ ਮਰਨ ਦਾ ਫੈਸਲਾ ਕਰ ਹੀ ਲਿਆ, ਫਿਰ ਮਰਨ ਤੋਂ ਕੀ ਡਰਨਾ ਹੋਇਆ। ਜਿਸ ਭਾਗਾਂ ਵਾਲੇ ਮਨੁੱਖ ਨੂੰ ਪਰਮਾਤਮ-ਭਗਤੀ ਦੀ ਦਾਤ ਮਿਲ ਗਈ, ਜਦੋਂ ਸਤਿ ਦੀ ਪ੍ਰਾਪਤੀ ਦਾ ਅਹਿਦ ਲੈ ਲਿਆ ਫਿਰ ਆਪਾ-ਭਾਵ ਤਿਆਗਣ ਦਾ, ਮੌਤ ਦਾ ਡਰ ਕੇਹਾ,

ਜਿਸ ਮਰਨੇ ਤੇ ਜਗੁ ਡਰੈ
ਮੇਰੇ ਮਨ ਆਨੰਦੁ॥
ਮਰਨੇ ਹੀ ਤੇ ਪਾਈਐ
ਪੂਰਨ ਪਰਮਾਨੰਦ॥22॥ (ਪੰਨਾ 1365)
ਕਬੀਰ ਐਸੀ ਹੋਇ ਪਰੀ
ਮਨ ਕੋ ਭਾਵਤ ਕੀਨੁ॥
ਮਰਨੇ ਤੇ ਕਿਆ ਡਰਪਨਾ
ਜਬ ਹਾਥਿ ਸਿਧਉਰਾ ਲੀਨ॥7॥
(ਪੰਨਾ 1368)

ਸਿੱਖ ਧਰਮ ਅਕਾਲ ਪੁਰਖ ਪ੍ਰਤੀ ਪੂਰਨ ਸਮਰਪਣ ਵਾਲੀ ਇੱਕ ਜੀਵਨ-ਜਾਚ ਹੈ ਕਿ ਮਨੁੱਖ ਨੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ, ਇਸ ਸੰਸਾਰ 'ਤੇ ਕਿਹੋ ਜਿਹਾ ਅਤੇ ਕਿਵੇਂ ਜੀਵਨ ਗੁਜ਼ਾਰਨਾ ਹੈ। ਬਾਣੀ ਜਿੱਥੇ ਅਧਿਆਤਮਕ ਅਨੁਭਵ ਦਾ ਰਸਤਾ ਦੱਸਦੀ ਹੈ, ਉਥੇ ਨਾਲ ਸੰਸਾਰਕ ਜੀਵਨ ਦਾ ਮਾਰਗ ਵੀ ਦਰਸਾਉਂਦੀ ਹੈ ਕਿ ਗੁਰੂ-ਵਰੋਸਾਏ ਹੋ ਕੇ ਜਿਉਣਾ ਕਿਵੇਂ ਹੈ? ਇਹ ਸੰਸਾਰ ਵਿਕਾਰਾਂ, ਬੁਰਾਈਆਂ, ਬੇ-ਇਨਸਾਫੀਆਂ ਨਾਲ ਭਰਿਆ ਹੋਇਆ ਹੈ ਜਿਸ ਨਾਲ ਮਨੁੱਖ ਨੇ ਲਗਾਤਾਰ ਜੂਝਣਾ ਹੈ। ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ ਕਿ ਮਰਨਾ ਸੂਰਮਿਆਂ ਦਾ ਹੱਕ ਹੈ। ਪਤਿ-ਸੇਤੀ ਜਿਉਣ ਲਈ ਮਰਨਾ ਪੈਂਦਾ ਹੈ। ਬਾਬਾ ਫ਼ਰੀਦ ਅਨੁਸਾਰ ਗ਼ੁਲਾਮੀ ਦਾ ਜੀਵਨ ਜਿਉਣਾ, ਪਰਾਏ ਵੱਸ ਹੋ ਕੇ ਜਿਉਣਾ ਸਭ ਤੋਂ ਬੁਰਾ ਹੈ। ਭਗਤ ਕਬੀਰ ਕਹਿੰਦੇ ਹਨ ਕਿ ਜਿਹੜਾ ਮਨੁੱਖ ਇਸ ਜਗਤ-ਰੂਪੀ ਰਣਭੂਮੀ ਵਿਚ ਦਲੇਰ ਹੋ ਕੇ ਬੁਰਾਈ ਦੇ ਮੁਕਾਬਲੇ ਵਿਚ ਅੜ ਕੇ ਖੜ ਜਾਂਦਾ ਹੈ ਕਿ ਹੁਣ ਸਮਾਂ ਹੈ ਲੜਨ ਦਾ, ਉਹ ਅਸਲੀ ਸੂਰਮਾ ਹੈ। ਜਦੋਂ ਨਿਸ਼ਾਨੇ 'ਤੇ ਚੋਟ ਪੈਂਦੀ ਹੈ, ਧੌਂਸਾ ਵੱਜਦਾ ਹੈ ਤਾਂ ਉਸ ਦੇ ਅੰਦਰ ਜੂਝਣ ਦੀ ਧੂਹ ਪੈਂਦੀ ਹੈ। ਉਹ ਮਨੁੱਖ ਸੂਰਮਾ ਹੈ ਜੋ ਗ਼ਰੀਬਾਂ, ਦੀਨ-ਦੁਖੀਆਂ ਦੀ ਖ਼ਾਤਰ ਲੜਦਾ ਹੈ। ਉਹ ਪੁਰਜਾ ਪੁਰਜਾ ਕੱਟ ਕੇ ਮਰ ਜਾਂਦਾ ਹੈ ਪਰ ਯੁੱਧ ਦਾ ਮੈਦਾਨ ਨਹੀਂ ਛੱਡਦਾ। ਆਪਣੀ ਜਾਨ ਬਚਾਉਣ ਲਈ ਗ਼ਰੀਬ ਦੀ ਫੜੀ ਬਾਂਹ ਨਹੀਂ ਛੱਡਦਾ,

ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਡਿਓ ਸੂਰਮਾ
ਅਬ ਜੂਝਨ ਕੋ ਦਾਉ॥1॥
ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ॥2॥ (ਪੰਨਾ 1105)

ਉਪਰੋਕਤ ਵਿਚਾਰ-ਚਰਚਾ ਤੋਂ ਜੋ ਨੁਕਤੇ ਉਜਾਗਰ ਹੁੰਦੇ ਹਨ, ਉਹ ਇਸ ਤਰ੍ਹਾਂ ਹਨ,

ਪਹਿਲਾ ਨੁਕਤਾ ਇਹ ਹੈ ਕਿ ਅਕਾਲ ਪੁਰਖ ਨੂੰ ਪਾਉਣ ਲਈ ਉਸ ਦਾ ਪ੍ਰੇਮ ਮੁਢਲਾ ਨਿਯਮ ਹੈ। ਉਸ ਕਰਤਾ ਪੁਰਖ ਦੇ ਪ੍ਰੇਮ ਤੋਂ ਹੀ ਉਸ ਦੀ ਰਚਨਾ ਭਾਵ ਸ੍ਰਿਸ਼ਟੀ ਵਾਸਤੇ, ਮਨੁੱਖਤਾ ਵਾਸਤੇ ਪ੍ਰੇਮ ਪੈਦਾ ਹੁੰਦਾ ਹੈ। ਉਸ ਤੱਕ ਪਹੁੰਚਣ ਦਾ ਰਸਤਾ ਪ੍ਰੇਮ ਦਾ ਰਸਤਾ ਹੈ ਜਿਵੇਂ ਕਿ ਉਪਰ ਬਾਣੀ ਵਿਚ ਦੱਸਿਆ ਹੈ। ਇਸ ਪ੍ਰੇਮ ਦੇ ਰਸਤੇ ਦਾ ਪਾਂਧੀ ਹੋਣ ਕਰਕੇ ਹੀ ਸਿੱਖ ਰੋਜ਼ਾਨਾ ਅਰਦਾਸ ਵਿਚ 'ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ' ਲਈ ਜੋਦੜੀ ਕਰਦਾ ਹੈ।

ਦੂਸਰਾ ਨੁਕਤਾ ਇਹ ਸਾਹਮਣੇ ਆਉਂਦਾ ਹੈ ਕਿ 'ਪ੍ਰੇਮ ਦਾ ਮਾਰਗ' ਪੂਰਨ ਸਮਰਪਣ ਦਾ ਮਾਰਗ ਹੈ, ਆਪਾ ਵਾਰਨ ਦਾ ਮਾਰਗ ਹੈ। ਇਸ ਮਾਰਗ 'ਤੇ ਚੱਲਣ ਵਾਲੇ ਨੂੰ ਸਿਰ ਤਲੀ 'ਤੇ ਰੱਖ ਕੇ ਆਉਣ ਦਾ ਅਦੇਸ਼ ਕੀਤਾ ਹੈ। ਇਹ ਅਹਿਦ ਹੈ, ਇਕਰਾਰਨਾਮਾ ਹੈ ਜਿਸ ਵਿਚ ਤਨ, ਮਨ, ਇੱਛਾ, ਧਨ, ਕਰਮ ਸਭ ਕੁੱਝ ਪਰਮਾਤਮਾ ਦੇ ਸਪੁਰਦ ਹੈ, ਉਸ ਨੂੰ ਸਮਰਪਣ ਹੈ। ਮਨੁੱਖ ਦਾ ਸਿਰ ਉਸ ਦੇ 'ਅਹੰ' ਦਾ ਪ੍ਰਤੀਕ ਹੈ। ਇਸ ਹਉਂ ਨੂੰ ਪੱਕੇ ਤੌਰ ਤੇ ਪੂਰੀ ਤਰ੍ਹਾਂ ਕੱਢ ਦੇਣਾ ਹੈ। ਇਸ ਵਿਚ ਕਿਸੇ ਭਰਮ ਜਾਂ ਦੂਈ ਦੀ ਗੁੰਜਾਇਸ਼ ਨਹੀਂ ਹੈ। ਇਹ ਗੁਰਮੁਖਿ ਦਾ ਰਸਤਾ ਹੈ ਜਿਥੇ ਆਪਣੀ ਇੱਛਾ ਗੁਰੂ-ਇੱਛਾ ਵਿਚ, ਪਰਮਾਤਮ-ਇੱਛਾ ਵਿਚ ਵਿਲੀਨ ਹੋ ਜਾਣੀ ਹੈ। ਇਸੇ ਨੂੰ ਜਪੁਜੀ ਵਿਚ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਕਿਹਾ ਹੈ। ਗੁਰਮੁਖਿ ਆਪਣਾ ਜੀਵਨ ਗੁਰੂ ਦਾ ਅਨੁਸਾਰੀ ਹੋ ਕੇ ਜਿਉਂਦਾ ਹੈ ਅਤੇ ਸਿੱਖ ਧਰਮ ਵਿਚ ਗੁਰੂ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਬਾਣੀ ਹੈ। ਇਥੇ ਵਿਅਕਤੀ ਆਪਣੀਆਂ ਸਾਰੀਆਂ ਸੀਮਾਵਾਂ, ਰੁਕਾਵਟਾਂ ਨੂੰ ਪਾਰ ਕਰ ਜਾਂਦਾ ਹੈ।

ਤੀਸਰਾ ਨੁਕਤਾ ਇਹ ਹੈ ਕਿ ਮਨੁੱਖ ਇਸ ਰਸਤੇ 'ਤੇ ਤੁਰਨ ਲਈ ਸੁਤੰਤਰ ਹੈ, ਆਜ਼ਾਦ ਹੈ। ਚੋਣ ਕਰਨ ਦੀ ਉਸ ਨੂੰ ਪੂਰੀ ਖੁੱਲ੍ਹ ਹੈ, ਪੂਰਾ ਅਧਿਕਾਰ ਹੈ, ਕੋਈ ਬੰਧਨ ਨਹੀਂ। ਸਗੋਂ ਉਸ ਨੂੰ ਪਹਿਲਾਂ ਹੀ ਆਗਾਹ ਕਰ ਦਿੱਤਾ ਹੈ ਕਿ ਪ੍ਰੇਮ ਦਾ ਇਹ ਮਾਰਗ ਅਤਿ ਕਠਿਨ ਹੈ, ਜਿਸ ਵਿਚ ਮੁਸ਼ਕਲਾਂ ਹੀ ਮੁਸ਼ਕਲਾਂ ਹਨ। ਉਸ ਦੇ ਸਾਹਮਣੇ ਸੰਭਾਵਨਾਵਾਂ ਵੀ ਰੱਖ ਦਿੱਤੀਆਂ ਹਨ। ਇਸ ਵਿਚ 'ਇੱਛਾ' ਸ਼ਾਮਲ ਹੈ। ਜੇ ਉਸ ਨੂੰ ਚੰਗਾ ਲਗਦਾ ਹੈ, ਉਸ ਨੂੰ ਪ੍ਰੇਰਨਾ ਮਿਲਦੀ ਹੈ, ਉਤਸ਼ਾਹ ਮਿਲਦਾ ਹੈ ਅਤੇ ਉਸ ਵਿਚ ਹੌਸਲਾ ਹੈ ਤਾਂ ਹੀ ਉਹ ਇਸ ਰਸਤੇ 'ਤੇ ਕਦਮ ਰੱਖਦਾ ਹੈ।

ਚੌਥਾ ਨੁਕਤਾ ਇਸ ਵਿਚਾਰ-ਚਰਚਾ ਵਿਚੋਂ ਇਹ ਸਾਹਮਣੇ ਆਉਂਦਾ ਹੈ ਕਿ ਇਸ ਵਿਚ ਵਿਚਾਰ, ਸੋਚ ਸ਼ਾਮਲ ਹੈ। ਜਿਹੜਾ ਰਾਹ ਚੋਣ, ਇਕਰਾਰ, ਪੂਰਨ ਸਮਰਪਣ ਨਾਲ ਸਬੰਧਤ ਹੈ ਉਹ ਅੰਧਾ-ਧੁੰਦ ਪਿੱਛੇ ਲੱਗਣਾ ਨਹੀਂ ਹੋ ਸਕਦਾ। ਇਸੇ ਕਰਕੇ ਬਾਣੀ ਵਿਚ "ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ" ਦੀ ਗੱਲ ਕੀਤੀ ਹੈ। ਅਕਲ ਵਿਚਾਰ ਦਾ ਸਿਖਰ ਹੈ। ਜਿਸ ਰਸਤੇ 'ਤੇ ਕਦਮ ਰੱਖਣ ਲਈ ਸਿਰ ਤਲੀ 'ਤੇ ਧਰਨਾ ਪਵੇ, ਜਿਸ 'ਤੇ ਚੱਲਣ ਲਈ ਪੂਰਨ ਸਮਰਪਣ ਕਰਨਾ ਪਵੇ, ਉਹ ਰਸਤਾ ਇਨਸਾਨ ਨੂੰ ਸੌ ਵਾਰ ਸੋਚਣ ਅਤੇ ਵਿਚਾਰਨ ਲਈ ਪ੍ਰੇਰਦਾ ਹੈ।

ਅਗਲੀ ਗ਼ੌਰ ਕਰਨ ਵਾਲੀ ਅਤੇ ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਇੱਕ ਵਾਰ ਜਦੋਂ ਜਗਿਆਸੂ ਇਸ ਰਾਹ 'ਤੇ ਚੱਲ ਪਿਆ, ਉਸ ਨੇ ਇਸ ਮਾਰਗ 'ਤੇ ਪੈਰ ਧਰ ਲਿਆ ਫਿਰ ਇਸ ਤੋਂ ਵਿਚਲਿਤ ਹੋਣ ਦਾ, ਪਿੱਛੇ ਮੁੜਨ ਦਾ ਕੋਈ ਮਾਜ਼ਰਾ ਨਹੀਂ ਹੈ। ਫਿਰ ਤਾਂ ਭਗਤ ਕਬੀਰ ਦੇ ਸ਼ਬਦਾਂ ਵਿਚ ਸਾਰੇ ਭਰਮ ਛੱਡ ਕੇ ਪ੍ਰਗਟ ਹੋ ਕੇ ਨੱਚਣਾ ਬਣਦਾ ਹੈ। ਉਹ ਸੂਰਮਾ ਕਾਹਦਾ ਜਿਹੜਾ ਸਾਹਮਣੇ ਜੰਗ ਹੁੰਦੀ ਦੇਖ ਕੇ ਰਣ-ਤੱਤੇ ਤੋਂ ਡਰ ਕੇ ਭੱਜੇ ਅਤੇ ਉਹ ਸਤੀ ਕਾਹਦੀ ਜਿਹੜੀ ਮੌਕਾ ਆਉਣ 'ਤੇ ਭਾਂਡੇ ਸਾਂਭਣ ਲੱਗ ਪਵੇ ਕਿਉਂਕਿ,

ਅਬ ਤੌ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਾਉਰਾ॥ (ਪੰਨਾ 338)

ਜਗਿਆਸੂ ਤੋਂ ਗੁਰੂ ਵੱਲ ਮੂੰਹ ਕਰਕੇ ਚੱਲਣ ਦੀ ਆਸ ਕੀਤੀ ਜਾਂਦੀ ਹੈ। ਰਸਤੇ ਤੋਂ ਮੁੱਖ ਮੋੜਨਾ ਗੁਰੂ ਤੋਂ ਮੂੰਹ ਫੇਰਨਾ ਹੈ। ਇਹ ਤਾਂ "ਸਿਰ ਦੀਜੈ ਕਾਣ ਨ ਕੀਜੈ" ਦੀ ਸਥਿਤੀ ਹੈ। ਸਿੱਖ ਇਲਹਾਮ ਦਾ ਅਮਲੀ ਪ੍ਰਕਾਸ਼ਨ ਗੁਰੂ ਗੋਬਿੰਦ ਸਿੰਘ ਨੇ 1699 ਦੀ ਵਿਸਾਖੀ ਨੂੰ ਖ਼ਾਲਸਾ ਸਿਰਜ ਕੇ ਕੀਤਾ। ਸਿੱਖ ਇਲਹਾਮ ਇਤਿਹਾਸਕ ਘਟਨਾਵਾਂ ਦੇ ਰੂਪ ਵਿਚ ਨਹੀਂ ਹੋਇਆ ਪਰ ਸਿੱਖ ਇਲਹਾਮ ਨੇ ਇਤਿਹਾਸ ਸਿਰਜਿਆ ਹੈ, ਜਿਸ ਦੀ ਗਵਾਹੀ ਸਾਰੇ ਸੰਸਾਰ ਦੇ ਸਾਹਮਣੇ ਹੈ। ਇਹ ਇੱਕ ਵੱਖਰੀ ਗੱਲ ਹੈ ਕਿ ਸਿੱਖਾਂ ਨੇ ਆਪਣਾ ਇਤਿਹਾਸ ਆਪ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ, ਇਸ ਨੂੰ ਦੂਸਰਿਆਂ ਨੇ ਲਿਖਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖ ਇਤਿਹਾਸ ਹਾਈਜੈਕ ਹੁੰਦਾ ਰਿਹਾ ਹੈ।

ਇਸ ਤਰ੍ਹਾਂ ਇਸ ਰਸਤੇ 'ਤੇ ਚੱਲਣ ਦਾ ਅਰਥ ਹੈ-ਇੱਜ਼ਤ ਨਾਲ, ਸਨਮਾਨ ਨਾਲ, ਸਵੈਮਾਣ ਵਾਲਾ ਜੀਵਨ ਜਿਉਣਾ। ਸਵੈਮਾਣ ਤੋਂ ਬਿਨਾਂ ਜਿਉਣਾ ਬੇਕਾਰ ਹੈ। ਇਸ ਰਸਤੇ 'ਤੇ ਚੱਲਦਿਆਂ ਸਿਰਫ ਆਪਣੀ ਆਜ਼ਾਦੀ, ਆਪਣੇ ਸਵੈਮਾਣ, ਗੌਰਵ, ਸਤਿਕਾਰ ਨੂੰ ਹੀ ਕਾਇਮ ਨਹੀਂ ਰੱਖਣਾ ਸਗੋਂ ਦੂਸਰਿਆ ਦੇ ਮਾਣ, ਸਵੈਮਾਣ, ਆਜ਼ਾਦੀ, ਗੌਰਵ ਨੂੰ ਕਾਇਮ ਰੱਖਣ ਲਈ ਵੀ ਜੂਝਣਾ ਹੈ। ਇਸ ਰਾਹ 'ਤੇ ਚੱਲਣ ਦਾ ਅਰਥ ਹੈ ਸਰਬਤ ਦੇ ਭਲੇ ਲਈ, ਸਰਬਤ ਦੇ ਇਨਸਾਫ ਲਈ ਲੜਨਾ। ਇਹ ਸਰਬ-ਅਲਿੰਗਨਕਾਰੀ ਮਾਡਲ ਹੈ। ਸਿੱਖ ਦਾ ਜੀਵਨ ਇਸ ਦਾ ਅਮਲੀ ਪ੍ਰਕਾਸ਼ਨ ਹੈ। ਇਥੇ ਹੀ ਸਿੱਖ ਚਿੰਤਨ ਵਿਚ ਸ਼ਹਾਦਤ ਦਾ ਸੰਕਲਪ ਰੂਪਮਾਨ ਹੁੰਦਾ ਹੈ। ਇਹ ਭਾਰਤੀ ਧਾਰਮਿਕ ਪਰੰਪਰਾਵਾਂ ਦੇ ਸੰਦਰਭ ਵਿਚ ਬਿਲਕੁਲ ਹੀ ਇੱਕ ਨਿਵੇਕਲਾ, ਵਿਲੱਖਣ ਅਤੇ ਨਵਾਂ ਸੰਕਲਪ ਹੈ।

**(ਚਲਦਾ)**

ਗੁਰਬਾਣੀ ਗਿਆਨ

## ਜਿਸ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ

ਆਸਾ ਮਹਲਾ ੫
ਜਿਸ ਸਿਮਰਤ ਦੁਖੁ ਜਾਇ
ਸਹਜ ਸੁਖੁ ਪਾਈਐ॥
ਰੈਣਿ ਦਿਨਸੁ ਕਰ ਜੋੜਿ
ਹਰਿ ਹਰਿ ਧਿਆਈਐ॥੧॥
ਨਾਨਕ ਕਾ ਪ੍ਰਭੁ ਸੋਇ
ਜਿਸ ਕਾ ਸਭੁ ਕੋਇ॥
ਸਰਬ ਰਹਿਆ ਭਰਪੂਰਿ
ਸਚਾ ਸਚੁ ਸੋਇ॥੧॥ ਰਹਾਉ॥
ਅੰਤਰਿ ਬਾਹਰਿ ਸੰਗਿ
ਸਹਾਈ ਗਿਆਨ ਜੋਗੁ॥
ਤਿਸਹਿ ਅਰਾਧਿ ਮਨਾ
ਬਿਨਾਸੈ ਸਗਲ ਰੋਗੁ॥੨॥
ਰਾਖਨਹਾਰੁ ਅਪਾਰੁ
ਰਾਖੈ ਅਗਨਿ ਮਾਹਿ॥
ਸੀਤਲੁ ਹਰਿ ਹਰਿ ਨਾਮੁ
ਸਿਮਰਤ ਤਪਤਿ ਜਾਇ॥੩॥
ਸੂਖ ਸਹਜ ਆਨੰਦ ਘਣਾ
ਨਾਨਕ ਜਨ ਧੂਰਾ॥
ਕਾਰਜ ਸਗਲੇ ਸਿਧਿ ਭਏ
ਭੇਟਿਆ ਗੁਰੁ ਪੂਰਾ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਭਾਈ! ਨਾਨਕ ਦਾ ਮਾਲਕ ਤਾਂ ਉਹ ਪ੍ਰਭੂ ਹੈ ਜਿਸ ਦਾ ਪੈਦਾ ਕੀਤਾ ਹੋਇਆ ਹਰ ਜੀਵ ਹੈ ਅਤੇ ਉਹ ਮੇਰਾ ਮਾਲਕ ਸਭ ਜੀਵ ਜੰਤੂਆਂ ਵਿਚ ਇਕ ਸਮਾਨ ਵਸ ਰਿਹਾ ਹੈ। ਬਸ ਇਕ ਪ੍ਰਭੂ ਹੀ ਹੈ ਜੋ ਸਦਾ ਕਾਇਮ ਰਹਿੰਦਾ ਹੈ। ਹੇ ਭਾਈ! ਜਿਸ ਪ੍ਰਭੂ ਦਾ ਨਾਮ ਸਿਮਰਨ ਕਰ ਕੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਸਹਜ ਸੁੱਖ, ਭਾਵ ਆਤਮਿਕ ਸੁੱਖ ਅਤੇ ਆਨੰਦ ਪ੍ਰਾਪਤ ਹੁੰਦਾ ਹੈ, ਐਸੇ ਮਿਹਰਬਾਨ ਪ੍ਰਭੂ ਅੱਗੇ ਦੋਵੇਂ ਹੱਥ ਜੋੜ ਕੇ ਹਰ ਸਮੇਂ ਉਸ ਦਾ ਸਿਮਰਨ ਕਰਨਾ ਚਾਹੀਏ।

ਅੰਤਰਿ ਬਾਹਰਿ ਸੰਗਿ
ਸਹਾਈ ਗਿਆਨ ਜੋਗੁ॥
ਤਿਸਹਿ ਅਰਾਧਿ ਮਨਾ
ਬਿਨਾਸੈ ਸਗਲ ਰੋਗੁ॥੨॥

ਹੁਣ ਗੁਰਦੇਵ ਪਿਤਾ ਜੀ ਮਨ ਨੂੰ ਪੁਕਾਰਦੇ ਹਨ ਕਿ ਹੇ ਮੇਰੇ ਮਨ! ਉਸ ਅਕਾਲ ਪੁਰਖ ਪ੍ਰਭੂ ਨੂੰ ਅਰਾਧ, ਭਾਵ ਤੂੰ ਉਸ ਦਾ ਸਿਮਰਨ ਹਰ ਵੇਲੇ ਕਰਿਆ ਕਰ ਜੋ ਸਭਨਾਂ ਜੀਵਾਂ ਦੇ ਅੰਦਰ ਵਸ ਰਿਹਾ ਹੈ ਅਤੇ ਜੋ ਦਿਖਾਈ ਦੇ ਰਹੇ ਇਸ ਸਾਰੇ ਸੰਸਾਰ ਵਿਚ ਭੀ ਵਸ ਰਿਹਾ ਹੈ, ਜੋ ਮਾਲਕ ਪ੍ਰਭੂ ਸਭ ਜੀਵਾਂ ਦੇ ਨਾਲ ਭੀ ਰਹਿੰਦਾ ਹੈ ਅਤੇ ਸਭਨਾਂ ਦੀ ਰੱਖਿਆ ਭੀ ਸਦਾ ਆਪ ਹੀ ਕਰਦਾ ਹੈ। ਹੇ ਮੇਰੇ ਮਨ! ਉਸ ਮਿਹਰਬਾਨ ਪ੍ਰਭੂ ਨਾਲ ਧੁਰ ਅੰਦਰੋਂ ਪ੍ਰੀਤ ਕਰ ਜਿਸ ਦਾ ਸਿਮਰਨ ਕਰ ਕੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ।

ਰਾਖਨਹਾਰੁ ਅਪਾਰੁ
ਰਾਖੈ ਅਗਨਿ ਮਾਹਿ॥
ਸੀਤਲੁ ਹਰਿ ਹਰਿ ਨਾਮੁ
ਸਿਮਰਤ ਤਪਤਿ ਜਾਇ॥੩॥

ਗੁਰਦੇਵ ਜੀ ਪ੍ਰਭੂ ਦੀ ਵਡਿਆਈ ਕਰਦੇ ਹਨ ਕਿ ਹੇ ਮੇਰੇ ਮਨ! ਸਭ ਜੀਵਾਂ ਦੀ ਰੱਖਿਆ ਕਰਨ ਲਈ ਜੋ ਸਮਰਥ ਹੈ, ਉਹ ਬੇਅੰਤ ਤਾਕਤਾਂ ਦਾ ਮਾਲਕ ਮਿਹਰਬਾਨ ਪ੍ਰਭੂ ਤਾਂ ਮਾਂ ਦੇ ਗਰਭ ਦੀ ਅੱਗ ਵਿਚ ਵੀ ਸਾਰੇ ਜੀਵਾਂ ਨੂੰ ਆਪ ਬਚਾਉਂਦਾ ਹੈ, ਰੱਖਿਆ ਕਰਦਾ ਹੈ। ਉਸ ਮਿਹਰਾਂ ਦੇ ਮਾਲਕ ਪ੍ਰਭੂ ਜੀ ਦਾ ਜੋ ਸੁਹਣਾ ਨਾਮ ਹੈ, ਉਹ ਤਾਂ ਅਤਿ ਸੀਤਲ ਹੈ, ਤਪ ਰਹੇ ਤੇ ਸੜ ਰਹੇ ਹਿਰਦਿਆਂ ਵਿਚ ਠੰਢ ਪਾਉਣ ਵਾਲਾ ਹੈ। ਹੇ ਮਨ, ਉਸ ਪ੍ਰਭੂ ਦਾ ਨਾਮ ਸਿਮਰਨ ਕੀਤਿਆਂ ਜੀਵ ਦੇ ਅੰਦਰੋਂ ਵਿਕਾਰਾਂ ਦੀ ਤਪਸ਼ ਭੀ ਮੁੱਕ ਜਾਂਦੀ ਹੈ।

ਸੂਖ ਸਹਜ ਆਨੰਦ ਘਣਾ
ਨਾਨਕ ਜਨ ਧੂਰਾ॥
ਕਾਰਜ ਸਗਲੇ ਸਿਧਿ ਭਏ
ਭੇਟਿਆ ਗੁਰੁ ਪੂਰਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਮੇਰੇ ਪ੍ਰਭੂ ਜੀ ਨੂੰ ਆਪ ਦਾ ਇਹ ਨਾਨਕ ਆਖਦਾ ਹੈ ਕਿ ਤੇਰੀ ਮਿਹਰ ਸਦਕਾ ਜਿਸ ਜੀਵ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ ਅਤੇ ਜੀਵ ਸੰਤ ਜਨਾਂ ਦੀ ਚਰਨ ਧੂੜ ਵਿਚ ਆਪਣੇ ਆਪ ਨੂੰ ਟਿਕਾਈ ਰੱਖਦਾ ਹੈ, ਉਸ ਲਈ ਸੁਖ ਸਹਜ ਆਨੰਦ ਘਣਾ, ਭਾਵ ਬਹੁਤ ਸਾਰੇ ਆਤਮਿਕ ਸੁੱਖ ਅਤੇ ਅਨੰਦਮਈ ਅਵਸਥਾ ਹਰ ਵੇਲੇ ਬਣੇ ਰਹਿੰਦੇ ਹਨ। ਕਾਰਜ ਸਗਲੇ ਸਿਧਿ ਭਏ, ਭਾਵ ਨਾਮ ਸਿਮਰਨ ਕਰਨ ਵਾਲੇ ਜੀਵਾਂ ਦੇ ਸਾਰੇ ਕਾਰਜ ਭੀ ਪ੍ਰਭੂ ਮਿਹਰ ਸਦਕਾ ਪੂਰੇ ਹੁੰਦੇ ਹਨ ਤੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ।

ਆਉ ਸਾਧ ਸੰਗਤ ਜੀ, ਸ਼ਬਦ ਗੁਰੂ ਨਾਲ ਜੁੜੀਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ-916-687-3536***

## ਵਿਚਾਰ-ਚਰਚਾ

# ਕੁਝ ਡਾ. ਹਰਪਾਲ ਸਿੰਘ ਪੰਨੂ ਦੀਆਂ ਟਿੱਪਣੀਆਂ ਬਾਰੇ

'ਪੰਜਾਬ ਟਾਈਮਜ਼' ਦੇ 3 ਨਵੰਬਰ ਦੇ ਅੰਕ ਵਿਚ ਡਾ. ਹਰਪਾਲ ਸਿੰਘ ਪੰਨੂ ਵੱਲੋਂ ਹਰਿੰਦਰ ਸਿੰਘ ਮਹਿਬੂਬ ਅਤੇ ਡਾ. ਗੁਰਤਰਨ ਸਿੰਘ ਬਾਰੇ ਟਿੱਪਣੀਆਂ ਪੜ੍ਹੀਆਂ। ਹਰ ਇਨਸਾਨ ਨੂੰ ਆਪਣੀ ਵਿਚਾਰਧਾਰਾ ਰੱਖਣ ਦਾ ਅਤੇ ਉਸ ਨੂੰ ਬਦਲਣ ਦਾ ਹੱਕ ਹੈ ਕਿਉਂਕਿ ਇਹ ਕਿਸੇ ਵੀ ਇਨਸਾਨ ਦਾ ਜ਼ਾਤੀ ਮਾਮਲਾ ਹੈ। ਪਹਿਲਾਂ ਜਿਹੜੇ ਖੱਬੇ ਪੱਖੀ ਵਿਚਾਰਧਾਰਾ ਨੂੰ ਪਰਣਾਏ ਸੀ, ਅੱਜ ਉਹ ਖਾਲਿਸਤਾਨ ਦੇ ਮੁੱਦਈ ਹਨ ਅਤੇ ਕਲ੍ਹ ਜਿਹੜੇ ਖਾਲਿਸਤਾਨੀ ਸੀ, ਅੱਜ ਉਹ 'ਮੌਡਰੇਟ ਸਿੱਖ' ਹਨ। ਕਲ੍ਹ ਜਿਹੜੇ ਕਿਸੇ ਵਿਦਵਾਨ ਵੱਲੋਂ ਸਿੱਖਾਂ ਬਾਰੇ ਲਿਖੀ ਪੁਸਤਕ ਵਿਚ ਮਹਿਜ ਇੱਕ ਪੰਕਤੀ ਹਿੰਦੂਆਂ ਦੇ ਹੱਕ ਵਿਚ ਲਿਖਣ ਤੇ ਉਸ ਵਿਦਵਾਨ ਦਾ ਗੁਰਮਤਿ ਕਾਲਜ ਦੀ ਸਟੇਜ 'ਤੇ ਨਾ ਸਿਰਫ ਘਿਰਾਉ ਕਰਨ ਲਈ ਸਗੋਂ ਪੂਰੀ ਤਰ੍ਹਾਂ ਬੇਇਜ਼ਤ ਕਰਨ ਲਈ ਇਕੱਠੇ ਹੋ ਕੇ ਪਹੁੰਚੇ ਸਨ, ਪੁਸਤਕਾਂ ਜ਼ਬਤ ਕਰਵਾ ਰਹੇ ਸਨ, ਖਾੜਕੂ ਲਹਿਰ ਨੂੰ ਅਪਣਾਏ ਜੇਲ੍ਹਾਂ ਕੱਟ ਰਹੇ ਸਨ, ਅੱਜ ਰਾਸ਼ਟਰੀ ਸਿੱਖ ਸੰਗਤ ਦੀ ਵਿਚਾਰਧਾਰਾ ਤੋਂ ਵੀ ਪ੍ਰਭਾਵਤ ਹੋ ਸਕਦੇ ਹਨ। ਮਨੁੱਖੀ ਮਨ ਹੈ, ਕਿਸੇ ਵੇਲੇ ਵੀ ਬਦਲ ਸਕਦਾ ਹੈ। ਗੁਰੂ ਨਾਨਕ ਦੇਵ ਦਾ ਫੁਰਮਾਨ ਹੈ, ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੈ॥ (ਪੰਨਾ 1345)

ਅੱਜ ਕੱਲ੍ਹ ਰਾਜਨੀਤੀ ਦਾ ਬੋਲ-ਬਾਲਾ ਹੋਣ ਕਰਕੇ ਅਸੀਂ ਸਿੱਖ ਨੂੰ ਸਿੱਖ ਨਾ ਰਹਿਣ ਦੇ ਕੇ ਰਾਜਨੀਤੀ ਨਾਲ ਜੋੜ ਦਿੱਤਾ ਹੈ। ਕਿਸੇ ਹੋਰ ਰਾਜਨੀਤਕ ਪਾਰਟੀ ਨਾਲ ਜੁੜਿਆ ਸਿੱਖ, ਭਾਵੇਂ ਕਿੰਨਾ ਵੀ ਵਧੀਆ ਸਿੱਖ ਹੋਵੇ, ਅਕਾਲੀ ਦਲ ਵਾਲੇ ਉਸ ਨੂੰ ਸਿੱਖ ਮੰਨਣ ਲਈ ਹੀ ਤਿਆਰ ਨਹੀਂ ਹੋਣਗੇ ਕਿਉਂਕਿ ਰਾਜਨੀਤੀ ਧਰਮ 'ਤੇ ਭਾਰੂ ਹੈ। ਮੈਂ ਸੁਣਿਆ ਹੈ ਕਿ ਸਵਰਗਵਾਸੀ ਬਜ਼ੁਰਗ ਨੇਤਾ ਹਰਦਿੱਤ ਸਿੰਘ ਭੱਠਲ ਇੱਕ ਅੰਮ੍ਰਿਤਧਾਰੀ ਸਿੱਖ ਸੀ ਜੋ ਕ੍ਰਿਪਾਨ ਵੀ ਪਹਿਨਦੇ ਸਨ ਪਰ ਉਹ ਵਿਚਾਰਧਾਰਕ ਤੌਰ 'ਤੇ ਖੱਬੇ-ਪੱਖੀ ਸੰਗਠਨ ਨਾਲ ਜੁੜੇ ਹੋਏ ਸਨ।

ਪੰਜਾਬੀ ਬੋਲੀ ਦੇ ਬਹੁਤ ਸਾਰੇ ਸ਼ਬਦ ਸੰਸਕ੍ਰਿਤ ਵਿਚੋਂ ਆਏ ਹਨ, ਇਸ ਵਿਚ ਕੋਈ ਦੋ ਰਾਵਾਂ ਨਹੀਂ ਪਰ ਸੰਕਲਪਕ ਤੌਰ 'ਤੇ ਵਿਆਖਿਆ ਆਪੋ ਆਪਣੀ ਹੈ। 'ਆਤਮਾ' ਅਤੇ 'ਬ੍ਰਹਮ' ਸ਼ਬਦ ਨੂੰ ਦੇਖੀਏ ਤਾਂ ਇਹ ਉਪਨਿਸ਼ਦਾਂ, ਭਾਰਤੀ ਛੇ ਸ਼ਾਸਤਰਾਂ ਵਿਚ ਵੀ ਆਇਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਪਰ ਸੰਕਲਪਕ ਤੌਰ 'ਤੇ ਸਿੱਖ ਧਰਮ ਚਿੰਤਨ ਵਿਚ ਇਸ ਦੀ ਪੂਰੀ ਕਾਇਆ-ਕਲਪ ਹੋ ਗਈ ਹੈ। ਇਸੇ ਤਰ੍ਹਾਂ ਆਸਤਕ ਅਤੇ ਨਾਸਤਕ ਸ਼ਬਦ ਹਨ। ਵੈਦਿਕ ਪਰੰਪਰਾ ਅਨੁਸਾਰ ਇਨ੍ਹਾਂ ਦੋ ਸ਼ਬਦਾਂ ਦਾ ਸਬੰਧ ਮਨੁੱਖ ਨਾਲ ਨਾ ਹੋ ਕੇ ਵੈਦਿਕ ਪਰੰਪਰਾ ਦੇ (ਅੱਜ ਕਲ੍ਹ ਦੇ ਮੁਹਾਵਰੇ ਅਨੁਸਾਰ ਹਿੰਦੂ ਧਰਮ ਦੇ) ਛੇ ਸ਼ਾਸਤਰਾਂ ਨਾਲ ਹੈ। ਵੱਖਰੇ ਵੱਖਰੇ ਦਾਰਸ਼ਨਿਕ ਸਿਧਾਂਤਾਂ ਦੇ ਮੁੱਦਈ ਹੋਣ ਦੇ ਬਾਵਜੂਦ ਇਨ੍ਹਾਂ ਛੇ ਸ਼ਾਸਤਰਾਂ ਲਈ ਵੇਦ ਅੰਤਮ ਅਥਾਰਟੀ ਹਨ ਭਾਵ ਇਹ ਵੇਦਾਂ ਵਿਚ ਆਸਥਾ ਰੱਖਦੇ ਹਨ, ਇਸ ਲਈ ਇਹ ਆਸਤਕ ਹਨ। ਚਾਰਵਾਕ, ਬੁੱਧ ਧਰਮ ਅਤੇ ਜੈਨ ਆਦਿ ਕਿਉਂਕਿ ਵੇਦਾਂ ਨੂੰ ਅਥਾਰਟੀ ਨਹੀਂ ਮੰਨਦੇ ਇਸ ਲਈ ਨਾਸਤਕ ਹਨ। ਇਸ ਲਈ ਵੇਦ-ਪਰੰਪਰਾ ਅਨੁਸਾਰ ਇਨ੍ਹਾਂ ਦੋ ਸ਼ਬਦਾਂ ਦਾ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਜਾਂ ਨਾ ਰੱਖਣ ਨਾਲ ਕੋਈ ਸਬੰਧ ਨਹੀਂ ਹੈ। ਵੇਦ ਤਾਂ ਹਨ ਹੀ ਬਹੁ-ਦੇਵਵਾਦੀ। ਪਰ ਪੰਜਾਬੀ ਵਿਚ ਆ ਕੇ ਇਨ੍ਹਾਂ ਦੋ ਸ਼ਬਦਾਂ ਦੇ ਅਰਥ ਬਦਲ ਗਏ ਹਨ ਅਤੇ ਪਰਮਾਤਮਾ ਵਿਚ ਵਿਸ਼ਵਾਸ ਰੱਖਣ ਜਾਂ ਨਾ ਰੱਖਣ ਨਾਲ ਜੁੜ ਜਾਂਦੇ ਹਨ।

ਅਸਲ ਵਿਚ ਇਹ ਦੋ ਸ਼ਬਦ, ਅੰਗਰੇਜ਼ੀ ਭਾਸ਼ਾ ਵਿਚ ਜਿਸ ਨੂੰ ਵਿਸ਼ਵਾਸੀ ਅਤੇ ਗ਼ੈਰ-ਵਿਸ਼ਵਾਸੀ (ਬਿਲੀਵਰ ਅਨਦ ਨੋਨ-ਬਲੀਵਰ) ਕਿਹਾ ਜਾਂਦਾ ਹੈ, ਦੇ ਅਰਥਾਂ ਵਿਚ ਵਰਤੇ ਜਾਂਦੇ ਹਨ। ਹਰ ਧਰਮ ਦਾ ਆਸਤਕ ਅਤੇ ਨਾਸਤਕ ਦਾ ਆਪਣਾ ਸੰਕਲਪ ਹੈ। ਈਸਾਈ ਧਰਮ ਅਨੁਸਾਰ 'ਰੱਬ' ਅਤੇ 'ਰੱਬ ਦੇ ਪੁੱਤਰ' ਈਸਾ ਵਿਚ ਵਿਸ਼ਵਾਸ ਕਰਨ ਵਾਲਾ ਬਿਲੀਵਰ ਹੈ, ਅਤੇ ਨਾ-ਕਰਨ ਵਾਲਾ ਹੀਥਨ ਹੈ। ਇਸੇ ਤਰ੍ਹਾਂ ਇਸਲਾਮ ਅਨੁਸਾਰ ਅੱਲਾ ਅਤੇ ਉਸ ਦੇ ਰਸੂਲ ਵਿਚ ਵਿਸ਼ਵਾਸ ਰੱਖਣ ਵਾਲਾ ਮੋਮਨ ਹੈ, ਨਾ-ਮੰਨਣ ਵਾਲਾ ਕਾਫਰ ਹੈ। ਭਾਵੇਂ ਆਸਤਕ ਅਤੇ ਨਾਸਤਕ ਪੰਜਾਬੀ ਭਾਸ਼ਾ ਵਿਚ ਆਮ ਬੋਲੇ ਜਾਣ ਵਾਲੇ ਸ਼ਬਦ ਹਨ ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਹ ਦੋਵੇਂ ਸ਼ਬਦ ਨਹੀਂ ਆਏ। ਗੁਰਮਤਿ ਅਨੁਸਾਰ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ: ਗੁਰਮੁਖਿ ਅਤੇ ਮਨਮੁਖਿ। ਜਿਹੜਾ ਗੁਰੂ ਦੇ ਦੱਸੇ ਰਸਤੇ 'ਤੇ ਚਲਦਾ ਹੈ, ਗੁਰੂ ਵੱਲ ਮੁੱਖ ਕਰਕੇ ਚਲਦਾ ਹੈ-ਉਹ ਗੁਰਮੁਖਿ ਹੈ ਅਤੇ ਜਿਹੜਾ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ, ਗੁਰੂ ਤੋਂ ਬੇਮੁਖ ਹੋ ਕੇ ਚੱਲਦਾ ਹੈ-ਮਨਮੁਖਿ ਹੈ। ਗੁਰੂ ਦਾ ਰਸਤਾ ਪਰਮਾਤਮਾ ਵੱਲ ਲੈ ਜਾਂਦਾ ਹੈ। ਗੁਰਮਤਿ ਅਨੁਸਾਰ ਮਿੱਠਤ ਅਤੇ ਨਿਮਰਤਾ ਦੋ ਬਹੁਤ ਵੱਡੇ ਗੁਣ ਹਨ। ਗੁਰੂ ਨੂੰ ਸੀਸ ਨਿਵਾਉਣਾ ਬਹੁਤ ਵੱਡੀ ਗੱਲ ਹੈ, ਨਿਵਣਾ ਨਿਮਰਤਾ ਦਾ ਪ੍ਰਤੀਕ ਹੈ। ਪਰ ਗੁਰੂ ਨੂੰ ਸੀਸ ਨਿਵਾ ਦੇਣਾ ਹੀ ਕਾਫੀ ਨਹੀਂ ਹੈ, ਗੁਰੂ ਦੇ ਦੱਸੇ ਰਸਤੇ 'ਤੇ ਚੱਲਣਾ ਵੀ ਲਾਜ਼ਮ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਪਾਤਿਸ਼ਾਹ ਨੇ ਸਪਸ਼ਟ ਕੀਤਾ ਹੈ,

ਸਭੁ ਕੋ ਨਿਵੈ ਆਪ ਕਉ  
ਪਰ ਕਉ ਨਿਵੈ ਨ ਕੋਇ॥  
ਧਰਿ ਤਾਰਾਜੂ ਤੋਲੀਐ  
ਨਿਵੈ ਸੁ ਗਉਰਾ ਹੋਇ॥  
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥  
ਸੀਸਿ ਨਿਵਾਇਐ ਕਿਆ ਥੀਐ  
ਜਾ ਰਿਦੈ ਕੁਸੁਧੇ ਜਾਹਿ॥ (ਪੰਨਾ 470)

ਸ਼ਬਦਾਂ ਦਾ ਸਬੰਧ ਬੋਲੀ ਨਾਲ ਹੁੰਦਾ ਹੈ ਅਤੇ ਬੋਲੀ ਕਿਸੇ ਵੀ ਖਿੱਤੇ ਦੀ ਸਾਂਝੀ ਹੁੰਦੀ ਹੈ। ਪੰਜਾਬੀ ਪੰਜਾਬ ਦੇ ਸਮੁੱਚੇ ਵਸਨੀਕਾਂ ਦੀ ਬੋਲੀ ਹੈ, ਇਹ ਮੁਸਲਮਾਨ, ਹਿੰਦੂ ਜਾਂ ਸਿੱਖ ਨਹੀਂ ਹੈ। ਹਰ ਬੰਦਾ ਸ਼ਰਧਾ ਅਨੁਸਾਰ ਆਪਣੇ ਗੁਰੂ ਦਾ ਨਾਮ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਕੋਈ ਬਾਬਾ ਨਾਨਕ ਕਹਿ ਕੇ ਯਾਦ ਕਰਦਾ ਹੈ, ਕੋਈ ਇਕੱਲਾ ਬਾਬਾ ਹੀ ਕਹਿੰਦਾ ਹੈ, ਕੋਈ ਗੁਰੂ ਨਾਨਕ ਦੇਵ ਜਾਂ ਗੁਰੂ ਨਾਨਕ ਸਾਹਿਬ ਕਹਿ ਕੇ ਯਾਦ ਕਰਦਾ ਹੈ। ਮੈਂ 1990 'ਚ ਟੋਰਾਂਟੋ ਯੂਨੀਵਰਸਿਟੀ ਵਿਚ ਹੋਏ ਸੈਮੀਨਾਰ 'ਚ ਪਰਚਾ ਪੜ੍ਹ ਰਹੀ ਸੀ ਜਿਸ ਦੀ ਪ੍ਰਧਾਨਗੀ ਡਾ. ਹਰਜਿੰਦਰ ਸਿੰਘ ਦਿਲਗੀਰ ਕਰ ਰਹੇ ਸਨ। ਪਰਚਾ ਅੰਗਰੇਜ਼ੀ ਵਿਚ ਸੀ (ਸਭ ਨੇ ਅੰਗਰੇਜ਼ੀ 'ਚ ਪਰਚੇ ਲਿਖੇ ਸਨ) ਅਤੇ ਮੈਂ 'ਸ੍ਰੀ ਗੁਰੂ ਨਾਨਕ ਦੇਵ ਜੀ' ਬੋਲਿਆ ਤਾਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਦਿਲਗੀਰ ਕਹਿੰਦੇ, 'ਸ੍ਰੀ' ਸ਼ਬਦ ਨਹੀਂ ਵਰਤਣਾ ਇਹ ਹਿੰਦੂਆਂ ਦਾ ਸ਼ਬਦ ਹੈ।

ਇੱਕ ਤੱਥ ਜੋ ਮੈਂ 'ਪੰਜਾਬ ਟਾਈਮਜ਼' ਦੇ ਪਾਠਕਾਂ ਅਤੇ ਸੰਪਾਦਕ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ, ਉਹ ਇਹ ਹੈ ਕਿ ਸਵਰਗੀ ਹਰਿੰਦਰ ਸਿੰਘ ਮਹਿਬੂਬ ਦੀ ਪਹਿਲੀ ਪੁਸਤਕ 'ਸਹਿਜੇ ਰਚਿਓ ਖਾਲਸਾ' ਦਾ ਵਿਮੋਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇੱਕ ਵੱਡੇ ਸੈਮੀਨਾਰ ਦੇ ਉਦਘਾਟਨੀ ਸਮਾਰੋਹ ਵਿਚ, ਉਸ ਵੇਲੇ ਦੇ ਮੁਖੀ ਡਾ. ਬਲਕਾਰ ਸਿੰਘ ਵੱਲੋਂ ਵਿਭਾਗ ਅਤੇ ਵੇਲੇ ਦੇ ਵਾਈਸ ਚਾਂਸਲਰ ਦੀ ਸਲਾਹ ਨਾਲ ਕੀਤਾ ਗਿਆ ਸੀ, ਜਿਸ ਦੇ ਸਟੇਜ ਸਕੱਤਰ ਵੀ ਡਾ. ਬਲਕਾਰ ਸਿੰਘ ਸਨ। ਇਸ ਦੀ ਸਿਫਾਰਸ਼ ਰਸ਼ਪਾਲ ਸਿੰਘ ਗਿੱਲ ਨੇ ਪ੍ਰੋ. ਹਰਪਾਲ ਸਿੰਘ ਪੰਨੂ ਨੂੰ ਨਹੀਂ, ਗੁਰਦਿਆਲ ਸਿੰਘ ਬੱਲ ਨੇ ਡਾ. ਬਲਕਾਰ ਸਿੰਘ ਨੂੰ ਕੀਤੀ ਸੀ ਅਤੇ ਇਸ 'ਤੇ ਬਹੁਤ ਵੱਡਾ ਇਕੱਠ ਹੋਇਆ ਸੀ। ਮਹਿਬੂਬ ਦੇ ਨੇੜਲੇ ਦੋਸਤਾਂ-ਮਿੱਤਰਾਂ ਨੂੰ ਨਾ ਸਿਰਫ ਸੱਦਿਆ ਗਿਆ ਸੀ ਸਗੋਂ ਉਨ੍ਹਾਂ ਨੇ ਮਹਿਬੂਬ ਬਾਰੇ ਅਤੇ ਪੁਸਤਕ ਬਾਰੇ ਸਟੇਜ ਤੋਂ ਸੰਖੇਪ ਭਾਸ਼ਣ ਵੀ ਦਿੱਤੇ। ਬੋਲਣ ਵਾਲਿਆਂ ਵਿਚ ਪ੍ਰਿੰ. ਅਮਰਜੀਤ ਸਿੰਘ ਪਰਾਗ, ਡਾ. ਦਲੀਪ ਕੌਰ ਟਿਵਾਣਾ, ਡਾ. ਗੁਰਭਗਤ ਸਿੰਘ, ਪ੍ਰੋ. ਕੁਲਵੰਤ ਗਰੇਵਾਲ ਅਤੇ ਡਾ. ਗੁਰਤਰਨ ਸਿੰਘ ਦੇ ਨਾਂ ਮੈਨੂੰ ਯਾਦ ਹਨ। ਜਿਥੋਂ ਤੱਕ ਮੈਨੂੰ ਯਾਦ ਹੈ, ਸੰਨ ਦੋ ਹਜ਼ਾਰ ਤੋਂ ਬਹੁਤ ਪਹਿਲਾਂ ਵਾਈਸ ਚਾਂਸਲਰ ਡਾ. ਭਗਤ ਸਿੰਘ ਦੇ ਸਮੇਂ ਇਹ ਸਮਾਰੋਹ ਹੋਇਆ ਸੀ, ਡਾ. ਜਸਵੀਰ ਸਿੰਘ ਆਹਲੂਵਾਲੀਆ ਦੇ ਸਮੇਂ ਨਹੀਂ। ਸ. ਗੁਰਦਿਆਲ ਸਿੰਘ ਬੱਲ ਨੂੰ ਇਸ ਸਮਾਰੋਹ ਦੀ ਸਫਲਤਾ ਦਾ ਏਨਾ ਚਾਅ ਸੀ ਕਿ ਰਾਤ ਦਾ ਖਾਣਾ, ਸਮੇਤ ਮਹਿਬੂਬ ਅਤੇ ਉਸ ਦੇ ਦੋਸਤਾਂ ਦੇ, ਅਰਬਨ ਅਸਟੇਟ ਆਪਣੀ ਕੋਠੀ ਵਿਚ ਰੱਖਿਆ ਸੀ ਅਤੇ 20-25 ਬੰਦਿਆ ਦਾ ਖਾਣਾ ਮੈਂ ਆਪਣੇ ਹੱਥੀਂ ਤਿਆਰ ਕੀਤਾ ਸੀ। ਇਸ ਵਿਚ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰਾਂ-ਕਰਮਜੀਤ ਸਿੰਘ ਅਤੇ ਦਲਜੀਤ ਸਰਾਂ, ਪੰਜਾਬੀ ਯੂਨੀਵਰਸਿਟੀ ਦੇ ਕੁੱਝ ਅਧਿਆਪਕਾਂ ਤੋਂ ਇਲਾਵਾ, ਮਹਿਬੂਬ ਦੇ ਦੋਸਤਾਂ ਵਿਚੋਂ ਡਾ. ਗੁਰਭਗਤ ਸਿੰਘ, ਹਰਦਿਲਜੀਤ ਸਿੰਘ ਸਿੱਧੂ (ਲਾਲੀ ਬਾਬਾ), ਡਾ. ਗੁਰਤਰਨ ਸਿੰਘ, ਰਸ਼ਪਾਲ ਸਿੰਘ ਗਿੱਲ ਅਤੇ ਪ੍ਰਿੰ. ਅਮਰਜੀਤ ਸਿੰਘ ਸ਼ਾਮਲ ਹੋਏ ਸੀ।

ਜਿਨ੍ਹਾਂ ਨੂੰ ਮਹਿਬੂਬ ਦੀ ਇਹ ਪੁਸਤਕ ਪਸੰਦ ਆਈ ਉਨ੍ਹਾਂ ਨੇ ਇਸ ਦੀ ਬੋਲੀ ਦਾ ਮੁਹਾਵਰਾ ਵੀ ਅਪਨਾਇਆ, ਕਈਆਂ ਨੇ ਇਸ ਦੀ ਗਲਤ ਵਰਤੋਂ ਵੀ ਕੀਤੀ ਅਤੇ ਕਈਆਂ ਨੇ ਵਿਰੋਧਤਾ ਵੀ ਕੀਤੀ ਹੋਵੇਗੀ ਜੋ ਕਿ ਸੁਭਾਵਕ ਹੈ, ਕਈ ਮੇਰੇ ਵਰਗਿਆਂ ਨੂੰ ਇਸ ਦੀ ਪੰਜਾਬੀ ਬੋਲੀ ਔਖੀ ਵੀ ਲੱਗੀ ਹੋਵੇਗੀ ਅਤੇ ਕਈਆਂ ਨੇ ਇਸ ਨੂੰ ਪੂਰੀ ਪੜ੍ਹਿਆ ਵੀ ਨਹੀਂ ਹੋਣਾ। ਦੂਸਰੀ ਪੁਸਤਕ 'ਝਨਾਂ ਦੀ ਰਾਤ' ਦਾ ਵਿਮੋਚਨ ਪੰਜਾਬੀ ਵਿਭਾਗ ਵੱਲੋਂ ਮੈਡਮ ਦਲੀਪ ਕੌਰ ਟਿਵਾਣਾ ਨੇ ਕਰਾਇਆ ਸੀ ਅਤੇ ਵਾਈਸ ਚਾਂਸਲਰ ਸ਼ਾਇਦ ਡਾ. ਐਚ. ਕੇ. ਮਨਮੋਹਣ ਸਿੰਘ ਸਨ।

**-ਡਾ. ਗੁਰਨਾਮ ਕੌਰ, ਕੈਨੇਡਾ**

## ਸੰਪਾਦਕ ਦੀ ਡਾਕ

# ਪੰਜਾਬੀ ਟ੍ਰਿਬਿਊਨ ਨਾਲ ਜੁੜੀਆਂ ਯਾਦਾਂ

ਅਮੋਲਕ ਭਾਅ ਜੀ,

ਤੁਹਾਡੇ ਲਈ ਮੇਰੇ ਮਨ ਵਿਚ ਪਹਿਲਾਂ ਹੀ ਬਹੁਤ ਸਤਿਕਾਰ ਹੈ, ਪਰ ਤੁਹਾਡੀਆਂ ਯੂਨੀਵਰਸਿਟੀ ਅਤੇ ਪੰਜਾਬੀ ਟ੍ਰਿਬਿਊਨ ਵਿਚ ਗੁਜ਼ਾਰੇ ਸਮੇਂ ਸਬੰਧੀ ਯਾਦਾਂ ਦੇ ਆਧਾਰ 'ਤੇ ਲਿਖੇ ਲੇਖਾਂ ਨੇ ਮੇਰੇ ਮਨ ਵਿਚ ਤੁਹਾਡਾ ਸਤਿਕਾਰ ਹੋਰ ਵੀ ਵਧਾ ਦਿੱਤਾ ਹੈ। ਤੁਹਾਡੀ ਦ੍ਰਿੜਤਾ, ਸਿਰੜ ਤੇ ਸਿਦਕ ਦਾ ਤਾਂ ਮੈਂ ਪਹਿਲਾਂ ਹੀ ਕਾਇਲ ਸਾਂ, ਹੁਣ ਤੁਹਾਡੀ ਦਲੇਰੀ, ਸਾਫਗੋਈ ਅਤੇ ਯਾਦ ਸ਼ਕਤੀ ਨੂੰ ਵੀ ਸਲਾਮ।

ਤੁਹਾਡੇ ਇਨ੍ਹਾਂ ਲੇਖਾਂ ਰਾਹੀਂ ਮੈਂ ਤੁਹਾਨੂੰ ਤਾਂ ਹੋਰ ਵਧੇਰੇ ਜਾਣਿਆ ਹੀ ਹੈ, ਤੁਹਾਡੇ ਰਾਹੀਂ ਪੰਜਾਬੀ ਟ੍ਰਿਬਿਊਨ ਦੇ ਸਾਰੇ ਸਟਾਫ, ਜਿਸ ਵਿਚ ਬਹੁਤੇ ਮੇਰੇ ਮਿੱਤਰ ਤੇ ਜਾਣੂ ਹਨ, ਨੂੰ ਧੁਰ ਅੰਦਰੋਂ ਜਾਣ ਗਿਆ ਹਾਂ। ਕਰਮਜੀਤ ਤੇ ਬੱਲ ਹੋਰਾਂ ਦੇ ਅਤਿ ਨਜ਼ਦੀਕ ਹੋਣ ਦੇ ਬਾਵਜੂਦ ਵੀ ਮੈਂ ਉਨ੍ਹਾਂ ਬਾਰੇ ਤੁਹਾਡੇ ਰਾਹੀਂ ਹੋਰ ਬਿਹਤਰ ਜਾਣ ਲਿਆ ਹੈ। ਤੁਸੀਂ ਪੰਜਾਬੀ ਟ੍ਰਿਬਿਊਨ ਦਾ ਤਾਂ ਪੂਰਾ ਇਤਿਹਾਸ ਹੀ ਚਿਤਰ ਦਿੱਤਾ ਹੈ। ਵੱਡੇ ਵੱਡੇ ਨਾਂਵਾਂ ਵਾਲੇ ਵਿਅਕਤੀਆਂ ਦੀ ਅਸਲੀਅਤ ਸਾਹਮਣੇ ਲਿਆ ਦਿੱਤੀ ਹੈ।

ਪੰਜਾਬ ਯੂਨੀਵਰਸਿਟੀ ਬਾਰੇ ਵੀ ਤੁਹਾਡੇ ਲੇਖ ਬਹੁਤ ਹੀ ਦਿਲਚਸਪ ਹਨ। ਮੈਨੂੰ ਸ਼ਾਇਦ ਇਸ ਕਰਕੇ ਵੀ ਚੰਗੇ ਲੱਗੇ ਹੋਣ ਕਿ ਹਰਜਿੰਦਰ ਦਿਲਗੀਰ, ਹਰਸਿਮਰਨ, ਹਰਪਾਲ ਬੰਗਾ ਅਤੇ ਡਾ. ਭਗਵਾਨ ਸਿੰਘ ਮੋਕਲ ਹੋਰਾਂ ਨਾਲ ਵੱਖ ਵੱਖ ਮੌਕਿਆਂ ਉਤੇ ਮੇਰੀ ਵੀ ਕਾਫੀ ਨੇੜਤਾ ਰਹੀ ਹੈ ਪਰ ਜਿਹੜੇ ਪਾਤਰਾਂ ਨੂੰ ਮੈਂ ਨਿਜੀ ਤੌਰ 'ਤੇ ਨਹੀਂ ਜਾਣਦਾ ਉਨ੍ਹਾਂ ਬਾਰੇ ਤੁਹਾਡੀਆਂ ਲਿਖਤਾਂ ਦਾ ਵੀ ਮੈਂ ਉਨਾ ਹੀ ਅਨੰਦ ਮਾਣਿਆ ਹੈ, ਖਾਸ ਕਰਕੇ 'ਕਮਲਿਆਂ ਦਾ ਟੱਬਰ' ਵਾਲੀ ਮਨਿੰਦਰ ਬਾਰੇ।

ਮੈਂ ਤੁਹਾਡੇ ਇਹ ਸਾਰੇ ਲੇਖ ਇਕੱਠੇ ਕਰਕੇ ਜਿਹੜੇ ਦੋਸਤਾਂ ਨੂੰ ਪੜ੍ਹਾਏ ਹਨ, ਉਨ੍ਹਾਂ ਸਾਰਿਆਂ ਨੇ ਹੀ ਸਲਾਹੇ ਹਨ। ਤੁਹਾਡਾ ਕੁਲੀਗ ਸਰਬਜੀਤ ਧਾਲੀਵਾਲ ਤਾਂ ਫਿਦਾ ਹੀ ਹੋ ਗਿਆ। ਅਖਬਾਰ ਪੰਜਾਬ ਟਾਈਮਜ਼ ਬਾਰੇ ਉਸ ਦਾ ਕਹਿਣਾ ਹੈ ਕਿ ਅਮੋਲਕ ਦਾ ਪਰਚਾ ਵੰਨਗੀ, ਰੌਚਿਕਤਾ ਤੇ ਬਹਿਸ ਦੇ ਮਿਆਰ ਪੱਖੋਂ ਬਹੁਤ ਹੀ ਅਮੀਰ ਹੈ। ਕਰਮਜੀਤ ਭਾਅ ਜੀ ਕਹਿੰਦੇ ਹਨ ਕਿ ਇਹ ਲੇਖ ਤੁਸੀਂ ਮੈਨੂੰ ਦੇ ਦਿਓ, ਮੈਂ ਪੜ੍ਹਾਂਗਾਂ ਵੀ, ਪਰਚੇ ਲਈ ਟਿੱਪਣੀ ਵੀ ਲਿਖ ਕੇ ਭੇਜਾਂਗਾ। ਜਗਤਾਰ (ਇੰਡੀਅਨ ਐਕਸਪ੍ਰੈਸ) ਦਾ ਕਹਿਣਾ ਸੀ ਕਿ ਅਮੋਲਕ ਦੀਆਂ ਲਿਖਤਾਂ ਨੇ ਸੁਆਦ ਲਿਆ ਦਿੱਤਾ ਹੈ। ਪਿਛਲੇ ਹਫਤੇ ਮੈਂ ਵਿਸ਼ੇਸ਼ ਤੌਰ ਉਤੇ ਪੰਜਾਬੀ ਟ੍ਰਿਬਿਊਨ ਜਾ ਕੇ ਆਪਣੀ ਜਾਣ ਪਛਾਣ ਵਾਲੇ ਨਵੇਂ ਆਏ ਮੁੰਡੇ-ਕੁੜੀਆਂ ਨੂੰ ਤਰਦੀਆਂ ਤਰਦੀਆਂ ਗੱਲਾਂ ਸੁਣਾ ਕੇ ਉਨ੍ਹਾਂ ਦੀ ਐਨੀ ਕੁ ਦਿਲਚਸਪੀ ਬਣਾ ਕੇ ਆਇਆ ਹਾਂ ਕਿ ਉਹ ਸਾਰੇ ਇਹ ਲੇਖ ਪੜ੍ਹਨਗੇ। ਮੇਘਾ ਸਿੰਘ ਦਾਨਗੜ੍ਹ (ਹੁਣ ਸਹਾਇਕ ਸੰਪਾਦਕ, ਪੰਜਾਬੀ ਟ੍ਰਿਬਿਊਨ) ਲਈ ਮੈਂ ਇਨ੍ਹਾਂ ਸਾਰੇ ਲੇਖਾਂ ਦਾ ਪ੍ਰਿੰਟ ਕੱਢ ਕੇ ਰੱਖਿਆ ਹੋਇਆ ਹੈ, ਉਹ ਹੁਣੇ ਹੀ ਆਉਣ ਵਾਲਾ ਹੈ। ਉਸ ਦੀ ਉਡੀਕ ਕਰਦਿਆਂ ਹੀ ਮੈਂ ਇਹ ਕੁਝ ਸਤਰਾਂ ਲਿਖ ਦਿੱਤੀਆਂ ਹਨ। ਤੁਹਾਡੀ ਸਿਹਤਯਾਬੀ ਲਈ ਦੁਆ ਕਰਦਾ ਹੋਇਆ,

ਤੁਹਾਡਾ

**-ਗੁਰਦਰਸ਼ਨ ਸਿੰਘ ਬਾਹੀਆ**  
**ਚੰਡੀਗੜ੍ਹ।**

---

## ਤੁਹਾਡੀਆਂ ਯਾਦਾਂ ਦੀ ਲੜੀ ਨੇ ਬੀਤੇ ਦਿਨ ਯਾਦ ਕਰਵਾਏ

ਤੁਹਾਡੀਆਂ (ਅਮੋਲਕ ਸਿੰਘ ਜੰਮੂ) ਦੀਆਂ ਯਾਦਾਂ ਲਗਾਤਾਰ ਛਪ ਰਹੀਆਂ ਹਨ। ਇਨ੍ਹਾਂ ਨੂੰ ਪੜ੍ਹ ਕੇ ਸਾਹਿਤਕ ਸੁਹਜ ਸੁਆਦ ਪ੍ਰਾਪਤ ਹੁੰਦਾ ਹੈ। ਐਤਕਾਂ 'ਪੰਜਾਬੀ ਟ੍ਰਿਬਿਊਨ' ਦੇ ਨਾਇਕਾਂ ਅਤੇ ਖਲਨਾਇਕਾਂ ਨਾਲ ਸੁਹਣੀ ਵਾਕਫੀ ਕਰਵਾਈ ਹੈ। ਇਨ੍ਹਾਂ ਸਾਰੇ ਚਿਹਰਿਆਂ ਵਿਚੋਂ ਮੇਰਾ ਨੇੜਲਾ ਸਬੰਧ ਕਰਮਜੀਤ ਸਿੰਘ ਅਤੇ ਗੁਰਦਿਆਲ ਬਲ ਨਾਲ ਰਿਹਾ ਹੈ। ਕਰਮਜੀਤ ਦੀ ਸ਼ਖਸੀਅਤ ਵਿਚ ਮਿਠਾਸ ਹੈ, ਪੜ੍ਹਨ ਅਤੇ ਲਿਖਣ ਦੀ ਰੁਚੀ ਹੈ। ਉਸ ਨਾਲ ਮੇਰਾ ਕਦੀ ਤਕਰਾਰ ਨਹੀਂ ਹੋਇਆ ਕਿਉਂਕਿ ਮੈਂ ਇਹ ਮੰਨ ਲਿਆ ਹੋਇਆ ਹੈ ਕਿ ਉਹ ਮੈਥੋਂ ਵੱਡਾ ਹੈ। ਗੁਰਦਿਆਲ ਬਲ ਵਰਗਾ ਕਿਤਾਬਾਂ ਦਾ ਸ਼ੈਦਾਈ ਮੈਨੂੰ ਹੋਰ ਕੋਈ ਨਹੀਂ ਦਿੱਸਿਆ। ਇਕ ਦਿਨ ਮੈਂ ਉਹਨੂੰ ਦੱਸਿਆ ਕਿ ਵਿਭਾਗ ਵਾਸਤੇ ਚੰਡੀਗੜ੍ਹ ਬ੍ਰਾਊਜ਼ਰ ਪਾਸੋਂ ਕਿਤਾਬਾਂ ਖਰੀਦਣ ਚੱਲਿਆ ਹਾਂ। ਬਲ ਨੇ ਦਰਜਨ ਕਿਤਾਬਾਂ ਦੇ ਟਾਈਟਲ ਲਿਖਵਾ ਦਿਤੇ ਤੇ ਕਿਹਾ-ਫਲਾਣੇ ਲੇਖਕ ਦੀ ਸਟਾਲਿਨ ਉਪਰ ਲਿਖੀ ਕਿਤਾਬ ਮੇਰੇ ਵਾਸਤੇ ਲਿਆਈਂ। ਮੈਂ ਕਿਹਾ-ਤੁਹਾਡੇ ਕੋਲ ਸਟਾਲਿਨ ਉਪਰ ਇਕ ਕਿਤਾਬ ਪਈ ਤਾਂ ਹੈ। ਜਵਾਬ ਸੀ-ਇਕ ਨਹੀਂ, 12 ਕਿਤਾਬਾਂ ਪਈਆਂ ਹਨ। ਮੈਂ ਕਿਹਾ-ਫੇਰ ਹੋਰ ਕਿਸ ਕਾਰਨ ਲੈਣੀ? ਉਹ ਹੱਸ ਪਿਆ, "ਸਟਾਲਿਨ ਨੂੰ ਮੈਂ ਦੁਨੀਆਂ ਦੇ ਅੱਜ ਤੱਕ ਦੇ ਇਤਿਹਾਸ ਵਿਚ ਇਨਸਾਨੀਅਤ ਦਾ ਸਭ ਤੋਂ ਵੱਡਾ ਮੁਜਰਮ ਸਮਝਦਾ ਹਾਂ। ਉਸ ਨੇ ਅਕਹਿ ਕਿਸਮ ਦੇ ਸਾਰੇ ਜ਼ੁਲਮ ਕਾਰਲ ਮਾਰਕਸ ਦੇ ਨਾਂ 'ਤੇ ਕੀਤੇ ਜਿਸ ਨੂੰ ਮੈਂ ਇਨਸਾਨੀਅਤ ਦਾ ਅੱਜ ਤੱਕ ਦਾ ਸਭ ਤੋਂ ਸੱਚਾ ਤੇ ਮਹਾਨ ਅਲੰਬਰਦਾਰ ਮੰਨਦਾ ਹਾਂ। ਕਾਲਜ ਦੇ ਦਿਨਾਂ ਤੋਂ ਹੀ ਮੇਰਾ ਇਹ ਵਿਸ਼ਵਾਸ ਪੱਕਾ ਹੋ ਗਿਆ ਸੀ। ਮੈਨੂੰ ਪਤਾ ਹੈ ਕਿ ਸਟਾਲਿਨ ਵਰਗਾ ਕਰੂਕ, ਕਾਮਰੇਡ ਲੈਨਿਨ ਦੇ ਤੌਖਲਿਆਂ ਦਾ ਕਿਸ ਤਰ੍ਹਾਂ ਲਾਹਾ ਲੈ ਕੇ ਸੱਤਾ ਹਥਿਆ ਗਿਆ ਸੀ। ਫਿਰ ਵੀ ਮੈਂ ਚੰਗੀ ਤਰ੍ਹਾਂ ਜਾਣਨਾ ਚਾਹੁੰਦਾ ਹਾਂ ਕਿ ਉਹ ਮਾਰਕਸ ਵਰਗੇ ਪੈਗੰਬਰ ਦੇ ਚਿੰਤਨ ਦੀਆਂ ਜੜ੍ਹਾਂ ਅੰਦਰ ਇੰਨਾ ਲੰਮਾ ਸਮਾਂ ਤੇਲ ਦੇਣ ਵਿਚ ਕਿਵੇਂ ਕਾਮਯਾਬ ਰਿਹਾ। ਇਸ ਲਈ ਸਟਾਲਿਨ ਬਾਰੇ ਲਿਖੀ ਜਾਣ ਵਾਲੀ ਹਰ ਨਵੀਂ ਕਿਤਾਬ ਪੜ੍ਹਨ ਦੀ ਕੋਸ਼ਿਸ਼ ਮੈਂ ਸਦਾ ਕਰਦਾ ਰਹਾਂਗਾ। ਇਹ ਮੇਰੀ ਜ਼ਿੰਦਗੀ ਦੇ ਕੇਂਦਰੀ ਸਰੋਕਾਰਾਂ ਵਿਚੋਂ ਇਕ ਹੈ।" ਜਿਨ੍ਹਾਂ ਵਡੇਰਿਆਂ ਉਪਰ ਮੈਂ ਕਿਤਾਬਾਂ ਲਿਖੀਆਂ, ਉਨ੍ਹਾਂ ਵਿਚੋਂ ਬਹੁਤਿਆਂ ਵਾਸਤੇ ਸਮੱਗਰੀ ਮੈਨੂੰ ਬਲ ਕੋਲੋਂ ਮਿਲੀ।

ਤੁਹਾਡਾ ਡਾ. ਦਿਲਗੀਰ ਨਾਲ ਨੇੜਤੇ ਦੇ ਦਿਨ ਵਾਲਾ ਕਾਲਮ ਵੀ ਦਿਲਚਸਪ ਸੀ। ਜਿਨ੍ਹੀਂ ਦਿਨੀਂ ਤੁਸੀਂ ਡਾ. ਦਿਲਗੀਰ ਨਾਲ ਰਹਿ ਰਹੇ ਸੀ, ਉਨ੍ਹੀਂ ਦਿਨੀਂ ਹੀ ਮੈਂ ਡਾ. ਭਗਵਾਨ ਸਿੰਘ ਮੋਕਲ ਦਾ ਰੂਮਮੇਟ ਸਾਂ। ਨਿਰੰਕਾਰੀ ਬਾਬੇ ਗੁਰਬਚਨ ਸਿੰਘ ਦੇ ਕਤਲ ਵਾਲੀ ਖਬਰ ਜਿਸ ਤਰ੍ਹਾਂ ਰਾਤ ਨੂੰ ਜਗਾ ਕੇ ਡਾ. ਦਿਲਗੀਰ ਨੇ ਤੁਹਾਨੂੰ ਸੁਣਾਈ ਸੀ ਅਤੇ ਇਸ ਬਾਰੇ ਤੁਹਾਡਾ ਜੋ ਪ੍ਰਤੀਕਰਮ ਹੋਇਆ, ਉਸ ਦਿਲਚਸਪ ਸੀ। ਸੱਚ ਤਾਂ ਇਹ ਹੈ ਕਿ ਉਹ ਖ਼ਬਰ ਬਾਹਲੇ ਸਿੱਖਾਂ ਨੇ ਇਕ-ਦੂਜੇ ਨੂੰ ਇਸੇ ਤਰ੍ਹਾਂ ਸੁਣਾਈ ਸੀ।

ਡਾ. ਗੁਰਤਰਨ ਸਿੰਘ ਦੇ ਲੇਖ ਉਪਰ ਜਿਹੜਾ ਮੇਰਾ ਪ੍ਰਤੀਕਰਮ ਛਪਿਆ ਹੈ, ਉਸ ਵਿਚ ਇਕ ਗਲਤੀ ਹੋ ਗਈ। ਮੇਰੇ ਰਾਹੀਂ ਮਹਿਬੂਬ ਸਾਹਿਬ ਦੀ ਜਿਹੜੀ ਕਿਤਾਬ ਰਿਲੀਜ਼ ਹੋਈ ਸੀ, ਉਹ 'ਸਹਿਜੇ ਰਚਿਓ ਖਾਲਸਾ' ਨਹੀਂ, 'ਇਲਾਹੀ ਨਦਰ ਦੇ ਪੈਂਡੇ' ਸੀ। ਇਸ ਭੁਲ ਲਈ ਪਾਠਕਾਂ ਤੋਂ ਖਿਮਾ ਦਾ ਜਾਚਕ ਹਾਂ।

**-ਹਰਪਾਲ ਸਿੰਘ ਪੰਨੂ (ਪ੍ਰੋ)**  
**ਪਟਿਆਲਾ।**

---

## ਸਿਰੋਪਾਓ ਦੀ ਗੱਲ

ਸੰਪਾਦਕ ਜੀ,

ਸਭ ਤੋਂ ਪਹਿਲਾਂ ਪੰਜਾਬ ਟਾਈਮਜ਼ ਨੂੰ ਇੰਨੀਆਂ ਉਚਾਈਆਂ 'ਤੇ ਲੈ ਜਾਣ ਲਈ ਤੁਹਾਨੂੰ ਦਿਲੋਂ ਵਧਾਈ। ਮੇਰਾ ਵਿਸ਼ਵਾਸ ਹੈ ਕਿ ਇਸ ਸਮੇਂ ਪੰਜਾਬ ਟਾਈਮਜ਼ ਦੁਨੀਆਂ ਭਰ ਦਾ ਸਭ ਤੋਂ ਵਧੀਆ ਹਫਤਾਵਾਰ ਪੰਜਾਬੀ ਅਖਬਾਰ ਹੈ। ਖਬਰਾਂ ਦੀਆਂ ਸੁਰਖੀਆਂ, ਸ਼ਬਦਾਂ ਦੀ ਚੋਣ ਅਤੇ ਨਿਰਪੱਖ ਪਹੁੰਚ ਇਸ ਅਖਬਾਰ ਨੂੰ ਸੱਚਮੁੱਚ ਹੀ ਬੇਲਾਗ ਤੇ ਬੇਬਾਕ ਸਾਬਤ ਕਰਦੀਆਂ ਹਨ। ਇਸ ਵਿਚ ਛਪਦੇ ਵੱਖ ਵੱਖ ਮੁੱਦਿਆਂ ਬਾਰੇ ਲੇਖ ਹਰ ਅੰਕ ਨੂੰ ਇਕ ਵਿਲੱਖਣ ਅੰਕ ਬਣਾਉਂਦੇ ਹਨ। ਇਸ ਸਮੇਂ ਛਪਦੇ ਕਈ ਹੋਰ ਪੰਜਾਬੀ ਅਖਬਾਰਾਂ ਦੇ ਉਲਟ ਇਸ ਵਿਚ ਲੱਚਰਪੁਣਾ, ਹਲਕੇ ਪੱਧਰ ਦੇ ਦੋਸ਼ ਅਤੇ ਲੋਕਾਂ ਨੂੰ ਸਿਰਫ ਠੱਗਣ ਵਾਲੇ ਇਸ਼ਤਿਹਾਰ ਨਹੀਂ ਛਪਦੇ। ਮੈਂ ਪੰਜਾਬ ਟਾਈਮਜ਼ ਨਾਲ ਸ਼ੁਰੂ ਤੋਂ ਹੀ ਜੁੜਿਆ ਹੋਇਆ ਹਾਂ ਅਤੇ ਮੇਰਾ ਯਕੀਨ ਹੈ ਕਿ ਇਕ ਸੰਪਾਦਕ ਦੇ ਤੌਰ 'ਤੇ ਤੁਸੀਂ ਉਹ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ ਜਿਨ੍ਹਾਂ ਦੀ ਕਿਸੇ ਜ਼ਿੰਮੇਵਾਰ ਸੰਪਾਦਕ ਤੋਂ ਆਸ ਕੀਤੀ ਜਾਂਦੀ ਹੈ।

ਮੈਂ ਇਸ ਖਤ ਰਾਹੀਂ ਸਿੱਖ ਪੰਥ ਵਿਚ 'ਸਿਰੋਪਾਓ' ਦੇ ਸਨਮਾਨ ਦੀ ਗੱਲ ਕਰਨੀ ਚਾਹੁੰਦਾ ਹਾਂ। ਸਿਰੋਪਾਓ ਉਸ ਸਿੱਖ ਨੂੰ ਗੁਰੂ ਦੀ ਬਖਸ਼ਿਸ਼ ਵਜੋਂ ਬਖਸ਼ਿਆ ਜਾਂਦਾ ਹੈ ਜਿਸ ਨੇ ਭਾਈਚਾਰੇ ਲਈ ਕੋਈ ਨਿਸ਼ਕਾਮ ਸੇਵਾ ਕੀਤੀ ਹੋਵੇ। ਇਹ ਇਕ ਤਰ੍ਹਾਂ ਗੁਰੂ ਪ੍ਰਤੀ ਤੁਹਾਡੀ ਨਿਸ਼ਕਾਮ ਸੇਵਾ ਨੂੰ ਗੁਰੂ ਦੀਆਂ ਨਜ਼ਰਾਂ ਵਿਚ ਮਾਨਤਾ ਸੀ। ਇਹ ਇਕ ਬਹੁਤ ਵੱਡਾ ਮਾਣ ਸੀ ਜੋ ਗੁਰੂ ਤੋਂ ਹਾਸਲ ਕਰਕੇ ਹਾਸਲ ਕਰਨ ਵਾਲਾ ਧੰਨ ਧੰਨ ਹੋ ਜਾਂਦਾ ਸੀ ਪਰ ਅਜੋਕੇ ਯੁਗ ਵਿਚ ਸਿਰੋਪਾਓ ਮਹਿਜ ਇਕ ਰਸਮ ਬਣ ਕੇ ਰਹਿ ਗਏ ਹਨ। ਇਸ ਦੀ ਸਿਆਸੀ ਮਨੋਰਥਾਂ ਲਈ ਵਰਤੋਂ ਨੇ ਇਸ ਦੀ ਅਹਿਮੀਅਤ ਨੂੰ ਸੱਟ ਮਾਰੀ ਹੈ। ਅੱਜ ਗੁਰੂ ਘਰਾਂ ਵਿਚ ਹਰ ਐਰੇ-ਗੈਰੇ, ਨੱਥੂ ਖੈਰੇ ਨੂੰ ਸਿਰੋਪਾਓ ਦਿੱਤਾ ਜਾ ਰਿਹਾ ਹੈ, ਸਿਰਫ ਤੇ ਸਿਰਫ ਸਿਆਸੀ ਮਨੋਰਥਾਂ ਲਈ। ਉਨ੍ਹਾਂ ਸਿਆਸਤਦਾਨਾਂ ਨੂੰ ਵੀ ਸਿਰੋਪਾਓ ਦਿੱਤਾ ਜਾ ਰਿਹਾ ਹੈ ਜੋ ਸਿਵਾਏ ਝੂਠ ਬੋਲਣ ਤੇ ਨਿੱਤ ਦਿਹਾੜੇ ਪਾਰਟੀਆਂ ਬਦਲਣ ਤੋਂ ਵੱਧ ਕੁਝ ਨਹੀਂ ਕਰਦੇ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਇਹ ਸਿਰੋਪਾਓ ਅੰਮ੍ਰਿਤਧਾਰੀ ਸਿੱਖਾਂ ਹੱਥੋਂ ਉਨ੍ਹਾਂ ਲੋਕਾਂ ਨੂੰ ਵੀ ਦੁਆਇਆ ਜਾ ਰਿਹਾ ਹੈ ਜੋ ਸਿੱਖੀ ਦੇ ਵਿਰੁਧ ਭੁਗਤਦੇ ਆਏ ਹਨ ਜਾਂ ਜਿਨ੍ਹਾਂ ਦੇ ਜੀਵਨ ਵਿਚ ਸਿੱਖੀ ਵਾਲੀ ਕੋਈ ਗੱਲ ਹੀ ਨਹੀਂ। ਸਾਡੇ ਜਥੇਦਾਰ ਇਨ੍ਹਾਂ ਗੱਲਾਂ ਬਾਰੇ ਸਿਰਫ ਚੁੱਪ ਹੀ ਨਹੀਂ ਸਗੋਂ ਮੀਸਣੇ ਬਣ ਕੇ ਇਹ ਸਭ ਕੁਝ ਦੇਖੀ ਜਾ ਰਹੇ ਹਨ। ਡਰ ਲੱਗਦਾ ਹੈ ਕਿ ਸਿੱਖ ਪੰਥ, ਸਿੱਖ ਧਰਮ ਕਿੱਧਰ ਨੂੰ ਜਾ ਰਿਹਾ ਹੈ? ਇਹ ਸਭ ਕੀ ਹੋ ਰਿਹਾ ਹੈ? ਕੀ ਸਾਡੇ ਸਿਆਸਤਦਾਨ ਅਤੇ ਜਥੇਦਾਰ ਇਹ ਦੱਸਣਗੇ ਕਿ ਉਨ੍ਹਾਂ ਨੂੰ ਸਿਰੋਪਾਓ ਦੀ ਅਹਿਮੀਅਤ ਬਾਰੇ ਸਾਡੇ ਗੁਰੂ ਸਾਹਿਬਾਨ ਤੋਂ ਵੱਧ ਪਤਾ ਹੈ? ਮੈਨੂੰ ਆਪਣੇ ਸਿੱਖ ਹੋਣ ਉਪਰ ਮਾਣ ਹੈ ਪਰ ਨਾਲ ਹੀ ਇਹ ਦੁੱਖ ਵੀ ਹੁੰਦਾ ਹੈ ਕਿ ਕੀ ਅਸੀਂ ਸਾਰੇ ਸਿੱਖ ਇਹ ਸਭ ਕੁਝ ਮੂਕ ਦਰਸ਼ਕ ਬਣ ਕੇ ਹੀ ਦੇਖਦੇ ਰਹਾਂਗੇ, ਗਲਤ ਹੋ ਰਹੇ ਇਸ ਸਭ ਦਾ ਵਿਰੋਧ ਨਹੀਂ ਕਰਾਂਗੇ?

**-ਠਾਕਰ ਸਿੰਘ ਬਸਾਤੀ**  
**ਸ਼ਿਕਾਗੋ।**

---

### ਅੱਜ ਘਟਾ ਛਾਈ

ਅੱਜ ਘਟਾ ਛਾਈ ਇਸ ਤਰ੍ਹਾਂ।  
ਤੇਰੀ ਜ਼ੁਲਫ਼ ਲਹਿਰਾਈ ਜਿਸ ਤਰ੍ਹਾਂ।  
ਬਿਜਲੀ ਲਿਸ਼ਕੀ ਕੁਝ ਇਸ ਤਰ੍ਹਾਂ,  
ਤੂੰ ਨਜ਼ਰ ਉਠਾਈ ਜਿਸ ਤਰ੍ਹਾਂ।  
ਫੁੱਲ ਵਰਖਾ 'ਚ ਖਿੜੇ ਇਸ ਤਰ੍ਹਾਂ,  
ਹੋਵੇਂ ਤੂੰ ਮੁਸਕਾਈ ਜਿਸ ਤਰ੍ਹਾਂ।  
ਕੋਇਲਾਂ ਗਾਵਣ ਪਈਆਂ ਇਸ ਤਰ੍ਹਾਂ,  
ਤੂੰ ਗੁਣਗੁਣਾਈ ਜਿਸ ਤਰ੍ਹਾਂ।  
ਤਾਰੇ ਚਮਕੇ ਅਸਮਾਨੀਂ ਇਸ ਤਰ੍ਹਾਂ,  
ਤੂੰ ਚੁੰਨੀ ਫੈਲਾਈ ਜਿਸ ਤਰ੍ਹਾਂ।

**-ਬਲਕਾਰ ਦਾਨਿਸ਼**

# ਮੁੜ ਆ ਗਈ ਦੀਵਾਲੀ

ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਜਿਵੇਂ ਮੁਸਲਮਾਨ ਭਰਾਵਾਂ ਲਈ ਈਦ ਤੇ ਈਸਾਈਆਂ ਲਈ ਕ੍ਰਿਸਮਸ ਹੈ, ਬਿਲਕੁਲ ਇਵੇਂ ਹੀ ਹਿੰਦੂ ਅਤੇ ਸਿੱਖ ਭਾਈਚਾਰੇ ਦਾ ਸਾਂਝਾ ਤਿਉਹਾਰ ਦੀਵਾਲੀ ਹੈ। ਇਹ ਤਿਉਹਾਰ ਪਹਿਲਾਂ ਹਿੰਦੂ ਧਰਮ ਵਿਚ ਉਦੋਂ ਪ੍ਰਚਲਿਤ ਹੋਇਆ ਜਦੋਂ ਸ੍ਰੀ ਰਾਮ ਚੰਦਰ ਚੌਦਾਂ ਸਾਲਾਂ ਦਾ ਬਨਵਾਸ ਕੱਟ ਕੇ ਅਯੁੱਧਿਆ ਪਰਤੇ ਸਨ ਅਤੇ ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ਉਥੋਂ ਦੇ ਵਸਨੀਕਾਂ ਨੇ ਘਿਉ ਦੇ ਦੀਵੇ ਬਾਲ ਕੇ ਦੀਪਮਾਲਾ ਕੀਤੀ ਸੀ। ਸਮਾਂ ਪਾ ਕੇ ਇਹ ਪਰੰਪਰਾ ਹਿੰਦੂ ਧਰਮ ਵਿਚ ਵੱਡੇ ਤਿਉਹਾਰ ਦਾ ਰੂਪ ਧਾਰਨ ਕਰ ਗਈ। ਇਸ ਤਿਉਹਾਰ ਨਾਲ ਸਿੱਖ ਭਾਈਚਾਰੇ ਦੀ ਸਾਂਝ ਉਦੋਂ ਬਣੀ ਜਦੋਂ ਇਸੇ ਦਿਨ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਰਾਏ ਗਵਾਲੀਅਰ ਦੇ ਕਿਲੇ ਦੀ ਕੈਦ ਵਿਚੋਂ ਬਾਈ ਧਾਰ ਦੇ ਰਾਜਿਆਂ ਸਮੇਤ ਬਾਹਰ ਆ ਕੇ ਹਰਮਿੰਦਰ ਸਾਹਿਬ, ਅੰਮ੍ਰਿਤਸਰ ਪਹੁੰਚੇ ਸਨ। ਇਸ ਬੰਦੀਛੋੜ ਦਿਵਸ 'ਤੇ ਸਿੱਖਾਂ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਹਰਮਿੰਦਰ ਸਾਹਿਬ ਵਿਖੇ ਦੀਵੇ ਜਗਾ ਕੇ ਕੀਤਾ। ਉਸੇ ਦਿਨ ਤੋਂ ਹੀ ਇਹ ਤਿਉਹਾਰ ਸਿੱਖਾਂ ਤੇ ਹਿੰਦੂਆਂ ਦਾ ਸਾਂਝਾ ਬਣ ਗਿਆ।

ਨਰਾਤੇ ਸ਼ੁਰੂ ਹੋਣ 'ਤੇ ਹਰ ਸ਼ਹਿਰ-ਮੁਹੱਲੇ ਵਿਚ ਰਾਮਲੀਲ੍ਹਾ ਆਰੰਭ ਹੋ ਜਾਂਦੀ ਹੈ ਤੇ ਫਿਰ ਦਸਹਿਰਾ। ਦਸਹਿਰੇ ਤੋਂ ਵੀਹ ਦਿਨ ਮਗਰੋਂ ਆਉਣ ਵਾਲੀ ਦੀਵਾਲੀ ਦੇ ਚਾਅ ਵਿਚ ਘਰਾਂ ਦੀਆਂ ਸਫ਼ਾਈਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਰੰਗ-ਰੋਗਨ, ਕਲੀ ਕਰ ਕੇ ਘਰ ਸਜਾਏ ਜਾਂਦੇ ਹਨ। ਕੱਚੇ ਘਰ ਅਤੇ ਵਿਹੜੇ ਗੋਹੇ ਵਿਚ ਗਾਰੇ ਰਲਾ ਕੇ ਲਿੱਪੇ ਜਾਂਦੇ ਹਨ। ਲੜੀਆਂ ਬਨੇਰਿਆਂ 'ਤੇ ਨਜ਼ਰ ਆਉਣ ਲਗਦੀਆਂ ਹਨ। ਘਰਾਂ ਵਿਚ ਖੋਏ ਦੀਆਂ ਪਿੰਨੀਆਂ, ਲੱਡੂ, ਗੁਲਗਲੇ, ਕਚੌਰੀਆਂ ਬਣਦੇ ਹਨ। ਬਾਜ਼ਾਰਾਂ ਵਿਚ ਮਿਠਾਈਆਂ, ਪਟਾਕੇ ਤੇ ਫੁਲਝੜੀਆਂ ਆਦਿ ਨਾਲ ਦੁਕਾਨਾਂ ਸਜੀਆਂ ਹੁੰਦੀਆਂ ਹਨ। ਦੀਵਾਲੀ ਵਾਲੀ ਰਾਤ ਬਨੇਰਿਆਂ 'ਤੇ ਜਗਦੇ ਦੀਵੇ ਅਤੇ ਮੋਮਬੱਤੀਆਂ ਭੁਲੇਖਾ ਪਾਉਂਦੇ ਹਨ ਜਿਵੇਂ ਤਾਰਿਆਂ ਨਾਲ ਖਿੜਿਆ ਆਸਮਾਨ ਧਰਤੀ ਉਤੇ ਉਤਰ ਆਇਆ ਹੋਵੇ। ਰਾਤ ਸਮੇਂ ਲੱਛਮੀ ਦੀ ਪੂਜਾ ਕੀਤੀ ਜਾਂਦੀ ਹੈ,

ਲੈ ਖੁਸ਼ੀਆਂ ਆਉਂਦਾ ਏ,
ਇਹ ਦਿਨ ਦੀਵਾਲੀ ਦਾ।
ਸਭ ਨੂੰ ਹੀ ਇੰਤਜ਼ਾਰ ਹੁੰਦਾ,
ਇਸ ਕਰਮਾਂ ਵਾਲੀ ਦਾ।
ਦੀਪਮਾਲਾ ਦਿਨ ਬਣਾ ਦਿੰਦੀ,
ਇਸ ਰਾਤ ਕਾਲੀ ਦਾ।
ਹਰ ਦਿਸ਼ਾ ਪਸਾਰਾ ਲੱਗਦਾ ਏ,
ਸੂਰਜ ਦੀ ਲਾਲੀ ਦਾ।
ਬੂਟਾ ਘਰ-ਘਰ ਵਿਚ ਉਗਾਈਏ,
ਖੁਸ਼ੀਆਂ ਦੀ ਟਾਹਲੀ ਦਾ।
ਫੁੱਲ 'ਨਿੰਮਿਆ' ਖਿਲੇ ਹਰ ਸਾਲ,
ਹਰ ਇਕ ਦੀ ਡਾਲੀ ਦਾ।
ਹੋਵੇ ਸਭਨਾਂ ਲਈ ਮੁਬਾਰਕਵਾਦ,
ਇਹ ਦਿਨ ਦੀਵਾਲੀ ਦਾ।

ਪਰਦੇਸਾਂ ਦੀ ਧਰਤੀ 'ਤੇ ਵਿਛੋੜੇ ਦੀ ਘੁਲਾੜੀ ਪਿੜ ਰਹੇ ਪਰਦੇਸੀਆਂ ਲਈ ਦੀਵਾਲੀ ਹੋਰ ਤਰ੍ਹਾਂ ਆਉਂਦੀ ਹੈ। ਉਨ੍ਹਾਂ ਦੀਆਂ ਹੂਰਾਂ ਵੀ ਉਨ੍ਹਾਂ ਤੋਂ ਦੂਰ ਉਸੇ ਵਿਛੋੜੇ ਦੀ ਪਿੰਜਣੀ ਵਿਚ ਪਿੰਜ ਹੋ ਰਹੀਆਂ ਹੁੰਦੀਆਂ ਹਨ। ਇੰਜ ਲੱਗਦਾ ਹੈ ਕਿ ਦੀਵਾਲੀ ਉਨ੍ਹਾਂ ਦੇ ਦਿਲਾਂ ਦੇ ਜ਼ਖ਼ਮਾਂ ਨੂੰ ਕੁਰੇਦਣ ਲਈ ਆਉਂਦੀ ਹੈ। ਅਸਲ ਵਿਚ ਉਨ੍ਹਾਂ ਦੇ ਸੁੱਤੇ ਪਏ ਦਰਦ ਵੀ ਇਸ ਦਿਨ ਜਾਗ ਪੈਂਦੇ ਹਨ। ਲੰਘੀ ਦੀਵਾਲੀ ਉਤੇ ਆਉਣ ਵਾਲੀ ਦੀਵਾਲੀ 'ਤੇ ਪਿੰਡ ਪਰਤਣ ਦਾ ਕੀਤਾ ਵਾਅਦਾ ਜ਼ਖ਼ਮ ਤਾਜ਼ੇ ਕਰ ਦਿੰਦਾ ਹੈ। ਉਡਾਰੀ ਨਾ ਭਰ ਸਕਣ ਦਾ ਦਰਦ ਸਿਰਫ਼ ਉਹੀ ਪੰਛੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਪੰਛੀਆਂ ਦੇ ਖੰਭ ਝੜ ਗਏ ਹੋਣ। ਅਜਿਹੇ ਪਰਿੰਦਿਆਂ ਜਿਹੀ ਹੀ ਹੈ ਦਾਸਤਾਨ ਉਨ੍ਹਾਂ ਪਰਦੇਸੀ ਵੀਰਾਂ ਦੀ ਜੋ ਗਰੀਨ ਕਾਰਡਾਂ ਲਈ ਰਾਹਾਂ ਵਿਚ ਨਜ਼ਰਾਂ ਵਿਛਾਈ ਬੈਠੇ ਨਜ਼ਰਾਂ ਵੀ ਧੁੰਦਲੀਆਂ ਕਰ ਬੈਠੇ ਹਨ। ਸਭ ਮਜਬੂਰੀ ਵੱਸ ਅੰਦਰ ਵੜ-ਵੜ ਰੋਂਦੇ ਹਨ। ਦੀਵਾਲੀ ਵਾਲੇ ਦਿਨ ਟਰੱਕਾਂ ਵਾਲੇ ਅਮਰੀਕਾ ਦੇ ਇਕ ਖੂੰਜੇ ਤੋਂ ਦੂਜੇ ਖੂੰਜੇ ਨੂੰ ਤੁਰੇ ਹੁੰਦੇ ਹਨ ਅਤੇ ਟੈਕਸੀ ਵਾਲੇ ਆਪਣੀਆਂ ਸ਼ਿਫ਼ਟਾਂ 'ਤੇ ਚੜ੍ਹੇ ਹੁੰਦੇ ਹਨ। ਇਸੇ ਤਰ੍ਹਾਂ ਪੰਪਾਂ, ਸਟੋਰਾਂ ਵਾਲੇ ਨਿੱਤ ਵਾਂਗ ਬਾਰਾਂ ਘੰਟੇ ਖੜ੍ਹੀ ਲੱਤ ਹੁੰਦੇ ਹਨ। ਸ਼ਾਮ ਨੂੰ ਘਰੇ ਚਾਰ ਦੀਵੇ ਜਗ੍ਹਾ ਕੇ ਜਾਂ ਬਾਹਰ ਖੁੱਲ੍ਹੀ ਥਾਂ ਜਾ ਕੇ ਚਾਰ ਪਟਾਕੇ ਚਲਾ ਕੇ ਰਸਮ ਜ਼ਰੂਰ ਪੂਰੀ ਕਰ ਲੈਂਦੇ ਹਨ। ਵਿਛੋੜੇ ਵਾਲਾ ਦਰਦ ਹੰਢਾਉਣ ਵਾਲਿਆਂ ਦੇ ਦਿਲ ਵਿਚੋਂ ਇਹੋ ਹੂਕ ਨਿਕਲਦੀ ਹੈ,

ਬਣ ਜੋਕਾਂ ਚਿਮੜੇ ਨੇ,
ਇਥੇ ਫਿਕਰ ਕਮਾਈਆਂ ਦੇ।
ਉਤੋਂ ਘੁਣ ਬਣ ਖਾਂਦੇ ਨੇ,
ਸਾਨੂੰ ਦਰਦ ਜੁਦਾਈਆਂ ਦੇ।
'ਆ ਜਾ ਪੁੱਤ' ਸੁਨੇਹੇ ਮਾਂ ਘੱਲੇ,
ਹੱਥ ਸੱਜਣੋਂ ਰਾਈਆਂ ਦੇ।
ਢੁੱਕ ਚੱਲੇ ਚਾਲੀਆਂ ਨੂੰ,
ਇਥੇ ਆਏ ਸਾਂ ਬਾਈਆਂ ਦੇ।
ਦੱਸੋ ਕੌਣ ਭਰੂ ਹਰਜਾਨੇ,
ਇਥੇ ਉਮਰਾਂ ਗਵਾਈਆਂ ਦੇ।
ਚਿਹਰੇ ਭੁੱਲਦੇ ਜਾਂਦੇ ਨੇ,
ਪਿਉ, ਭੈਣਾਂ ਭਾਈਆਂ ਦੇ।
ਪਰ ਚੇਤੇ ਨਾ ਭੁੱਲਦੇ,
ਮਾਂ ਤੇ ਚਾਚੀਆਂ ਤਾਈਆਂ ਦੇ।
ਖਿਆਲ ਪਲ ਨਾ ਵੱਖ ਹੋਵਣ,
ਵਿਆਹ ਕੇ ਛੱਡ ਕੇ ਆਈਆਂ ਦੇ।
ਸਹਿਣੇ ਔਖੇ ਨਾ ਵਿਛੋੜੇ,
'ਨਿੰਮਿਆ' ਲੜ ਲਾਈਆਂ ਦੇ।

ਹੁਣ ਇਕ ਨਜ਼ਰ ਉਨ੍ਹਾਂ ਵੱਲ ਵੀ ਮਾਰੀਏ ਜਿਹੜੀਆਂ ਵਿਛੋੜੇ ਦੀ ਅੱਗ ਵਿਚ ਗਿੱਲੀ ਲੱਕੜ ਵਾਂਗ ਧੁਖ ਰਹੀਆਂ ਹਨ। ਜਿਨ੍ਹਾਂ ਦੇ ਸਿਰਾਂ ਦੇ ਸਾਈਂ ਸੱਤ ਸਮੁੰਦਰੋਂ ਪਾਰ ਜਾ ਬੈਠੇ ਅਤੇ ਫਿਰ ਪਰਤਣਾ ਹੀ ਭੁੱਲ ਗਏ। ਉਨ੍ਹਾਂ ਵਿਚਾਰੀਆਂ ਦਾ ਸਬਰ ਵਾਲਾ ਪਾਣੀ ਵੀ ਸਿਰੋਂ ਲੰਘ ਚੁੱਕਿਆ। ਉਹ ਆਪਣੇ ਦਿਲ ਦੀਆਂ ਗਹਿਰਾਈਆਂ ਵਿਚਲਾ ਦਰਦ ਕਿਸ ਦੇ ਅੱਗੇ ਕੱਢ ਕੇ ਰੱਖਣ ਜੋ ਘਰ ਬੈਠੀਆਂ ਵੀ ਬਨਵਾਸ ਕੱਟ ਰਹੀਆਂ ਹਨ। ਉਹ ਆਈ ਦੀਵਾਲੀ ਦੀਵੇ ਤਾਂ ਬਾਲਦੀਆਂ ਹਨ ਪਰ ਬੁਝੇ ਹੋਏ ਮਨ ਨਾਲ ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਖੁਦ ਨੂੰ ਬਾਲ ਕੇ ਹੋਰ ਕਿੰਨੀਆਂ ਦੀਵਾਲੀਆਂ ਮਨਾਉਣੀਆਂ ਪੈਣਗੀਆਂ। ਕਈਆਂ ਨੂੰ ਵੀਹ-ਵੀਹ ਸਾਲ ਹੋ ਗਏ ਜੁਦਾਈਆਂ ਵਾਲਾ ਜ਼ਹਿਰ ਪੀਂਦੀਆਂ ਨੂੰ। ਉਹ ਉਡੀਕਾਂ ਕਰ-ਕਰ ਥੱਕੀਆਂ, ਹਾੜੇ ਕੱਢ-ਕੱਢ ਅੱਕੀਆਂ ਜਿਵੇਂ ਕਹਿ ਰਹੀਆਂ ਹੋਣ,

ਦੀਵਾਲੀ ਵਾਲੇ ਦੀਵਿਆਂ ਦੇ ਨਾਲ,
ਹੁਣ ਜਾਵੇ ਨਾ ਬਲਿਆ।
ਵਿਛੋੜੇ ਵਾਲੀਆਂ ਲੱਕੜਾਂ ਵਿਚ,
ਮੈਥੋਂ ਹੋਰ ਜਾਏ ਨਾ ਜਲਿਆ।
ਸੂਰਜ ਚੜ੍ਹੀ ਜਵਾਨੀ ਵਾਲਾ,
ਪਲ ਪਲ ਜਾਵੇ ਢਲਿਆ।
ਹਰ ਇਕ ਚਾਅ ਤੇ ਸੁਪਨਾ ਮੈਂ,
ਹੰਝੂਆਂ ਦੇ ਤੇਲ ਵਿਚ ਤਲਿਆ।
ਤੇਰੀ ਮੁੰਦਰੀ ਹਉਕੇ ਭਰਦੀ ਏ,
ਮੇਰੇ ਸੋਨੇ ਦਿਆ ਛੱਲਿਆ।
ਹੁਣ ਪਛਤਾਉਂਦੀ ਹਾਂ 'ਨਿੰਮਿਆ',
ਤੈਨੂੰ ਕਿਉਂਕਿ ਪਰਦੇਸੀਂ ਘੱਲਿਆ।

ਮੇਰਾ ਇਕ ਸੁਨੇਹਾ ਉਨ੍ਹਾਂ ਪਰਦੇਸੀ ਵੀਰਾਂ ਲਈ ਹੈ ਜੋ ਰਾਮ ਦੇ ਬਨਵਾਸ ਵਾਲੀ ਲਛਮਣ ਰੇਖਾ ਵੀ ਪਾਰ ਕਰ ਗਏ। ਜੋ ਘਰੋਂ ਤਾਂ ਚੱਲੇ ਸਨ ਖੁਸ਼ੀਆਂ ਖਰੀਦਣ ਲਈ, ਪਰ ਇੱਥੇ ਆਣ ਐਸੇ ਮੱਕੜ-ਜਾਲ ਵਿਚ ਫਸੇ ਕਿ ਪਰਿਵਾਰ ਦਿਆਂ ਅਰਮਾਨਾਂ ਨੂੰ ਪੂਰੇ ਕਰਦੇ, ਆਪਣੇ ਮਨ ਦੀਆਂ ਸਭ ਖੁਸ਼ੀਆਂ ਦੀ ਬਲੀ ਦੇ ਬੈਠੇ। ਸੋਚੋ, ਅਗਰ ਗੁੱਡੀਆਂ-ਪਟੋਲਿਆਂ ਨਾਲ ਖੇਡਦੀ ਛੱਡ ਕੇ ਆਏ ਧੀ ਦੇ ਹੱਥ ਪੀਲੇ ਕਰਨ ਵੇਲੇ ਵੀ ਨਾ ਗਏ ਤਾਂ ਫਿਰ ਕਦੋਂ ਜਾਵੋਗੇ? ਘੱਲੇ ਪੈਸਿਆਂ ਦੀ ਖੁੱਲ੍ਹ ਅਤੇ ਸਿਰ 'ਤੇ ਪਿਉ ਦਾ ਹੱਥ ਨਾ ਹੋਣ ਕਾਰਨ ਜਵਾਨ ਪੁੱਤ ਨੂੰ ਨਸ਼ਿਆਂ ਦੇ ਰਾਹ ਤੁਰੇ ਨੂੰ ਰੋਕਣ ਵੇਲੇ ਵੀ ਨਹੀਂ ਜਾਉਗੇ ਤਾਂ ਫਿਰ ਕਦੋਂ ਪਰਤੋਗੇ? ਜ਼ਰਾ ਝਾਤ ਮਾਰ ਕੇ ਵੇਖਿਉ, ਜਿਹੜੇ ਬੰਦ 15-20 ਸਾਲਾਂ ਵਿਚ ਨਹੀਂ ਬਣੇ, ਉਹ ਕਦੇ ਵੀ ਨਹੀਂ ਬਣਨੇ!...ਸਬਰ ਸੰਤੋਖ ਦਾ ਪਾਠ ਪੜ੍ਹੋ ਤਾਂ ਇੰਨੇ ਵਰ੍ਹਿਆਂ ਦੀ ਕੀਤੀ ਕਮਾਈ, ਰਹਿੰਦੀ ਜ਼ਿੰਦਗੀ ਗੁਜ਼ਾਰਨ ਵਾਸਤੇ ਬਹੁਤ ਹੈ...ਪੈਸੇ ਨਾਲ ਨਾ ਕੋਈ ਰੱਜਿਆ ਤੇ ਨਾ ਕਿਸੇ ਰੱਜਣਾ ਹੈ। ਆਪਣੀਆਂ ਹੂਰਾਂ ਦੇ ਦਿਲਾਂ ਵਿਚੋਂ ਨਿਕਲੀਆਂ ਇਹ ਦਰਦ ਭਰੀਆਂ ਸਤਰਾਂ ਪੜ੍ਹ ਕੇ ਮਨ ਵਿਚ ਪਰਤਣ ਦਾ ਖਿਆਲ ਰੱਖ ਕੇ ਇਕ ਵਾਰ ਜ਼ਰੂਰ ਸੋਚਿਉ,

ਮੁੜ ਆ ਗਈ ਏ ਦੀਵਾਲੀ,
ਪਰ ਆਇਆ ਨਾ ਤੂੰ ਵੇ।
ਕਾਹਤੋਂ ਤੇਰੇ ਕੰਨ ਉਤੇ,
ਕਦੇ ਸਰਕੇ ਨਾ ਜੂੰ ਵੇ।
ਹਿਜਰਾਂ 'ਚ ਕਾਲਾ ਹੋਇਆ,
ਮੁੱਖ ਚਿੱਟਾ ਰੂੰ ਵੇ।
ਆ ਜਾ ਹਾੜੇ ਕੱਢਦੀ ਏ,
ਤੇਰੀ ਮਾਂ ਦੀ ਨੂੰਹ ਵੇ।
ਕਿਤੇ ਇਹ ਨਾ ਹੋਵੇ 'ਨਿੰਮਿਆ',
ਮਰੀ ਦਾ ਵੇਖੇ ਮੂੰਹ ਵੇ।

# ਮੁੱਖ ਮੰਤਰੀ ਦੀ ਰਾਸ਼ੀ ਵਾਲਾ ਮਨੀਸ਼ ਤਿਵਾੜੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

2009 ਦੇ ਦਸੰਬਰ ਮਹੀਨੇ ਗੁਰਨਾਮ ਸਿੰਘ ਤੀਰ ਦੀ ਬੇਟੀ ਬੱਬੂ ਦੀ ਪੰਜਾਬੀ ਕਾਵਿ ਪੁਸਤਕ 'ਇਕ ਬਾਤ ਮੈਂ ਪਾਵਾਂ' ਦਾ ਉਦਘਾਟਨੀ ਸਮਾਰੋਹ ਸੀ। ਚੰਡੀਗੜ੍ਹ ਦੀ ਗੌਲਫ ਕਲੱਬ ਵਿਚ ਮੇਰੇ ਹੋਰ ਮਿੱਤਰ ਵੀ ਸਨ-ਕੰਵਰ ਸੰਧੂ, ਅਮਰੀਕ ਸਿੰਘ ਪੂੰਨੀ, ਸਵਰਨ ਸਿੰਘ ਬੋਪਾਰਾਇ ਆਦਿ। ਮੰਚ ਤੋਂ ਬੋਲਣ ਵਾਲੇ ਕੇਵਲ ਦੋ ਹੀ ਸਨ-ਮਨਪ੍ਰੀਤ ਸਿੰਘ ਬਾਦਲ ਤੇ ਮਨੀਸ਼ ਤਿਵਾੜੀ। ਜਿੱਥੇ ਮਨਪ੍ਰੀਤ ਦੇ ਬੋਲਾਂ ਵਿਚ ਉਰਦੂ ਸ਼ਬਦਾਂ ਤੇ ਸ਼ਿਅਰਾਂ ਦੀ ਭਰਮਾਰ ਸੀ, ਮਨੀਸ਼ ਦੇ ਬੋਲ ਠੇਠ ਪੰਜਾਬੀ ਠੁੱਕ ਵਾਲੇ ਸਨ। ਪੁੱਛਣ 'ਤੇ ਪਤਾ ਲੱਗਾ ਕਿ ਉਹ ਮੇਰੇ ਸਵਰਗਵਾਸੀ ਮਿੱਤਰ ਵਿਸ਼ਵਾ ਨਾਥ ਤਿਵਾੜੀ (ਵੀ ਐਨ) ਦਾ ਪੁੱਤਰ ਹੈ। ਉਸ ਦੀ ਮਾਂ ਡਾ. ਅੰਮ੍ਰਿਤ ਤਿਵਾੜੀ ਉਘੇ ਵਕੀਲ ਤੇ ਨੇਤਾ ਤੀਰਥ ਸਿੰਘ ਗੁਰਮ ਦੀ ਧੀ ਹੈ। ਵੀ ਐਨ ਦੀ ਤੀਰ ਪਰਿਵਾਰ ਨਾਲ ਮਿੱਠੀ ਸਾਂਝ ਸੀ। ਨੌਜਵਾਨ ਮਨੀਸ਼ ਮੰਚ ਤੋਂ ਉਤਰ ਕੇ ਬੱਬੂ ਦੇ ਸਨਮੁਖ ਹੋਇਆ ਤਾਂ ਕਹਿਣ ਲੱਗਿਆ, 'ਤੂੰ ਬਾਤਾਂ ਹੀ ਪਾਉਂਦੀ ਰਹੇਂਗੀ ਕਿ ਕੁਝ ਹੋਰ ਵੀ ਕਰੇਂਗੀ?' ਮੇਰੇ ਲਈ ਇਹ ਬੇਤਕੱਲਫ਼ੀ ਮੂਲੋਂ ਨਵੀਂ ਸੀ। 'ਮੈਂ ਕੁੱਝ ਕਰਾਂ ਨਾ ਕਰਾਂ, ਤੂੰ ਬਾਦਲਾਂ ਦੀ ਪੈੜ ਨੱਪੇਂਗਾ।' ਬੱਬੂ ਨੇ ਤੀਰ ਮਾਰਿਆ। ਇਹ ਵੀ ਦੱਸਿਆ ਕਿ ਮਨੀਸ਼ ਦੀ ਰਾਸ਼ੀ ਪ੍ਰਕਾਸ਼ ਸਿੰਘ ਬਾਦਲ ਵਾਲੀ ਹੈ। ਦੋਨਾਂ ਦਾ ਜਨਮ ਅੱਠ ਦਸੰਬਰ ਦਾ ਹੈ। ਇਹ ਵੀ ਕਿ ਉਹ ਬੱਬੂ ਦਾ ਹਾਣੀ ਹੈ। ਕੇਵਲ ਇੱਕ ਸਾਲ ਵੱਡਾ।

ਜਿੱਥੇ ਬੱਬੂ ਹਾਲੀ ਵੀ ਬਾਤਾਂ ਪਾ ਰਹੀ ਹੈ, ਮਨੀਸ਼ ਯੁਵਾ ਕਾਂਗਰਸ ਦੀ ਪੌੜੀ ਚੜ੍ਹ ਕੇ ਸਰਬ ਹਿੰਦ ਕਾਂਗਰਸ ਦਾ ਬੁਲਾਰਾ ਬਣਨ ਉਪਰੰਤ ਕੇਂਦਰ ਦੀ ਸਰਕਾਰ ਦੇ ਸੂਚਨਾ ਤੇ ਸੰਚਾਰ ਮੰਤਰਾਲੇ ਦਾ ਮੰਤਰੀ ਬਣ ਬੈਠਾ ਹੈ। ਇਹ ਉਹ ਮੰਤਰਾਲਾ ਹੈ ਜਿਸ ਦੀ ਵਾਗਡੋਰ ਭਾਰਤ ਦੇ ਪ੍ਰਥਮ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਤੁਰ ਜਾਣ ਉਤੇ ਉਸ ਦੀ ਧੀ ਇੰਦਰਾ ਗਾਂਧੀ ਨੇ ਨਵੇਂ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਤੋਂ ਮੰਗ ਕੇ ਲਿਆ ਸੀ। ਸ੍ਰੀਮਤੀ ਗਾਂਧੀ ਉਦੋਂ 47 ਸਾਲ ਦੀ ਸੀ ਤੇ ਮਨੀਸ਼ ਤਿਵਾੜੀ ਅੱਜ 47 ਦਾ ਹੈ।

ਜਾਪਦਾ ਹੈ ਬੱਬੂ ਦੀ ਮਨੀਸ਼ ਬਾਰੇ ਕੀਤੀ ਟਿੱਪਣੀ ਨੂੰ ਬੂਰ ਪੈਣ ਵਾਲਾ ਹੈ। ਕੇਂਦਰ ਵਿਚ ਕਾਂਗਰਸ ਦੀ ਸਰਕਾਰ ਰਹੇ ਨਾ ਰਹੇ, ਆਉਂਦੇ ਸਮਿਆਂ ਵਿਚ ਪੰਜਾਬ ਕਾਂਗਰਸ ਦੇ ਉਭਾਰ ਨੂੰ ਰੋਕਣ ਵਾਲਾ ਕੋਈ ਨਹੀਂ। ਸੂਚਨਾ ਤੇ ਸੰਚਾਰ ਦੇ ਮਹੱਤਵਪੂਰਨ ਮਹਿਕਮੇ ਦਾ ਸਾਬਕਾ ਮੰਤਰੀ ਤੇ ਗੁਰਮ-ਤਿਵਾੜੀ (ਜੱਟ-ਪੰਡਤ) ਪਿਛੋਕੜ ਵਾਲਾ ਮਨੀਸ਼ ਮੁੱਖ ਮੰਤਰੀ ਦੀ ਕੁਰਸੀ ਵੀ ਹਥਿਆ ਸਕਦਾ ਹੈ। ਉਸ ਦੀ ਉਮਰ ਪ੍ਰਕਾਸ਼ ਸਿੰਘ ਦੀ ਉਸ ਉਮਰ ਨਾਲੋਂ ਵੱਡੀ ਹੋਵੇਗੀ ਜਿਸ ਵਿਚ ਬਾਦਲ ਪਹਿਲੀ ਵਾਰ ਮੁੱਖ ਮੰਤਰੀ ਬਣਿਆ ਸੀ। ਗੱਲਾਂ ਵਿਚੋਂ ਗੱਲ ਤਾਂ ਇਹ ਵੀ ਨਿਕਲਦੀ ਹੈ ਕਿ ਜੇ



ਬੱਬੂ ਧੀਰ ਦੀ ਪੁਸਤਕ ਦੇ ਰਿਲੀਜ਼ ਸਮਾਗਮ ਮੌਕੇ ਮਨੀਸ਼ ਤਿਵਾੜੀ (ਐਨ ਸੱਜੇ) ਉਸ ਨਾਲ ਗੱਲ ਕਰਦਾ ਹੋਇਆ

ਕੇਂਦਰ ਦੇ ਸੂਚਨਾ ਤੇ ਸੰਚਾਰ ਮੰਤਰੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਮਿਲ ਸਕਦੀ ਹੈ ਤਾਂ ਮਨੀਸ਼ ਨੂੰ ਕਿਉਂ ਨਹੀਂ! ਸ੍ਰੀ ਇੰਦਰ ਕੁਮਾਰ ਗੁਜਰਾਲ ਤੇ ਡਾ. ਮਨਮੋਹਨ ਸਿੰਘ ਨੇ ਉਸ ਵਾਲੇ ਦਫ਼ਤਰ ਦਾ ਜੰਦਰਾ ਖੋਲ੍ਹ ਕੇ ਪੰਜਾਬੀਆਂ ਦੀ ਰਾਜਨੀਤਕ ਕੁਸ਼ਲਤਾ ਉਤੇ ਮੋਹਰ ਤਾਂ ਲਾ ਹੀ ਛੱਡੀ ਹੈ। ਉਂਜ ਵੀ ਸੁਪਨੇ ਲਈ ਕੋਈ ਪਿੰਜਰਾ ਨਹੀਂ ਬਣਿਆ।

## ਇਤਿਹਾਸਕ ਲਾਹੌਰ ਵਿਚ ਭਗਤ ਸਿੰਘ ਚੌਕ

ਪਾਕਿਸਤਾਨ ਦੇ ਇਤਿਹਾਸਕ ਸ਼ਹਿਰ ਲਾਹੌਰ ਵਿਚ ਉਥੋਂ ਦੇ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖੇ ਜਾਣ ਦੀ ਤਜਵੀਜ਼ ਨਾਲ ਦੁਨੀਆਂ ਦੀਆਂ ਕ੍ਰਾਂਤੀਕਾਰੀ ਤਾਕਤਾਂ ਨੂੰ ਜਿਹੜਾ ਹੁਲਾਰਾ ਮਿਲਿਆ ਸੀ ਉਸ ਉਤੇ ਪਰਛਾਵੇਂ ਛਾ ਗਏ ਹਨ। ਪਾਕਿਸਤਾਨ ਵਿਚ ਸੱਜੀ ਤੇ ਧਾਰਮਿਕ ਸੋਚ ਨੂੰ ਪ੍ਰਣਾਈ ਜਮਾਤ-ਉਲ-ਦਾਵਾ ਤੇ ਹੋਰਨਾਂ ਨੇ ਰਲ ਕੇ ਇਸ ਦਾ ਵਿਰੋਧ ਕੀਤਾ ਹੈ। ਹੁਣ ਇਹ ਮਾਮਲਾ ਇਕ ਪ੍ਰਵਾਨਤ ਕਮੇਟੀ ਨੂੰ ਸੌਂਪਿਆ ਗਿਆ ਹੈ ਜਿਸ ਦਾ ਪ੍ਰਧਾਨ ਜਨਾਬ ਅਯਾਜ਼ ਅਹਿਮਦ ਹੈ। ਕਮੇਟੀ ਦੀ ਮਹੱਤਵਪੂਰਨ ਮੈਂਬਰ ਫੈਜ਼ ਅਹਿਮਦ ਫੈਜ਼ ਦੀ ਬੇਟੀ ਮੁਹਤਰਮਾ ਸਲੀਮਾ ਹਾਸ਼ਮੀ ਹੈ। ਉਸ ਦੇ ਬੋਲ ਆਸ਼ਾਵਾਦੀ ਹਨ। ਉਹ ਇਹ ਕਿ ਸਾਰੇ ਮਾਮਲੇ ਦਾ ਫੈਸਲਾ ਆਗਾਮੀ ਚੋਣਾਂ ਤੋਂ ਪਹਿਲਾਂ ਹੋ ਜਾਵੇਗਾ ਤੇ ਇਹ ਵਾਲਾ ਚੌਕ ਭਾਰਤ-ਪਾਕਿ ਸੁਤੰਤਰਤਾ ਸੰਗਰਾਮ ਦੀ ਯਾਦ ਵਿਚ ਭਗਤ ਸਿੰਘ ਦੇ ਨਾਂ ਉਤੇ ਹੀ ਰਹੇਗਾ।

ਸ਼ਹੀਦ ਭਗਤ ਸਿੰਘ ਦਾ ਓਧਰਲੇ ਪੰਜਾਬ ਵਿਚ ਓਨਾ ਹੀ ਸਤਿਕਾਰ ਹੈ ਜਿੰਨਾ ਏਧਰਲੇ ਪੰਜਾਬ ਵਿਚ ਸਲੀਮਾ ਦੇ ਪਿਤਾ ਫੈਜ਼ ਅਹਿਮਦ ਫੈਜ਼ ਦਾ। ਸਾਡਾ ਮੱਤ ਹੈ ਕਿ ਅੰਤਮ ਜਿੱਤ ਇਨਕਲਾਬੀ ਤੇ ਅਗਾਂਹ-ਵਧੂ ਤਾਕਤਾਂ ਦੀ ਹੋਵੇਗੀ। ਜਮਾਤ-ਉਲ-ਦਾਵਾ ਨੇ ਵਿਰੋਧ ਸੱਚੇ ਦਿਲੋਂ ਕੀਤਾ ਨਹੀਂ ਜਾਪਦਾ ਅੰਤਰਰਾਸ਼ਟਰੀ ਮੀਡੀਆ ਵਿਚ ਹਾਜ਼ਰੀ ਲਗਵਾਉਣ ਵਾਲਾ ਹੋ ਸਕਦਾ ਹੈ। ਰਾਜਨੀਤੀ ਵਿਚ ਇਸ ਤਰ੍ਹਾਂ ਹੁੰਦਾ ਆਇਆ ਹੈ।

## ਹਰਿਆਣਾ ਵਾਸੀਆਂ ਦੀ ਸਿੱਧ ਪੁੱਠ

ਬੀਤੇ ਸਪਤਾਹ ਹਰਿਆਣਾ ਰਾਜ ਤੋਂ ਦੋ ਵਿਰੋਧੀ ਸੁਰਾਂ ਮਿਲੀਆਂ ਹਨ। ਜੇ ਸਵ. ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੇ ਬਾਗਪਤ ਇਲਾਕੇ ਤੋਂ ਉਥੋਂ ਦੀਆਂ ਮੁਟਿਆਰਾਂ ਲਈ ਜੀਨਾਂ ਪਹਿਨਣ ਤੇ ਮੋਬਾਈਲ ਵਰਤਣ ਦੀ ਮਨਾਹੀ ਦੀ ਮੰਗ ਉਠੀ ਹੈ ਤਾਂ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਰਿਵਾੜੀ ਵਿਖੇ ਖਚਾ ਖਚ ਭਰੇ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਵਚਨ ਦਿੱਤਾ ਹੈ ਕਿ ਉਹ ਇਨੈਲੋ ਸਰਕਾਰ ਦੇ ਹੋਂਦ ਵਿਚ ਆਉਣ ਉਤੇ ਮਹਿਲਾਵਾਂ ਲਈ 30 ਪ੍ਰਤੀਸ਼ਤ ਸੀਟਾਂ ਰਾਖਵੀਆਂ ਕਰਾ ਦੇਵੇਗਾ। ਇਹ ਦੋਨੋ ਸੁਰਾਂ ਹਰਿਆਣਵੀ ਸੋਚ ਦੀ ਪ੍ਰਤੀਨਿਧਤਾ ਕਰਦੀਆਂ ਹਨ। ਹਰ ਉਨਤੀ ਦਾ ਪੱਟੜਾ ਕੋਈ ਪਿਛਾਂਹ ਖਿਚੂ ਮੰਗ ਹੁੰਦਾ ਹੈ ਜਿਹੜਾ ਹਰਿਆਣਾ ਉਤੇ ਸਦਾ ਹੀ ਢੁੱਕਦਾ ਆਇਆ ਹੈ।

**ਅੰਤਿਕਾ: (ਕਤੀਲ ਸ਼ਫਾਈ)**

ਤੁਮਹਾਰੀ ਬੇਰੁਖੀ ਨੇ
ਲਾਜ ਰਖ ਲੀ ਬਾਦਾਖਾਨੇ ਕੀ
ਤੁਮ ਆਂਖੋਂ ਸੇ ਪਿਲਾ ਦੇਤੇ ਤੋ
ਪੈਮਾਨੇ ਕਹਾਂ ਲਾਤੇ।

# ਖੁਸ਼ੀਆਂ ਤੇ ਉਦਾਸੀਆਂ 'ਚੋਂ ਗੁਜ਼ਰਦਿਆਂ

(ਸਫਾ 21 ਦੀ ਬਾਕੀ)

ਫਿਰ ਦੋ ਦਿਨ ਹਸਪਤਾਲ! ਇਉਂ ਚਲਦਾ ਰਹਿਣ ਕਾਰਨ ਸਰੀਰ ਹਫ਼ ਗਿਆ ਤੇ ਬਿਮਾਰੀ ਨਾਲ ਸਿੱਧਾ ਪਟਕੇ ਦਾ ਘੋਲ ਹੋਣ ਕਾਰਨ ਕੰਗਣ ਵਰਗਾ ਸਰੀਰ ਹੱਡੀਆਂ ਦੀ ਮੁੱਠ ਬਣ ਗਿਆ। ਦੁੱਖ ਪਿੱਛਾ ਨਾ ਛੱਡੇ ਤੇ ਬਿਮਾਰੀ ਛਲੇਡੇ ਵਾਂਗ ਡਾਕਟਰਾਂ ਦੇ ਹੱਥਾਂ 'ਚੋਂ ਨਿਕਲ ਨਿਕਲ ਜਾਵੇ। ਆਖਿਰਕਾਰ ਬੇਟੇ ਫਰਿਜ਼ਨੋ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਲੈ ਗਏ। ਹਾਲਾਤ ਇਹ ਸਨ ਕਿ ਚਾਰ ਸਤੰਬਰ ਦਾ ਦਿਨ ਮੈਨੂੰ ਜ਼ਿੰਦਗੀ ਦਾ ਆਖਰੀ ਦਿਨ ਲੱਗ ਰਿਹਾ ਸੀ।

ਖੈਰ! ਕਹਾਣੀ ਲੰਬੀ ਹੈ, ਵਿਸਥਾਰ 'ਚ ਕਦੇ ਫਿਰ ਗੱਲ ਕਰਾਂਗੇ! ਮੇਰੀ ਬਿਮਾਰੀ ਦਾ ਮਾਹਿਰ ਡਾਕਟਰ ਸੇਖੋਂ ਕਹਿਣ ਲੱਗਾ, "ਤੇਰਾ ਨਾਂ ਕਾਫ਼ੀ ਸੁਣਿਆ ਸੁਣਿਆ ਲੱਗਦੈ।" ਇਹ ਸ਼ੱਕ ਵਰਗਾ ਸੱਚ ਮੇਰੇ ਰਾਸ ਬੜਾ ਆਇਆ।

ਹੁਣ ਮੈਂ ਠੀਕ ਹਾਂ; ਉਵੇਂ ਜਿਵੇਂ ਗੁੜ ਬਣਨ ਤੋਂ ਪਹਿਲਾਂ ਗੰਨਿਆਂ ਦੀ ਰਸ ਮਿੱਠੇ ਸੋਢੇ ਨਾਲ ਨਿਖਰਦੀ ਹੈ ਪਰ ਆਹ ਟਿੱਪਣੀਆਂ ਖਾਨੇ ਨਹੀਂ ਪੈ ਰਹੀਆਂ।

ਇੰਡੀਆ ਤੋਂ ਇਕ ਫੋਨ ਆਇਆ, "ਹੁਣ ਕਿਡਨੀਆਂ ਠੀਕ ਨੇ?" ਇਥੋਂ ਅਮਰੀਕਾ ਤੋਂ ਇਕ ਸ਼ੁਭਚਿੰਤਕ ਦੇਖੋ, "ਕੋਈ ਨਹੀਂ, ਲਿਵਰ ਥੋੜ੍ਹਾ ਜਿਹਾ ਵੀ ਠੀਕ ਹੋਇਆ ਤਾਂ ਮੁੜ ਕੇ ਸਹੀ ਹੋ ਜਾਂਦੈ।"

ਇਕ ਹੋਰ, "ਦੇਖ ਤੇਰੇ ਯਾਰ ਕੁਲਦੀਪ ਮਾਣਕ ਦਾ ਕੀ ਬਣਿਐ, ਛੱਡ ਦੇ ਹੁਣ ਪੀਣ-ਪੂਣ ਨੂੰ...ਬਥੇਰੀ ਪੀ ਲਈ।"


ਰੇਡੀਓ ਤੋਂ ਗੈਰਹਾਜ਼ਰ ਹੋਇਆ ਤਾਂ ਗੁਰਚਰਨ ਮਾਨ ਕਹਿਣ ਲੱਗਾ, "ਆ ਜਾ ਛੇਤੀ। ਲੋਕੀਂ ਆਂਹਦੇ ਨੇ ਲਖਵੀਰ ਤੇ ਉਹਦੀ ਬਣੀ ਨਹੀਂ ਹੋਣੀ।"

ਸੱਚੀਂ, ਕਦੇ ਕਦੇ ਢਿੱਲਾ ਮੱਠਾ ਹੋਣਾ ਹੀ ਠੀਕ ਹੈ; ਵਰਨਾ ਜਿਹੜਾ ਛੱਪੜ 'ਚ ਨ੍ਹੀਂ ਵੜਿਆ, ਉਹਨੂੰ ਸਮੁੰਦਰ ਨਿਗਲ ਲਵੇਗਾ!...ਮੈਨੂੰ ਖੁਸ਼ੀ ਹੈ ਕਿ ਮੇਰੀ ਬਿਮਾਰੀ ਸੁੱਖ ਵਾਲੀ ਸੀ ਪਰ ਹੈਰਾਨ ਇਕ ਸ਼ਰੀਕੇ ਵਾਲੀ ਅਖਬਾਰ ਦੇ ਮੂਰਖ ਦੀ ਟਿੱਪਣੀ ਤੋਂ ਤੌਬਾ, 'ਸ਼ਰਾਬ ਪੀ ਕੇ ਹੀ ਚੰਗਾ ਲਿਖਦਾ ਸੀ।' ਕਈ ਲੋਕ ਗੌਂਦ ਨਹੀਂ, ਵੱਟਾ ਕੰਧ ਵਿਚ ਮਾਰਦੇ ਹਨ।

# ਮੌਤ ਦਾ ਪਹਿਰਾ

***ਪੰਜਾਬ ਦੇ ਦਹਿਸ਼ਤੀ ਦੌਰ ਦੀਆਂ ਅਨੇਕਾਂ ਪਰਤਾਂ ਹਨ। ਜਿਹੜੇ ਉਸ ਦੌਰ ਵਿਚੋਂ ਲੰਘੇ ਹਨ ਉਨ੍ਹਾਂ ਦੀਆਂ ਹੱਡਬੀਤੀਆਂ ਨਵੀਂ ਪੀੜ੍ਹੀ ਲਈ ਰਾਹ ਦਿਖਾਵਾ ਹੋ ਸਕਦੀਆਂ ਹਨ। ਜਦੋਂ ਬਦਅਮਨੀ ਫੈਲਾ ਦਿੱਤੀ ਜਾਵੇ ਤਾਂ ਕੀ ਨਹੀਂ ਹੁੰਦਾ? ਮੌਤ ਰਾਹ ਜਾਂਦਿਆਂ ਨੂੰ ਆ ਘੇਰਦੀ ਹੈ। ਘਰ ਬੈਠਿਆਂ ਨੂੰ ਅਕਾਲ ਪੁਰਖ ਦੇ ਸੱਦੇ ਦੀਆਂ ਧਮਕੀਆਂ ਮਿਲਣ ਲੱਗਦੀਆਂ ਹਨ ਤੇ ਝੂਠੇ ਪੁਲਿਸ ਮੁਕਾਬਲੇ ਤਿਆਰ ਹੁੰਦੇ ਹਨ। ਜਾਨ ਦੀ ਰਾਖੀ ਲਈ ਰੱਖੇ ਹਥਿਆਰ ਜਾਨ ਦਾ ਖ਼ੌ ਬਣ ਜਾਂਦੇ ਹਨ। ਪ੍ਰਿੰ. ਸਰਵਣ ਸਿੰਘ ਨਿਰਾ ਖੇਡ ਲੇਖਕ ਹੀ ਨਹੀਂ ਜਿਵੇਂ ਕਿ ਬਹੁਤੇ ਪਾਠਕ ਸਮਝਦੇ ਹਨ। ਉਸ ਨੇ ਹੋਰ ਵੀ ਕਾਫੀ ਕੁਝ ਲਿਖਿਆ ਹੈ ਜਿਸ ਵਿਚ ਉਸ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਵੀ ਸ਼ਾਮਲ ਹੈ। ਅਜਿਹੇ ਲੇਖ ਤੇ ਲੇਖਕ ਦਾ ਜੀਵਨ ਬਿਰਤਾਂਤ ਉਸ ਪੁਸਤਕ ਵਿਚੋਂ ਪੜ੍ਹਿਆ ਜਾ ਸਕਦੈ।***

ਉਨ੍ਹਾਂ ਉਤੇ ਅਕਾਲ ਪੁਰਖ ਦੀ ਕਿਰਪਾ ਹੀ ਕਹੋ ਜਿਹੜੇ ਪੰਜਾਬ ਦੇ ਦਹਿਸ਼ਤੀ ਦੌਰ 'ਚ ਬਚੇ ਰਹੇ! ਉਨ੍ਹਾਂ ਦਿਨਾਂ 'ਚ ਕਿਸੇ ਦੀ ਵੀ ਮੌਤ ਦਾ ਕੋਈ ਵਿਸਾਹ ਨਹੀਂ ਸੀ। ਬੰਦੇ ਚੰਗੇ ਭਲੇ ਘਰੋਂ ਜਾਂਦੇ ਤੇ ਉਦੋਂ ਈ ਪਤਾ ਲੱਗਦਾ ਜਦੋਂ ਮਰ ਗਿਆਂ ਦੀ ਖ਼ਬਰ ਆ ਜਾਂਦੀ। ਕਿਸੇ ਨੂੰ ਬੱਸ 'ਚੋਂ ਲਾਹ ਕੇ ਮਾਰ ਦਿੱਤਾ ਜਾਂਦਾ ਤੇ ਕਿਸੇ ਦਾ ਪੁਲਿਸ ਮੁਕਾਬਲਾ ਬਣਾ ਦਿੱਤਾ ਜਾਂਦਾ। ਮੈਨੂੰ ਲਿਖੀ ਚਿੱਠੀ



**ਪ੍ਰਿੰ. ਸਰਵਣ ਸਿੰਘ**

**ਫੋਨ: 905-799-1661**

ਸੱਚਮੁੱਚ ਹੀ ਇਨਾਮੀ ਖਾੜਕੂ ਜਰਨੈਲ ਸਿੰਘ ਹਲਵਾਰਾ ਦੀ ਹੁੰਦੀ ਤਾਂ ਮੇਰਾ ਵੀ ਕੀ ਭਰੋਸਾ ਸੀ? ਸੱਚਮੁੱਚ ਹੀ ਅਕਾਲ ਪੁਰਖ ਦਾ ਸੱਦਾ ਆ ਗਿਆ ਹੋਣਾ ਸੀ! ਚਿੱਠੀ ਵਾਲੀ ਬਿਪਤਾ ਤਾਂ ਟਲ ਗਈ ਸੀ। ਪਰ ਕੀ ਬਾਕੀ ਬਿਪਤਾਵਾਂ ਵੀ ਟਲ ਗਈਆਂ ਸਨ? ਕੀ ਉਸ ਪਿੱਛੋਂ ਬੇਖ਼ੌਫ਼ ਘੁੰਮਿਆ ਫਿਰਿਆ ਜਾ ਸਕਦਾ ਸੀ? ਸ਼ਾਇਦ ਨਹੀਂ। ਅਜੇ ਵੀ ਰਾਹਾਂ ਤੇ ਚੌਰਾਹਿਆਂ 'ਤੇ ਮੌਤ ਦਾ ਪਹਿਰਾ ਸੀ।

ਇਕ ਦਿਨ ਖਾੜਕੂਆਂ ਦੇ ਸੱਦੇ 'ਤੇ ਸਕੂਲਾਂ-ਕਾਲਜਾਂ ਵਿਚ ਹੜਤਾਲ ਸੀ। ਸਾਡਾ ਕਾਲਜ ਵੀ ਬੰਦ ਸੀ। ਮੈਂ ਹਲਵਾਰੇ ਦੀ ਫੌਜੀ ਕੰਟੀਨ ਤੋਂ ਰੰਮ ਲੈਣ ਚਲਾ ਗਿਆ। ਮੇਰੇ ਸਹੁਰਾ ਸਾਹਿਬ ਦਾ ਫੌਜੀ ਕਾਰਡ ਬਣਿਆ ਹੋਇਆ ਸੀ। ਬੋਤਲਾਂ ਸਕੂਟਰ ਦੀ ਡਿੱਕੀ 'ਚ ਰੱਖ ਕੇ ਮੈਂ ਸੁਧਾਰ ਦੇ ਪੁਲ ਤੋਂ ਨਹਿਰ ਦੀ ਪਟੜੀ ਪਿੰਡ ਨੂੰ ਮੁੜ ਪਿਆ। ਅੱਗੇ ਜੱਸੋਵਾਲ ਵਿਚ ਦੀ ਚੌਕੀ ਮਾਨ ਹੋ ਕੇ ਢੁੱਡੀਕੇ ਆਉਣਾ ਸੀ। ਨਹਿਰ ਦੀ ਪਟੜੀ ਸੁੰਨੀ ਪਈ ਸੀ। ਉਦੋਂ ਈ ਪਤਾ ਲੱਗਾ ਜਦੋਂ ਕਾਹਾਂ ਦੇ ਬੂਝਿਆਂ ਉਹਲਿਓਂ ਦੋ ਬੰਦੇ ਨਿਕਲੇ ਤੇ ਸਕੂਟਰ ਰੋਕਣ ਲਈ ਹੱਥ ਖੜ੍ਹਾ ਕਰ ਦਿੱਤਾ। ਮੈਨੂੰ ਜਰਨੈਲ ਸਿੰਘ ਹਲਵਾਰਾ ਯਾਦ ਆ ਗਿਆ ਤੇ ਮੇਰੇ ਭਰਾ ਅਰਜਨ ਦੇ ਸਕੂਟਰ ਨੂੰ ਰੋਕਣ ਵਾਲੇ ਵੀ ਯਾਦ ਆ ਗਏ। ਹੁਣ? ਜੇ ਸਕੂਟਰ ਰੋਕਦਾ ਸੀ ਤਾਂ ਵੀ ਮੌਤ ਦਾ ਡਰ ਸੀ, ਜੇ ਨਹੀਂ ਸੀ ਰੋਕਦਾ ਤਾਂ ਵੀ ਪਿੱਛੋਂ ਗੋਲੀ ਆ ਸਕਦੀ ਸੀ। ਮੇਰਾ ਡਰ ਨਾਲ ਰੰਗ ਫੱਕ ਹੋ ਗਿਆ।

ਸਹਿਮੇ ਹੋਏ ਨੇ ਮੈਂ ਸਕੂਟਰ ਰੋਕ ਲਿਆ। ਮਨ 'ਚ ਕਿਹਾ ਵੇਖੀ ਜਾਊ ਜੋ ਹੋਊ। ਉਹ ਦੋਵੇਂ ਜਣੇ ਮੇਰੇ ਪਿੱਛੇ ਬਹਿ ਗਏ ਤੇ ਕਹਿਣ ਲੱਗੇ, "ਚੱਲ।" ਮੈਂ ਚੱਲ ਪਿਆ ਤੇ ਸੋਚਣ ਲੱਗਾ, ਗੋਲੀ ਵੱਜੀ ਕਿ ਵੱਜੀ। ਉਹ ਹਿਲਦੇ ਜੁਲਦੇ ਤਾਂ ਐਂ ਲੱਗਦਾ ਜਿਵੇਂ ਹਥਿਆਰ ਸਿੱਧਾ ਕਰਦੇ ਹੋਣ। ਸਕੂਟਰ ਚਲਾਉਂਦਾ ਮੈਂ ਸੋਚੀ ਜਾਵਾਂ ਕਿ ਰਿਵਾਲਵਰ ਪਿੱਛੋਂ ਗਿੱਚੀ ਨਾਲ ਲਾਉਣਗੇ। ਇਕ ਵਾਰ ਲੱਗਾ ਵੀ ਜਿਵੇਂ ਉਨ੍ਹਾਂ ਨੇ ਮੇਰੀ ਗਿੱਚੀ ਨਾਲ ਕੁਛ ਲਾਇਆ ਹੋਵੇ। ਇਹ ਅੰਤਲਾ ਸਮਾਂ ਸੀ। ਬੱਸ ਇਕ ਮਿੰਟ ਤੇ ਖੇਡ ਖ਼ਤਮ ਹੋ ਜਾਣੀ ਸੀ। ਰੰਮ ਦੀਆਂ ਖੜਕਦੀਆਂ ਬੋਤਲਾਂ ਮੌਤ ਨੂੰ ਅੱਡ 'ਵਾਜ਼ਾਂ ਮਾਰ ਰਹੀਆਂ ਸਨ।

ਸੁਧਾਰ ਪਿੰਡ ਕੋਲ ਪਹੁੰਚ ਕੇ ਮਸਾਂ ਮੇਰੇ ਮੂੰਹੋਂ ਬੋਲ ਨਿਕਲੇ, "ਬਾਬਿਓ, ਮੈਂ ਤਾਂ ਐਥੇ ਤਕ ਈ ਆਉਣਾ ਸੀ। ਤੁਹਾਨੂੰ ਲੋੜ ਐ ਤਾਂ ਸਕੂਟਰ ਲੈ-ਜੋ।" ਮੇਰੇ 'ਚ ਅਰਜਨ ਵਾਲੀ ਬਹਾਦਰੀ ਵਿਖਾਉਣ ਦਾ ਜੇਰਾ ਨਹੀਂ ਸੀ। ਉਹ ਚੁੱਪ ਚਾਪ ਸਕੂਟਰ ਤੋਂ ਉਤਰੇ ਤੇ ਬਿਨਾਂ ਕੁਝ ਕਹੇ ਪੁਲ ਉੱਤੋਂ ਦੀ ਦੂਜੇ ਪਾਸੇ ਚਲੇ ਗਏ। ਮੇਰੀ ਜਾਨ 'ਚ ਜਾਨ ਆ ਗਈ। ਮੈਂ ਸੋਚਿਆ, ਜੇ ਉਹ ਸੱਚੀਂ ਜਰਨੈਲ ਸਿੰਘ ਹਲਵਾਰਾ ਹੁੰਦਾ ਤੇ ਉਸ ਨੂੰ ਪਤਾ ਲੱਗ ਜਾਂਦਾ ਕਿ ਮੈਂ ਉਹੀ ਪ੍ਰੋਫੈਸਰ ਸਾਂ ਜੀਹਨੇ ਚਿੱਠੀ ਮਿਲਣ ਦੇ ਬਾਵਜੂਦ ਹਥਿਆਰਾਂ ਦੇ ਪੈਸੇ ਨਹੀਂ ਸੀ ਰੱਖੇ, ਫਿਰ ਕੀ ਹੁੰਦਾ? ਮੇਰਾ ਏਥੇ ਹੀ ਦਾਣਾ ਪਾਣੀ ਮੁੱਕ ਜਾਂਦਾ ਤੇ ਮੇਰੀ ਲਾਸ਼ ਨੂੰ ਨਹਿਰ 'ਚ ਰੋੜ੍ਹ ਦਿੱਤਾ ਜਾਂਦਾ।

ਇਕ ਸ਼ਾਮ ਮੈਂ ਆਪਣੇ ਪਿੰਡ ਗਿਆ। ਢੁੱਡੀਕੇ ਤੋਂ ਚਕਰ ਜਾਣ ਨੂੰ ਮਸਾਂ ਅੱਧਾ ਘੰਟਾ ਲੱਗਦਾ ਸੀ। ਜਦੋਂ ਦਾ ਸਕੂਟਰ ਲਿਆ ਸੀ ਬੜੀ ਮੌਜ ਹੋ ਗਈ ਸੀ। ਜਿੱਦਣ ਮੇਰਾ ਮੂਡ ਹੁੰਦਾ ਮੈਂ ਚਾਰ ਕੁ ਵਜੇ ਚੱਲਦਾ, ਘਰ ਦਿਆਂ ਨੂੰ ਮਿਲਦਾ ਗਿਲਦਾ ਤੇ ਚਾਹ ਪਾਣੀ ਪੀ ਕੇ ਆਪਣੇ ਆੜੀ ਕਾਮਰੇਡ ਮਹਿੰਦਰ ਸੈਕਟਰੀ ਕੋਲ ਗੱਪ-ਸ਼ੱਪ ਮਾਰਨ ਚਲਾ ਜਾਂਦਾ। ਉਹ ਕਿਤੋਂ ਪੀਣ ਖਾਣ ਦਾ ਜੁਗਾੜ ਕਰ ਲੈਂਦਾ ਤੇ ਅਸੀਂ ਤਰਾਰੇ 'ਚ ਹੋਏ ਇਨਕਲਾਬ ਲਿਆਉਣ ਲੱਗਦੇ। ਉਹਦੇ ਘਰ 'ਚ ਲੈਨਿਨ ਦੀ ਆਦਮਕੱਦ ਤਸਵੀਰ ਲੱਗੀ ਹੋਈ ਸੀ ਤੇ ਪ੍ਰਗਤੀ ਪ੍ਰਕਾਸ਼ਨ ਦੀਆਂ ਬਹੁਤ ਸਾਰੀਆਂ ਪੁਸਤਕਾਂ ਸਨ। ਮਾਓ ਤੇ ਸਟਾਲਿਨ ਦੇ ਫੋਟੋ ਵੀ ਸਨ। ਮਾਰਕਸੀ ਪਾਰਟੀ ਦੇ ਲੀਡਰ ਉਹਦੇ ਘਰ ਆਮ ਆਉਂਦੇ ਜਾਂਦੇ ਸਨ। ਰੰਗ ਉਹਦਾ ਤਵੇ ਵਰਗਾ ਸੀ ਪਰ ਦੰਦ ਬੈਟਰੀ ਵਾਂਗ ਲਿਸ਼ਕਦੇ ਤੇ ਗੱਲਾਂ ਬੜੀਆਂ ਦਿਲਚਸਪ ਕਰਦਾ ਸੀ। ਚਿਹਰਾ ਮੋਹਰਾ ਭਾਵੇਂ ਕਾਲਕਲੋਟਾ ਸੀ ਪਰ ਦਿਲ ਦਾ ਬੜਾ ਦਿਲਦਾਰ ਦੋਸਤ ਸੀ। ਭਾਵੇਂ ਗੱਡੇ ਲੰਘ ਜਾਣ ਪਰਵਾਹ ਨਹੀਂ ਸੀ ਕਰਦਾ।

ਮਹਿੰਦਰ ਸਿੰਘ 'ਚਕਰ' ਨੇ ਦੋ ਨਾਵਲ 'ਕੱਲਰ ਦੇ ਕੰਵਲ' ਤੇ 'ਸੂਰਾ ਸੋ ਪਹਿਚਾਨੀਏ' ਲਿਖੇ ਸਨ ਜਿਨ੍ਹਾਂ ਨੂੰ ਲਾਹੌਰ ਬੁੱਕ ਸ਼ਾਪ ਨੇ ਪ੍ਰਕਾਸ਼ਤ ਕੀਤਾ ਸੀ। ਉਹਦੇ ਕੋਲ ਅਠੱਤੀ ਬੋਰ ਦਾ ਰਿਵਾਲਵਰ ਤੇ ਬੁਲਿਟ ਮੋਟਰ ਸਾਈਕਲ ਸੀ। ਉਹ ਕਿਹਾ ਕਰਦਾ ਸੀ, "ਇਕ ਕਿੱਲਾ ਮੇਰੇ ਹੇਠਾਂ ਐ ਤੇ ਇਕ ਕਿੱਲਾ ਲੱਕ ਨਾਲ ਲਟਕਾਇਆ ਹੋਇਐ!" ਉਸ ਨੇ ਦੋ ਕਿੱਲੇ ਵੇਚ ਕੇ ਰਿਵਾਲਵਰ ਤੇ ਮੋਟਰ ਸਾਈਕਲ ਖਰੀਦੇ ਸਨ। ਜ਼ਮੀਨ ਬਾਰੇ ਉਹ ਕਿਹਾ ਕਰਦਾ ਸੀ ਕਿ ਇਨਕਲਾਬ ਆਉਣ ਪਿੱਛੋਂ ਸਭ ਦੀ ਸਾਂਝੀ ਹੋ ਜਾਣੀ ਐਂ!

ਮੈਂ ਢੁੱਡੀਕੇ ਤੋਂ ਪਿੰਡ ਪਹੁੰਚਾ ਤਾਂ ਅਮਰੀਕਾ ਤੋਂ ਮੇਰਾ ਭਰਾ ਭਜਨ ਘੰਟਾ ਕੁ ਪਹਿਲਾਂ ਹੀ ਘਰ ਪਹੁੰਚਾ ਸੀ। ਅਸੀਂ ਦੋ ਢਾਈ ਸਾਲਾਂ ਬਾਅਦ ਮਿਲ ਰਹੇ ਸਾਂ। ਬੈਠੇ ਬੈਠੇ ਖਾਣ ਪੀਣ ਲੱਗ ਪਏ। ਆਮ ਹਾਲਤਾਂ 'ਚ ਮੈਂ ਅੱਧਾ ਕੁ ਘੰਟਾ ਘਰ ਬੈਠ ਕੇ ਮਹਿੰਦਰ ਸੈਕਟਰੀ ਵੱਲ ਚਲਾ ਜਾਂਦਾ ਸਾਂ। ਬਚਪਨ ਵਿਚ ਅਸੀਂ 'ਕੱਠੇ ਪੜ੍ਹੇ ਸਾਂ। ਅਮਰੀਕਾ ਤੋਂ ਭਰਾ ਆਇਆ ਹੋਣ ਕਾਰਨ ਮੈਂ ਉਹਦੇ ਕੋਲ ਹੀ ਬੈਠਾ ਰਿਹਾ ਤੇ ਢੁੱਡੀਕੇ ਮੁੜਨਾ ਵੀ ਸਵੇਰ ਉਤੇ ਪਾ ਦਿੱਤਾ। ਅਜੇ ਦਿਨ ਛਿਪਿਆ ਈ ਸੀ ਕਿ ਏ. ਕੇ. ਸੰਤਾਲੀ ਦੇ ਕੰਨ ਪਾੜਵੇਂ ਫਾਇਰ ਗੂੰਜੇ। ਇਓਂ ਲੱਗਾ ਜਿਵੇਂ ਬਾਹਰ ਬੀਹੀ ਵਿਚ ਈ ਗੋਲੀਆਂ ਚੱਲੀਆਂ ਹੋਣ। ਦਬਾਦੱਬ ਕੁੰਡੇ ਜਿੰਦੇ ਲੱਗ ਗਏ। ਸਾਨੂੰ ਡਰ ਲੱਗਾ ਕਿ ਅਮਰੀਕਾ ਤੋਂ ਆਏ ਭਜਨ ਦੀ ਕਿਸੇ ਨੇ ਲੁੱਟ ਖੋਹ ਨਾ ਕਰਨੀ ਹੋਵੇ। ਸਾਰਾ ਪਿੰਡ ਡਰਦਾ ਮਾਰਾ ਜਾਗਦਾ ਹੋਇਆ ਹੀ ਛਾਪਲ ਗਿਆ। ਕਿਤੋਂ ਕੋਈ ਆਵਾਜ਼ ਨਹੀਂ ਸੀ ਆ ਰਹੀ। ਕੁੱਤੇ ਵੀ ਨਹੀਂ ਸਨ ਭੌਂਕ ਰਹੇ। ਭਜਨ ਵੀ ਭੈਭੀਤ ਸੀ ਕਿ ਉਹਦੇ ਆਉਣ ਸਾਰ ਹੀ ਇਹ ਕੀ ਹੋ ਗਿਆ ਸੀ? ਮੇਰੇ ਮਨ 'ਚ ਉਹੀ ਪੁਰਾਣਾ ਚਿੱਠੀ ਵਾਲਾ ਡਰ ਜਾਗ ਪਿਆ ਸੀ। ਮਨਾਂ ਕੀ ਪਤਾ ਉਹ ਚਿੱਠੀ ਜਾਅਲੀ ਨਾ ਹੀ ਹੋਵੇ! ਕੀ ਪਤਾ ਉਹਦੇ 'ਤੇ ਅਮਲ ਅੱਜ ਭਜਨ ਦੇ ਆਏ ਤੋਂ ਹੋਣਾ ਹੋਵੇ? ਰਾਤ ਅਸੀਂ ਫਿਕਰਾਂ ਵਿਚ ਕੱਟੀ।

ਸਵੇਰੇ ਸਵੱਖਤੇ ਹੀ ਮਹਿੰਦਰ ਸੈਕਟਰੀ ਦਾ ਲੜਕਾ ਸਾਡੇ ਘਰ ਆਇਆ। ਉਸ ਨੇ ਡੁਸਕਦਿਆਂ ਦੱਸਿਆ ਕਿ ਅਤਿਵਾਦੀ ਉਹਦੇ ਪਿਤਾ ਨੂੰ ਮਾਰ ਗਏ ਹਨ। ਦਿਨ ਛਿਪੇ ਜਿਹੜੀਆਂ ਗੋਲੀਆਂ ਚੱਲੀਆਂ ਸੀ ਉਹ ਉਹਦੇ 'ਤੇ ਈ ਚੱਲੀਆਂ ਸੀ। ਘਰ ਦੇ ਜੀਆਂ ਨੇ ਡਰਦੇ ਮਾਰਿਆਂ ਰਾਤ ਘਰੋਂ ਬਾਹਰ ਕੱਟੀ ਸੀ। ਉਹ ਉਹਦਾ ਰਿਵਾਲਵਰ ਲੈਣ ਆਏ ਸੀ ਜੋ ਉਹਨੇ ਦਿੱਤਾ ਨਹੀਂ ਸੀ ਤੇ ਜਾਨ ਬਚਾਉਣ ਭੱਜ ਪਿਆ ਸੀ। ਭੱਜੇ ਜਾਂਦੇ ਦੇ ਉਹ ਏ. ਕੇ. ਸੰਤਾਲੀ ਦਾ ਬ੍ਰੱਸਟ ਮਾਰ ਗਏ ਸਨ। ਲਾਸ਼ ਓਥੇ ਈ ਪਈ ਸੀ। ਉਸ ਨੇ ਪੁੱਛਿਆ, "ਦੱਸੋ ਹੁਣ ਕੀ ਕਰੀਏ?"

ਬੰਦੇ ਮਰਨ ਦੀਆਂ ਖ਼ਬਰਾਂ ਹਰ ਰੋਜ਼ ਹੀ ਪੜ੍ਹਦੇ ਸੁਣਦੇ ਹੋਣ ਕਾਰਨ ਇਹ ਖ਼ਬਰ ਕੋਈ ਅਸਚਰਜ ਤਾਂ ਨਹੀਂ ਸੀ ਪਰ ਮੇਰੇ ਲਈ ਇਸ ਦੇ ਕੁਝ ਹੋਰ ਅਰਥ ਵੀ ਸਨ। ਮੈਂ ਸੋਚਣ ਲੱਗਾ, "ਜੇ ਭਜਨ ਨਾ ਆਇਆ ਹੁੰਦਾ ਤਾਂ ਮੈਂ ਘਰ ਦਿਆਂ ਨੂੰ ਮਿਲ ਕੇ ਮਹਿੰਦਰ ਵੱਲ ਚਲੇ ਜਾਣਾ ਸੀ। ਉਸ ਨੇ ਕੁਝ ਖਾਣ ਪੀਣ ਨੂੰ ਮੰਗਾ ਲੈਣਾ ਸੀ। ਗੱਲਾਂ ਕਰਦਿਆਂ ਓਥੇ ਦਿਨ ਛਿਪ ਜਾਣਾ ਸੀ। ਉਹ ਜਿਹੜੇ ਉਹਨੂੰ ਮਾਰਨ ਆਏ ਸਨ ਉਨ੍ਹਾਂ ਨੇ ਮੈਨੂੰ ਕਿਹੜਾ ਬਖਸ਼ਣਾ ਸੀ?" ਮੈਂ ਹੈਰਾਨ ਸਾਂ ਕਿ ਇਕ ਵਾਰ ਫਿਰ ਮੌਤ ਦੇ ਅੜਿੱਕੇ ਆਉਣੋਂ ਬਚ ਗਿਆ ਸਾਂ!

ਮੈਂ ਮੁੰਡੇ ਨੂੰ ਦਿਲਾਸਾ ਦਿੱਤਾ ਤੇ ਸਕੂਟਰ ਉਤੇ ਬਿਠਾ ਕੇ ਮਹਿੰਦਰ ਸੈਕਟਰੀ ਦੇ ਘਰ ਵੱਲ ਚੱਲ ਪਿਆ। ਪਿੰਡ ਦਾ ਕੋਈ ਬੰਦਾ ਅਜੇ ਬਾਹਰ ਨਹੀਂ ਸੀ ਨਿਕਲਿਆ। ਬਹੁਤਿਆਂ ਦੇ ਬੂਹੇ ਭੇੜੇ ਹੋਏ ਸਨ। ਉਂਜ ਅੰਦਰੋ ਅੰਦਰੀ ਖ਼ਬਰ ਹੋ ਗਈ ਸੀ ਕਿ ਕਾਮਰੇਡ ਮਹਿੰਦਰ ਸੈਕਟਰੀ ਮਾਰਿਆ ਗਿਆ ਹੈ। ਸਿਆਲੂ ਰਾਤ 'ਚ ਠੰਢ ਨਾਲ ਆਕੜੀ ਹੋਈ ਉਹਦੀ ਲਾਸ਼ ਘਰ ਦੀ ਬਾਹਰਲੀ ਕੰਧ ਕੋਲ ਡਿੱਗੀ ਪਈ ਸੀ। ਉਹ ਕੰਧ ਟੱਪਣ ਲੱਗਾ ਗੋਲੀਆਂ ਖਾ ਕੇ ਡਿੱਗਾ ਸੀ। ਜਿਥੇ ਗੋਲੀਆਂ ਵੱਜੀਆਂ ਸਨ ਉਥੇ ਖ਼ੂਨ ਜੰਮਿਆ ਹੋਇਆ ਸੀ। ਉਹਦੇ ਬੂਟ ਜੁਰਾਬਾਂ ਤੇ ਕੋਟ ਪੈਂਟ ਪਾਏ ਹੋਏ ਸਨ। ਸਿਰ 'ਤੇ ਅੱਧ-ਢੱਠੀ ਪੱਗ ਸੀ। ਸਿਆਲ ਹੋਣ ਕਾਰਨ ਗਰਮ ਕਪੜੇ ਉਵੇਂ ਹੀ ਪਹਿਨੇ ਹੋਏ ਸਨ ਜਿਵੇਂ ਕੱਲ੍ਹ ਸ਼ਾਮ ਪਾ ਕੇ ਪਿੰਡ ਦੀਆਂ ਪੈੜਾਂ 'ਤੇ ਗਿਆ ਸੀ। ਉਦੋਂ ਕੀ ਪਤਾ ਸੀ ਕਿ ਦਿਨ ਛਿਪਦੇ ਨੂੰ ਇਹ ਭਾਣਾ ਵਰਤ ਜਾਣੈ?

ਅਤਿਵਾਦੀਆਂ ਦੀ ਏਨੀ ਦਹਿਸ਼ਤ ਸੀ ਕਿ ਅਜੇ ਤਕ ਆਂਢੀਆਂ ਗੁਆਂਢੀਆਂ ਨੇ ਵੀ ਮਹਿੰਦਰ ਦੇ ਘਰ ਜਾਣ ਦਾ ਹੀਆ ਨਹੀਂ ਸੀ ਕੀਤਾ। ਆਪਣੇ ਹੀ ਪਿੰਡ ਤੇ ਆਪਣੇ ਹੀ ਘਰ ਦੀ ਕੰਧ ਕੋਲ, ਲੋਕਾਂ ਦੇ ਕੰਮ ਆਉਣ ਵਾਲੇ ਇਸ ਇਨਸਾਨ ਦਾ ਇਹ ਕੈਸਾ ਮਰਨ ਸੀ! ਬਹਾਦਰ ਸਦਾਉਣ ਵਾਲੇ ਲੋਕ ਕਿੰਨੇ ਡਰਪੋਕ ਹੋ ਗਏ ਸਨ?

ਮੈਂ ਅਗਵਾੜ ਦੇ ਪੰਚ ਦਲਜੀਤ ਸਿੰਘ ਕੋਲ ਗਿਆ ਕਿ ਚਲੋ ਪੁਲਿਸ ਦੀ ਚੌਕੀ ਚੱਲ ਕੇ ਇਤਲਾਹ ਦੇਈਏ। ਨੰਬਰਦਾਰ ਮੇਜਰ ਸਿੰਘ ਕਿੰਗਰੇ ਨੂੰ ਵੀ ਨਾਲ ਲੈ ਲਿਆ ਤੇ ਬਾਹਰ ਖੇਤਾਂ 'ਚ ਰਹਿੰਦੇ ਸਰਪੰਚ ਸੁਰਜੀਤ ਸਿੰਘ ਨੂੰ ਵੀ ਉਠਾਲ ਲਿਆ। ਹਠੂਰ ਚੌਕੀ ਵਿਚ ਇਤਲਾਹ ਦਿੱਤੀ ਤਾਂ ਉਨ੍ਹਾਂ ਨੇ ਤੁਰਦਿਆਂ ਕਰਦਿਆਂ ਘੰਟਾ ਲਾ ਦਿੱਤਾ। ਪੁਲਿਸ ਪਿੰਡ ਆਈ ਤਾਂ ਕਾਫੀ ਲੋਕ 'ਕੱਠੇ ਹੋ ਗਏ ਸਨ। ਮਹਿੰਦਰ ਦੇ ਮੁੰਡੇ ਨੇ ਦੱਸਿਆ ਕਿ ਜਦੋਂ ਉਸ ਦਾ ਪਾਪਾ ਪੈੜਾਂ ਤੋਂ ਘਰ ਆਇਆ ਸੀ ਤਾਂ ਮਗਰੇ ਈ ਦੋ ਅਤਿਵਾਦੀ ਆ ਗਏ ਸਨ। ਵਰਾਂਡੇ 'ਚ ਖੜ੍ਹ ਕੇ ਉਨ੍ਹਾਂ ਨੇ ਪਾਪਾ ਤੋਂ ਪਿਸਤੌਲ ਮੰਗਿਆ ਸੀ। ਉਹਨੇ ਕਹਿ'ਤਾ ਮੈਂ ਠਾਣੇ ਜਮ੍ਹਾਂ ਕਰਾ ਆਇਆਂ। ਜਦੋਂ ਉਹ ਆਪਣੇ ਹਥਿਆਰ ਕੱਢਣ ਲੱਗੇ ਤਾਂ ਮੈਂ ਪੁੱਛਿਆ, ਇਹ ਕੀ ਕਰਦੇ ਓਂ? ਏਨੇ 'ਚ ਪਾਪਾ ਬਾਹਰਲੇ ਘਰ ਨੂੰ ਭੱਜਿਆ ਬਈ ਕੰਧ ਟੱਪ-ਜੂੰ। ਉਹ ਮਗਰ ਭੱਜ-ਲੇ ਤੇ ਬ੍ਰੱਸਟ ਮਾਰ ਕੇ ਕੰਧ ਟੱਪਣ ਲੱਗੇ ਨੂੰ ਸਿੱਟ ਲਿਆ। ਅਸੀਂ ਘਰ ਦੇ ਜੀਅ ਪਿਛਲੇ ਬਾਰ ਨਿਕਲ ਗਏ ਤੇ ਸਾਡਾ ਬਚਾਅ ਹੋ ਗਿਆ।

ਪੁਲਿਸ ਨੇ ਮਾੜੀ ਮੋਟੀ ਲਿਖਾ ਪੜ੍ਹੀ ਕੀਤੀ ਤੇ ਲਾਸ਼ ਪੋਸਟ ਮਾਰਟਮ ਲਈ ਜਗਰਾਓਂ ਭੇਜ ਦਿੱਤੀ। ਜਿੱਦਣ ਭੋਗ ਪਿਆ, ਮੇਰੇ ਸਣੇ ਚਾਰ ਪੰਜ ਜਣਿਆਂ ਨੇ ਬਣਦੀ ਸਰਦੀ ਸ਼ਰਧਾਂਜਲੀ ਦਿੱਤੀ। ਸ਼ਰਧਾਂਜਲੀ ਸਮਾਗਮ ਉਤੇ ਲੋਕ ਡਰਦੇ ਮਾਰੇ ਲੁਕ ਛਿਪ ਕੇ ਪੁੱਜੇ ਪਰ ਕੋਈ ਵੱਡਾ ਲੀਡਰ ਨਹੀਂ ਸੀ ਪੁੱਜਾ। ਮਗਰੋਂ ਸੀ. ਆਈ. ਡੀ. ਨੇ ਭੇਤ ਖੋਲ੍ਹਿਆ ਕਿ ਸਾਧਾਰਨ ਪੱਧਰ ਦੇ ਕਾਮਰੇਡ ਮਹਿੰਦਰ ਸੈਕਟਰੀ ਨੂੰ ਮਾਰਨ ਦਾ ਤਾਂ ਮਕਸਦ ਹੀ ਹੋਰ ਸੀ। ਰਿਵਾਲਵਰ ਲੈਣ ਦਾ ਤਾਂ ਬਹਾਨਾ ਬਣਾਇਆ ਗਿਆ ਸੀ। ਅਤਿਵਾਦੀਆਂ ਨੇ ਮਾਰਕਸੀ ਪਾਰਟੀ ਦੇ ਉਸ ਵਰਕਰ ਨੂੰ ਇਸ ਲਈ ਮਾਰਿਆ ਸੀ ਕਿ ਉਸ ਦੇ ਭੋਗ ਸਮਾਗਮ 'ਤੇ ਸ਼ਰਧਾਂਜਲੀਆਂ ਦੇਣ ਲਈ ਵੱਡੇ ਲੀਡਰ ਆਉਣਗੇ ਤੇ ਉਹ ਉਨ੍ਹਾਂ ਦਾ ਸ਼ਿਕਾਰ ਕਰ ਕੇ ਵੱਡੀਆਂ ਸੁਰਖ਼ੀਆਂ ਲੁਆਉਣਗੇ!

ਉਨ੍ਹੀਂ ਦਿਨੀਂ ਪੰਜਾਬ ਦਾ ਸ਼ਾਇਦ ਹੀ ਕੋਈ ਘਰ ਹੋਵੇ ਜੀਹਦਾ ਕੋਈ ਰਿਸ਼ਤੇਦਾਰ ਜਾਂ ਨੇੜ-ਤੇੜ ਦਾ ਸੱਜਣ ਮਿੱਤਰ ਅਣਿਆਈ ਮੌਤੇ ਨਾ ਮਾਰਿਆ ਗਿਆ ਹੋਵੇ। ਮੇਰੇ ਸਾਂਢੂ ਦਾ ਪ੍ਰੀ ਮੈਡੀਕਲ 'ਚ ਪੜ੍ਹਦਾ ਮੁੰਡਾ ਪੁਲਿਸ ਨੇ ਘਰੋਂ ਭਜਾ ਦਿੱਤਾ ਸੀ। ਉਸ ਨੂੰ ਅਸੀਂ ਲੱਭ ਕੇ ਲਿਆਉਂਦੇ ਤੇ ਪੜ੍ਹਨੇ ਲਾਉਂਦੇ ਤਾਂ ਪੁਲਿਸ ਫਿਰ ਕਿਸੇ ਵਾਰਦਾਤ 'ਚ ਫਸਾਉਣ ਦੇ ਬਹਾਨੇ ਬੰਨ੍ਹ ਲੈਂਦੀ ਤੇ ਪੈਸੇ ਖਾਂਦੀ ਰਹਿੰਦੀ। ਸਾਂਢੂ ਬੈਂਕ ਮੈਨੇਜਰ ਸੀ। ਉਹ ਸਮਝਦਾ ਸੀ, ਮੁੰਡਾ ਬਚ ਜਾਏ, ਪੈਸਿਆਂ ਦਾ ਕੀ ਐ? ਪਰ ਅਸੀਂ ਹਰ ਹੀਲਾ ਵਰਤ ਕੇ ਵੀ ਉਸ ਹੋਣਹਾਰ ਮੁੰਡੇ ਨੂੰ ਬਚਾ ਨਾ ਸਕੇ ਤੇ ਉਸ ਨੂੰ ਇਕ ਦਿਨ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਉਸ ਦਾ ਨਾਂ ਪਵਨਦੀਪ ਸਿੰਘ ਸੀ ਜਿਸ ਦਾ ਡੈਥ ਸਰਟੀਫਿਕੇਟ ਵੀ ਅਜੇ ਤਕ ਨਹੀਂ ਮਿਲਿਆ। ਉਸ ਦਾ ਕਤਲ ਕਿਸੇ ਨਾਮੀ ਖਾੜਕੂ ਦਾ ਕਹਿ ਕੇ ਇਨਾਮੀ ਖਾੜਕੂ ਦੇ ਸਿਰ ਦਾ ਇਨਾਮ ਵਸੂਲ ਲਿਆ ਗਿਐ! ਪਤਾ ਨਹੀਂ ਹੋਰ ਕਿੰਨਿਆਂ ਦੇ ਇਨਾਮ ਇਸ ਤਰ੍ਹਾਂ ਮਾਠੇ ਗਏ ਹੋਣਗੇ ਤੇ ਪੁਲਿਸ ਅਫਸਰਾਂ ਨੇ ਤਰੱਕੀਆਂ ਲਈਆਂ ਹੋਣਗੀਆਂ?

ਮੇਰੇ ਭਰਾ ਅਰਜਨ ਦਾ ਛੋਟਾ ਸਾਲਾ ਕਬੱਡੀ ਦਾ ਖਿਡਾਰੀ ਸੀ। ਉਸ ਦਾ ਪਿਤਾ ਪਿੰਡ ਦਾ ਸਰਪੰਚ ਤੇ ਬੀਬੀ ਭੱਠਲ ਦਾ ਸਮੱਰਥਕ ਸੀ। ਪਹਿਲਾਂ 'ਬਾਬੇ' ਸਰਪੰਚ ਨੂੰ ਪਏ ਪਰ ਕਿਸੇ ਕਾਰਨ ਛੱਡ ਗਏ। ਫਿਰ ਉਸ ਦੇ ਨੌਜੁਆਨ ਪੁੱਤਰ ਨੂੰ ਚੁੱਕ ਲਿਆ। ਇਕ ਰਾਤ ਕਹਿੰਦੇ, ਚੱਲ ਤੈਨੂੰ ਘਰ ਛੱਡ ਆਈਏ। ਘਰ ਕੋਲ ਲਿਆ ਕੇ ਗੋਲੀ ਮਾਰ ਦਿੱਤੀ ਤਾਂ ਜੋ ਘਰ ਦਿਆਂ ਨੂੰ ਤੁਰਤ ਪਤਾ ਲੱਗ ਜਾਵੇ ਤੇ ਉਹ ਆਪਣੇ ਖਿਡਾਰੀ ਪੁੱਤਰ ਦਾ ਮੂੰਹ ਵੇਖ ਲੈਣ! ਨਾਲ ਪਿੰਡ 'ਚ ਦਹਿਸ਼ਤ ਪਾ ਦਿੱਤੀ ਕਿ 'ਬਾਬੇ' ਇਹ ਕੁਛ ਵੀ ਕਰ ਸਕਦੇ ਨੇ!! ਇਹ ਵੱਖਰੀ ਗੱਲ ਹੈ ਕਿ ਉਹ ਕਾਤਲ ਵੀ ਫਿਰ ਗਿਣਤੀ ਦੇ ਦਿਨ ਹੀ ਜੀਅ ਸਕੇ।

ਇਕ ਦਿਨ ਅਤਿਵਾਦੀ ਢੁੱਡੀਕੇ ਦੇ ਸਕੂਲ ਵਿਚ ਆ ਗਏ। ਉਹ ਇਕ ਘੋਨੇ ਮਾਸਟਰ ਨੂੰ ਲੱਭ ਰਹੇ ਸਨ ਜਿਸ ਨੂੰ ਉਸ ਦੇ ਸਾਥੀਆਂ ਨੇ ਟਾਇਲਟਾਂ ਵਿਚ ਲੁਕੋ ਕੇ ਬਚਾ ਲਿਆ ਸੀ। ਦੌਧਰ ਦੇ ਸਕੂਲ ਵਿਚ ਇਕ ਘੋਨਾ ਮਾਸਟਰ ਬੱਚਿਆਂ ਦੀ ਹਾਜ਼ਰੀ ਲਾਉਂਦਾ ਮਾਰਿਆ ਗਿਆ ਸੀ। ਸਾਡੇ ਕਾਲਜ ਵਿਚ ਕੋਈ ਅਣੋਭੜ ਬੰਦਾ ਆਉਂਦਾ ਤਾਂ ਅਸੀਂ ਆਸੇ-ਪਾਸੇ ਹੋ ਜਾਣ 'ਚ ਬਚਾਅ ਸਮਝਦੇ। ਇਕ ਦਿਨ ਪੁਲਿਸ ਪੁੱਛਣ ਆਈ ਕਿ ਤੁਹਾਡੇ ਕਾਲਜ ਵਿਚ ਜਰਨੈਲ ਸਿੰਘ ਨਾਂ ਦੇ ਜਿਹੜੇ ਵਿਦਿਆਰਥੀ ਪੜ੍ਹਦੇ ਹਨ ਉਨ੍ਹਾਂ ਦੇ ਪਤੇ ਲਿਖ ਕੇ ਦੇਵੋ, ਸਾਥੋਂ ਉਤਲਿਆਂ ਨੇ ਮੰਗੇ ਹਨ। ਉਨ੍ਹਾਂ ਲਈ ਜਰਨੈਲ ਸਿੰਘ ਨਾਂ ਦਾ ਹਰੇਕ ਵਿਦਿਆਰਥੀ ਹੀ ਅਤਿਵਾਦੀ ਸੀ!

ਪੰਜਾਬ 'ਚ ਭਾਵੇਂ ਕੁਝ ਸਾਲ ਹੀ ਮੌਤ ਦਾ ਪਹਿਰਾ ਰਿਹਾ ਪਰ ਉਹ ਪੰਜਾਬ ਨੂੰ 50 ਸਾਲ ਪਿੱਛੇ ਸੁੱਟ ਗਿਆ। ਅੱਜ ਇਹ ਗੱਲਾਂ ਅਜੀਬ ਲੱਗਦੀਆਂ ਹਨ। ਪਰ ਜਦੋਂ ਬਦਅਮਨੀ ਫੈਲ ਜਾਵੇ ਤਾਂ ਕੁਝ ਅਜੀਬ ਨਹੀਂ ਲੱਗਦਾ। ਤਦੇ ਤਾਂ ਸਿਆਣੇ ਕਹਿੰਦੇ ਹਨ ਕਿ ਅੱਗ ਲੱਗਣ ਸਾਰ ਹੀ ਬੁਝਾ ਲਈ ਜਾਵੇ ਤਾਂ ਬੁਝ ਜਾਂਦੀ ਹੈ। ਜੇ ਭਾਂਬੜ ਬਣ ਜਾਵੇ ਤਾਂ ਬੁਝਾਉਣ ਵਾਲਿਆਂ ਨੂੰ ਵੀ ਲੈ ਬਹਿੰਦੀ ਹੈ।

## ਸੰਪਾਦਕ ਦੀ ਡਾਕ

# ਐਮਰਜੈਂਸੀ ਵੇਲੇ ਦੀਆਂ ਕੁਝ ਯਾਦਾਂ

ਪਿਆਰੇ ਅਮੋਲਕ ਜੀ,

ਤੁਸੀਂ ਪੰਜਾਬ ਟਾਈਮਜ਼ ਦੇ 12 ਸਤੰਬਰ ਦੇ ਅੰਕ ਵਿਚ ਐਮਰਜੈਂਸੀ ਵਾਲਾ ਲੇਖ ਵਿਚ ਹੋਸਟਲ ਨੰਬਰ ਇਕ ਦਾ ਜ਼ਿਕਰ ਕਰ ਕੇ ਉਸ ਵੇਲੇ ਦੀਆਂ ਮੇਰੀਆਂ ਵੀ ਕਈ ਭੁਲੀਆਂ ਯਾਦਾਂ ਮੁੜ ਤਾਜ਼ਾ ਕਰ ਦਿੱਤੀਆਂ ਹਨ। ਉਨ੍ਹਾਂ ਦਿਨਾਂ ਵਿਚ ਪੰਜਾਬ ਯੂਨੀਵਰਸਿਟੀ ਆਪਣੇ ਸ਼ਿਮਲੇ ਵਾਲੇ ਟੀਚਰਜ਼ ਹੌਲੀਡੇ ਹੋਮ ਦੀ ਨਵੇਂ ਸਾਲ ਲਈ ਬੁਕਿੰਗ ਪਹਿਲੀ ਜਨਵਰੀ ਨੂੰ ਸ਼ੁਰੂ ਕਰਦੀ ਹੁੰਦੀ ਸੀ। ਜੂਨ ਜੁਲਾਈ ਦੀ ਗਰਮੀ ਸ਼ਿਮਲੇ ਦੀ ਠੰਡ ਵਿਚ ਗੁਜ਼ਾਰਨ ਦੇ ਚਾਹਵਾਨ ਸੈਂਕੜੇ ਅਧਿਆਪਕ ਇਕ ਦਿਨ ਪਹਿਲਾਂ ਹੀ ਰਾਤ ਨੂੰ ਲਾਈਨ ਵਿਚ ਲਗ ਜਾਂਦੇ ਸਨ।

1975 ਦੇ 31 ਦਸੰਬਰ ਨੂੰ ਗੌਰਮਿੰਟ ਕਾਲਜ ਮੁਕਤਸਰ ਤੋਂ ਅਸੀਂ ਨੌਂ ਅਧਿਆਪਕ ਇਸੇ ਕੰਮ ਲਈ ਹੀ ਚੰਡੀਗੜ੍ਹ ਪੁੱਜੇ। ਸਭ ਤੋਂ ਪਹਿਲਾਂ ਅਸੀਂ ਗਿਆਰਾਂ ਸੈਕਟਰ ਪਹੁੰਚ ਕੇ ਪ੍ਰੋ. ਕੇਵਲ ਗਰਗ ਦੇ ਭਰਾ ਕੋਲ ਰਾਤ ਦਾ ਖਾਣਾ ਖਾਧਾ ਤੇ ਕਈਆਂ ਨੇ ਰਾਤ ਦੀ ਠੰਡ ਤੋਂ ਬਚਣ ਲਈ ਦਾਰੂ ਵੀ ਪੀਤੀ। ਫਿਰ ਭਾਰੇ ਕਪੜੇ ਪਹਿਨ ਰਿਕਸ਼ਿਆਂ 'ਤੇ ਬੈਠ ਅਸੀਂ ਐਡਮਿਨ ਬਲਾਕ ਦੇ ਹੇਠਲੇ ਗੇਟ ਅਗੇ ਪਹੁੰਚ ਗਏ। ਅਸੀਂ ਸੋਚਿਆ ਸੀ ਕਿ ਲਾਈਨ ਵਿਚ ਸਭ ਤੋਂ ਅੱਗੇ ਅਸੀਂ ਹੀ ਹੋਵਾਂਗੇ ਪਰ ਉਥੇ ਪਹਿਲਾਂ ਹੀ ਸੌ ਬੰਦੇ ਖੜ੍ਹੇ ਵੇਖ ਸਾਡੀ ਨਿਰਾਸ਼ਾ ਦੀ ਹੱਦ ਨਾ ਰਹੀ। ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਨ੍ਹਾਂ ਵਿਚ ਅਧਿਆਪਕ ਕੋਈ ਵੀ ਨਹੀਂ ਸੀ। ਸਾਰੇ ਦਰਜਾ-4 ਕਰਮਚਾਰੀ ਸਨ ਜੋ ਯੂਨੀਵਰਸਿਟੀ ਅਧਿਆਪਕਾਂ ਨੇ ਚਾਹ ਪਾਣੀ ਦੇ ਕੇ ਰਾਤ ਭਰ ਲਈ ਆਪਣੀ ਥਾਂ ਖੜ੍ਹੇ ਕੀਤੇ ਹੋਏ ਸਨ। ਅਸੀਂ ਲਲਕਾਰ ਕੇ ਐਲਾਨ ਕੀਤਾ ਕਿ ਦਰਜਾ ਚਾਰ ਕਰਮਚਾਰੀ ਬੁਕਿੰਗ ਲਈ ਹੱਕਦਾਰ ਨਹੀਂ ਹਨ ਇਸ ਲਈ ਉਹ ਲਾਈਨ ਵਿਚ ਨਹੀਂ ਲਗ ਸਕਦੇ। ਲਾਈਨ ਸਾਡੇ ਤੋਂ ਸ਼ੁਰੂ ਹੋਵੇਗੀ ਕਿਉਂਕਿ ਅਸੀਂ ਖੁਦ ਅਧਿਆਪਕ ਹਾਂ। ਸਾਡੇ ਤੋਂ ਬਾਦ ਕੋਈ ਲਗੇ ਸਾਨੂੰ ਕੋਈ ਇਤਰਾਜ਼ ਨਹੀਂ। ਇੰਨਾ ਕਹਿ ਕੇ ਅਸੀਂ ਅੱਗੇ ਖੜ੍ਹੇ ਚਪੜਾਸੀਆਂ ਨੂੰ ਖਦੇੜ ਕੇ ਖਿੜਕੀ ਕੋਲ ਮੂਹਰਲੀਆਂ ਥਾਂਵਾਂ ਮੱਲ ਲਈਆਂ।

ਚਪੜਾਸੀਆਂ ਵਿਚ ਘਬਰਾਹਟ ਫੈਲ ਗਈ। ਕੁਝ ਦੇਰ ਰੌਲਾ ਰੱਪਾ ਕਰ ਕੇ ਉਨ੍ਹਾਂ ਨੇ ਸਾਡੇ ਉਤੇ ਹਮਲਾ ਬੋਲ ਦਿਤਾ। ਅਸੀਂ ਪ੍ਰੋ. ਕੇਵਲ ਦੇ ਭਰਾ ਸਮੇਤ ਦਸ ਤੇ ਉਹ ਸੌ ਤੋਂ ਵੀ ਉਤੇ। ਦੇਖਦੇ ਹੀ ਦੇਖਦੇ ਘਮਸਾਨ ਦਾ ਯੁੱਧ ਹੋਣ ਲੱਗਾ। ਹੂਰੇ ਵੱਜੇ, ਜੁਤੀਆਂ ਚਲੀਆਂ, ਪਗੜੀਆਂ ਲੱਥੀਆਂ, ਲੀੜੇ ਫਟੇ, ਬੰਦੇ 'ਤੇ ਬੰਦਾ ਡਿਗਿਆ। ਸਭ ਲੜਨ ਵਾਲੇ ਸਨ ਹਟਾਉਣ ਵਾਲਾ ਕੋਈ ਨਹੀਂ ਸੀ। ਸਾਡੇ ਮੱਖਣਾਂ ਨਾਲ ਪਲੇ ਤੇ ਅਰਿਸਟੋਕਰੈਟ ਪੈਗਾਂ ਨਾਲ ਟੱਲੀ ਹੋਏ ਮੁਕਤਸਰੀਏ ਦੋਸਤਾਂ ਨੇ ਮੁਲਾਜ਼ਮ ਚੁੱਕ ਚੁੱਕ ਪਰ੍ਹੇ ਸੁੱਟੇ। ਕਈਆਂ ਦੀਆਂ ਗਰਦਨਾਂ ਨਪੀੜ ਦਿਤੀਆਂ ਤੇ ਕਈਆਂ ਨੂੰ ਭੁਆਂਟਣੀਆਂ ਦਿੱਤੀਆਂ। ਆਖਰ ਚੁਪਾਸਿਓਂ ਦੀਵਾਰਾਂ ਨਾਲ ਲੱਗੀਆਂ ਉਤਰ ਕਾਪੀਆਂ ਦੀਆਂ ਢਾਕਾਂ ਡਿਗ ਪਈਆਂ ਤੇ ਅੱਧੇ ਲੜਾਕੂ ਹੇਠ ਦਬ ਗਏ। ਫਿਰ ਤਾਂ ਆਪਣੇ ਪਰਾਏ ਦੀ ਪਹਿਚਾਣ ਨਾ ਰਹੀ ਤੇ ਕਿਸ ਨੂੰ ਕੌਣ ਕੁੱਟ ਰਿਹਾ ਹੈ, ਕੁਝ ਪਤਾ ਨਹੀਂ ਸੀ ਚਲ ਰਿਹਾ। ਸਮੂਚਾ ਦ੍ਰਿਸ਼ ਕਿਸੇ ਐਕਸ਼ਨ ਮੂਵੀ ਦੇ ਫਾਈਟ ਸੀਨ ਨੂੰ ਮਾਤ ਪਾ ਰਿਹਾ ਸੀ।

ਆਖਰ ਕੁਟਮਾਰ ਤੇ ਪ੍ਰਸ਼ਾਸਨੀ ਕਾਰਵਾਈ ਤੋਂ ਡਰ ਕੇ ਬਹੁਤੇ ਚਪੜਾਸੀ ਭੱਜਣ ਲਗੇ। ਉਨ੍ਹਾਂ 'ਚੋਂ ਕੁਝ ਇਕ ਸਕਿਊਰਿਟੀ ਗਾਰਦਾਂ ਨੂੰ ਇਤਲਾਹ ਦੇਣ ਲਈ ਦੌੜ ਗਏ। ਅਸੀਂ ਵੀ ਉਥੋਂ ਖਿਸਕਣ ਵਿਚ ਹੀ ਭਲਾਈ ਸਮਝੀ। ਸਭ ਜਿਧਰ ਮੂੰਹ ਆਇਆ, ਉਧਰ ਬਿਖਰ ਗਏ ਤੇ ਘੰਟੇ ਬਾਅਦ 15 ਸੈਕਟਰ ਵਿਚ ਜਾ ਕੇ ਮੁੜ ਇਕੱਠੇ ਹੋ ਗਏ। ਸਥਿਤੀ ਦਾ ਜਾਇਜ਼ਾ ਲਾਉਂਦਿਆਂ ਪੰਜਾਬੀ ਵਿਭਾਗ ਵਿਚ ਵਿਦਿਆਰਥੀ ਰਹਿ ਚੁੱਕੇ ਸਾਡੇ ਇਕ ਸਾਥੀ ਨੇ ਦਸਿਆ ਕਿ ਲਾਈਨ ਵਿਚ ਲਗੇ ਕਰਮਚਾਰੀਆਂ ਵਿਚੋਂ ਇਕ ਪ੍ਰੋ. ਵਿਸ਼ਵਾਨਾਥ ਤਿਵਾੜੀ ਦਾ ਚਪੜਾਸੀ ਸੀ ਜੋ ਸਾਇਦ ਆਪਣੇ ਮਾਲਕ ਦੀ ਬੁਕਿੰਗ ਕਰਵਾਉਣ ਲਈ ਆਇਆ ਹੋਵੇ। ਦੂਜੇ ਨੇ ਕਿਹਾ ਕਿ ਤਿਵਾੜੀ ਤਾਂ ਇੰਦਰਾ ਗਾਂਧੀ ਦਾ ਸੱਜਾ ਹੱਥ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨਾਲ ਘਿਓ ਖਿਚੜੀ। ਅਸੀਂ ਡਰੇ ਕਿ ਐਮਰਜੈਂਸੀ ਦਾ ਸਮਾਂ ਐ, ਸਵੇਰ ਹੋਣ ਤੋਂ ਪਹਿਲਾਂ ਹੀ ਸਾਰੇ ਮੁਅਤਲ ਹੋਏ ਸਮਝੋ। ਉਦਾਸੀ ਦੇ ਆਲਮ ਵਿਚ ਅਸੀਂ ਪੀ ਜੀ ਆਈ ਗੇਟ 'ਤੇ ਜਾ ਕੇ ਚਾਹ ਪੀਤੀ ਤੇ ਗਰਮ ਹੋ ਕੇ ਧਰਵਾਸ ਨਾਲ ਫਿਰ ਐਡਮਿਨ ਬਲਾਕ ਵਲ ਵਧੇ। ਦੂਰੋਂ ਵੇਖਿਆ ਕਿ ਤਿੰਨ ਚਾਰ ਸਕਿਉਰਿਟੀ ਵਾਲੇ ਮੌਕੇ ਤੇ ਪਹੁੰਚ ਗਏ ਸਨ ਤੇ ਸਥਿੱਤੀ ਕਾਬੂ ਵਿਚ ਸੀ। ਸਾਰੇ ਚਪੜਾਸੀ ਮੁੜ ਇਕ ਸਿੱਧੀ ਲਾਈਨ ਵਿਚ ਲਗ ਗਏ ਸਨ। ਅਸੀਂ ਕੰਬਲਾਂ ਦੀਆਂ ਬੁਕਲਾਂ ਨਾਲ ਰੂਪੋਸ਼ ਹੋ ਸਿੱਧੇ ਖਿੜਕੀ 'ਤੇ ਜਾ ਪੁਜੇ। ਲਾਈਨ ਵਿਚ ਪਹਿਲਾ ਵਿਅਕਤੀ ਪੁਲੀਟੀਕਲ ਸਾਇੰਸ ਦੀ ਡਾ. ਟਿੱਕੂ ਦਾ ਘਰ ਵਾਲਾ ਖੁਦ ਲਗਿਆ ਹੋਇਆ ਸੀ। ਅਸੀਂ ਸਾਰੇ ਉਸ ਤੋਂ ਪਿੱਛੇ ਜਾ ਲੱਗੇ। ਕੁਝ ਚਪੜਾਸੀਆਂ ਨੇ ਸਾਨੂੰ ਵੇਖ ਕੇ ਕੁਹਰਾਮ ਮਚਾਇਆ ਤੇ ਹੱਥੋ ਪਾਈ ਲਈ ਤਿਆਰ ਹੋਣ ਲਗੇ। ਪਰ ਸੁਰਖਿਆ ਵਾਲਿਆਂ ਨੇ ਉਨ੍ਹਾਂ ਨੂੰ ਦਬਕ ਦਿਤਾ। ਸਵੇਰੇ ਨੌਂ ਵਜੇ ਸਾਡੀ ਸਭ ਦੀ ਜੂਨ ਮਹੀਨੇ ਲਈ ਸ਼ਿਮਲੇ ਦੀ ਬੁਕਿੰਗ ਸੁਖੀਂ ਸਾਂਦੀਂ ਸਿਰੇ ਚੜ੍ਹੀ।

ਬੁਕਿੰਗ ਉਪਰੰਤ ਅਸੀਂ ਹੋਸਟਲ ਨੰਬਰ ਇਕ 'ਚ ਰਹਿੰਦੇ ਪ੍ਰੋ. ਸ਼ੁਕਲਾ ਦੇ ਭਰਾ ਇੰਦਰ ਨੂੰ ਮਿਲਣ ਗਏ ਜੋ ਐਮ ਏ ਅੰਗਰੇਜੀ ਕਰ ਰਿਹਾ ਸੀ। ਉਸ ਨੇ ਸਾਨੂੰ ਹੀਟਰ ਉਤੇ ਕੱਚ ਦੀ ਕੇਤਲੀ 'ਚ ਚਾਹ ਬਣਾ ਕੇ ਪਿਲਾਈ। ਉਸ ਦਾ ਇਹ ਕੌਤਕ ਬੜੀ ਹੈਰਾਨੀ ਹੋਈ। ਕੱਚ ਦੇ ਬਰਤਨ ਨੂੰ ਅੱਗ 'ਤੇ ਵੇਖਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਦੂਜੀ ਹੈਰਾਨੀ ਵਾਲੀ ਇਹ ਗੱਲ ਸੀ ਕਿ ਉਸ ਨੇ ਇਹ ਚਾਹ ਚੀਨੀ ਮਿੱਟੀ ਦੇ ਕੇਸ ਵਿਚ ਫਿੱਟ ਫ਼ਰਸ਼ 'ਤੇ ਹੀ ਰਖੇ ਇਕ ਵਡੇ ਹੀਟਰ ਉਤੇ ਬਣਾਈ ਸੀ ਜਿਸ ਦੀਆਂ ਸਭ ਤਾਰਾਂ ਨੰਗੀਆਂ ਸਨ ਤੇ ਜੋ ਹਮੇਸ਼ਾ ਬਲਦਾ ਹੀ ਛੱਡਿਆ ਹੋਇਆ ਸੀ। ਉਸ ਦੀ ਬਿਜਲੀ ਦੀ ਬੇਕਿਰਕ ਵਰਤੋਂ ਨਾਲ ਮੈਨੂੰ ਕਚਿਆਣ ਜਿਹੀ ਆਉਣ ਲਗੀ ਸੀ। ਹਥੇਲੀ 'ਚ ਆਉਣ ਵਾਲਾ ਛੋਟਾ ਇਲੈਕਟਰਾਨਿਕ ਕੈਲਕੂਲੇਟਰ ਵੀ ਮੈਂ ਸਭ ਤੋ ਪਹਿਲਾਂ ਇੰਦਰ ਕੋਲ ਹੀ ਵੇਖਿਆ ਜਿਸ ਦੇ ਨੰਬਰ ਤੇਜ਼ ਹਰੀਆਂ ਲਾਈਟਾਂ ਵਾਂਗ ਜਗਦੇ ਸਨ।

ਤੁਹਾਡੇ ਲੇਖ ਤੋਂ ਲਗਦੈ ਕਿ ਉਸ ਵੇਲੇ ਤੁਸੀਂ ਵੀ ਉਸੇ ਹੋਸਟਲ ਦੇ ਕਿਸੇ ਕਮਰੇ ਵਿਚ ਰਹਿੰਦੇ ਹੋਵੋਗੇ। ਪਰ ਪੂਰੀ ਉਮੀਦ ਹੈ, ਤੁਸੀਂ ਬਿਜਲੀ ਦੀ ਖ਼ਪਤ ਕਫਾਇਤ ਨਾਲ ਕਰਦੇ ਹੋਵੋਗੇ!

*-ਡਾ. ਗੋਬਿੰਦਰ ਸਿੰਘ ਸਮਰਾਓ*

*ਫੋਨ: 408-991-4249*

# ਪੰਜਾਬ ਦੇ ਅਦੀਬਾਂ ਲਈ ਇਬਾਦਤਯੋਗ ਥਾਂ-ਪ੍ਰੀਤਨਗਰ

ਜਦੋਂ ਵੀ ਦੂਰ-ਦਰਾਜ ਦੇ ਕਿਸੇ ਲੇਖਕ ਜਾਂ ਪਾਠਕ ਦਾ ਫੋਨ ਆਉਂਦਾ ਹੈ ਤਾਂ ਬਹੁਤ ਲੋਕਾਂ ਦੀ ਜਿਗਿਆਸਾ ਪ੍ਰੀਤਨਗਰ ਬਾਰੇ ਜਾਨਣ ਦੀ ਹੁੰਦੀ ਹੈ। ਲੇਖਕਾਂ-ਪਾਠਕਾਂ ਅਤੇ ਪੰਜਾਬੀ ਪਿਆਰਿਆਂ ਦਾ ਪ੍ਰੀਤਨਗਰ ਨਾਲ ਮੋਹ ਏਨਾ ਹੈ ਕਿ ਉਨ੍ਹਾਂ ਲਈ ਪ੍ਰੀਤਨਗਰ ਜਾਣਾ ਹੱਜ ਕਰਨ ਵਾਂਗ ਹੁੰਦਾ ਹੈ। ਪ੍ਰੀਤਨਗਰ ਪ੍ਰਤੀ ਲੋਕਾਂ ਦੀ ਖਿੱਚ ਵੇਖ ਕੇ ਹਾਸ਼ਮ ਸ਼ਾਹ ਦਾ ਸ਼ਿਅਰ ਯਾਦ ਆ



ਜਤਿੰਦਰ ਸਿੰਘ ਔਲ਼ਖ
ਫੋਨ: 91-98155-34653

ਗਿਆ, ਹਾਸ਼ਿਮ ਯਾਰ ਮਿਲੇ ਤੁਧ ਆਖਾਂ, ਅਸਾਂ ਖੂਬ ਡਿੱਠਾ ਸੁਖ ਤੇਰਾ।

ਤੇ ਪ੍ਰੀਤਨਗਰ ਦੀਆਂ ਰਹਿਮਤਾਂ ਦਾ ਸੁੱਖ ਬਹੁਤ ਸਾਰੇ ਅਦੀਬਾਂ, ਕਲਾਕਾਰਾਂ, ਫਿਲਾਸਫਰਾਂ ਨੇ ਮਾਣਿਆ ਹੈ। ਇਹ ਅੱਜ ਵੀ ਪੰਜਾਬ ਦੀ ਧਰਤੀ 'ਤੇ ਅਮਨ ਦਾ ਹੋਕਾ ਦੇਣ ਵਾਲਿਆਂ ਦੀ ਇਬਾਦਤਗਾਹ ਹੈ ਤਾਂ ਹੈ ਹੀ ਨਾਲ ਹੀ ਇਹ ਕਦੀ ਸਾਵੀਂ-ਪੱਧਰੀ ਜ਼ਿੰਦਗੀ ਸਿਰਜਣ ਦੇ ਚਾਹਵਾਨਾਂ ਦਾ ਗੜ੍ਹ ਵੀ ਰਿਹਾ। ਪ੍ਰੀਤਨਗਰ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੁਆਰਾ ਨਵਾਂ ਸੰਸਾਰ ਸਿਰਜਣ ਦਾ ਸੁਪਨਾ ਸੀ ਜਿਸ ਵਿਚ ਸਭ ਪਾਸੇ ਸਮਾਨਤਾ ਦਾ ਪਸਾਰਾ ਹੋਵੇ। ਉਚ-ਨੀਚ, ਡਰ-ਭਉ, ਦਵੈਖ-ਈਰਖਾ ਦਾ ਨਾਮ ਨਿਸ਼ਾਨ ਨਾ ਹੋਵੇ। ਜਿਵੇਂ ਭਗਤ ਬਾਣੀ ਵਿਚ ਆਉਂਦਾ ਹੈ, 'ਬੇਗਮਪੁਰਾ ਸਹਿਰ ਕਾ ਨਾਉ' ਅਤੇ 'ਕਹਿ ਕਬੀਰ ਸੁਖਿ ਸਹਜਿ ਸਮਾਵਉ॥ ਆਪ ਨ ਡਰੋ ਅਵਰ ਨਾ ਡਰਾਉ॥' ਵਰਗੇ ਸੰਕਲਪ ਮਿਲਦੇ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਅਜਿਹੇ ਸੰਕਲਪਾਂ ਦੀ ਪੂਰਤੀ ਦਾ ਖੁਆਬ ਵੇਖਿਆ। ਅਤੇ ਇਸ ਖੁਆਬ ਨੂੰ ਹਕੀਕਤ ਵਿਚ ਬਦਲਣ ਲਈ ਅਦਭੁੱਤ ਤਰੀਕੇ ਅਤੇ ਕਮਾਲ ਦੇ ਯਕੀਨ ਨਾਲ ਮੈਦਾਨ ਵਿਚ ਨਿੱਤਰੇ।


ਸ. ਪ੍ਰੀਤਲੜੀ ਨੇ 374 ਘੁਮਾ ਜਮੀਨ, ਜੋ ਕੱਲਰ ਸੀ ਇਕ ਪੈਸਾ ਗਜ ਦੇ ਹਿਸਾਬ ਨਾਲ ਖਰੀਦੀ। ਉਸ ਵੇਲੇ ਉਹ ਅਮਰੀਕਾ ਤੋਂ ਇੰਜੀਨੀਅਰ ਦੀ ਪੜਾਈ ਕਰਕੇ ਮੁੜੇ ਸਨ। ਇਸ ਜ਼ਮੀਨ ਦਾ ਸੌਦਾ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਕਰਵਾਇਆ ਸੀ। ਇਹ ਜਮੀਨ ਪਿੰਡ ਲੋਪੋਕੇ (ਜਿਲ੍ਹਾ ਲਾਹੌਰ) ਅਜ-ਕਲ੍ਹ ਜਿਲ੍ਹਾ ਅੰਮ੍ਰਿਤਸਰ



ਰੌਣਕਾਂ ਦੇ ਮੁੜ ਪਰਤਣ ਨੂੰ ਤਰਸ ਰਿਹਾ ਬਲਰਾਜ ਸਾਹਨੀ ਦਾ ਘਰ

ਵਿਚ ਪੈਂਦੀ ਹੈ। 7 ਜੂਨ 1938 ਨੂੰ ਪ੍ਰੀਤਨਗਰ ਦੀ ਸਥਾਪਨਾ ਹੋਈ। ਜ਼ਮੀਨ ਵਿਚ ਜਹਾਂਗੀਰ ਵੇਲੇ ਦਾ ਤਲਾਬ ਮੌਜੂਦ ਸੀ। ਇੱਥੇ ਖੂਹ, ਬਾਗ ਬੁਰਜ ਵੀ ਮੌਜੂਦ ਸੀ। ਪ੍ਰੀਤਲੜੀ ਸਮਾਧ ਬਾਬਾ ਫੂਲਾ ਸਿੰਘ ਤੋਂ 1934 ਵਿਚ ਜਾਰੀ ਕੀਤੀ ਗਈ। ਜਹਾਂਗੀਰ ਦੀ ਬੇਗਮ ਨੂਰਜਹਾਂ ਦੀ ਅਰਾਮਗਾਹ ਨੂੰ ਪ੍ਰੈਸ ਵਿਚ ਬਦਲ ਦਿੱਤਾ ਗਿਆ। ਪ੍ਰੀਤਲੜੀ ਦੇ ਪਹਿਲੇ ਸਫੇ 'ਤੇ ਅੰਕਿਤ ਹੁੰਦਾ ਸੀ,

ਕਿਸੇ ਦਿਲ ਸਾਂਝੇ ਦੀ ਧੜਕਣ
ਕਿਸੇ ਪ੍ਰੀਤ ਗੀਤ ਦੀ ਲੈਅ।



ਗੁਰਬਖਸ਼ ਸਿੰਘ ਪ੍ਰੀਤ ਲੜੀ

ਪਤੇ ਪ੍ਰੀਤ ਲੜੀ ਦੇ ਦੱਸਣ
ਜਿਸ ਵਿਚ ਪਰੋਤੀ ਸਭੇ ਸ਼ੈਅ।

ਪ੍ਰੀਤਨਗਰ ਦੀ ਰੂਪ ਰੇਖਾ ਪ੍ਰੀਤਲੜੀ ਵਿਚ ਛਪੀ ਤਾਂ ਵੱਖ-ਵੱਖ ਵਰਗਾਂ ਦੇ ਲੋਕ ਪਲਾਟ ਕਟਾਉਣ ਲਈ ਧੜਾਧੜ ਰਕਮਾਂ ਭੇਜਣ ਲੱਗੇ। 'ਸੰਸਾਰ ਪ੍ਰੀਤ ਮੰਡਲ' ਅਤੇ 'ਪ੍ਰੀਤ ਸੈਨਾ' ਹੋਂਦ ਵਿਚ ਆ ਗਈ। ਪ੍ਰੀਤਨਗਰ ਦੀ ਦਿੱਖ ਨੂੰ ਹੋਰ ਨਿਖਾਰਨ ਅਤੇ ਇਸ ਦੇ ਮਿਥੇ ਨਿਸ਼ਾਨੇ ਨੂੰ ਲੋਕਾਂ ਵਿਚ ਪ੍ਰਸਾਰਣ ਲਈ ਪ੍ਰੀਤ ਸੈਨਕਾਂ ਨੇ ਦਿਨ-ਰਾਤ ਇਕ ਕਰ ਦਿੱਤਾ। ਪ੍ਰੀਤ ਸੈਨਕਾਂ ਵਿਚ ਪ੍ਰਮੁੱਖ ਨਾਨਕ ਸਿੰਘ ਨਾਵਲਿਸਟ, ਪਿਆਰਾ ਸਿੰਘ ਸਹਿਰਾਈ, ਨਗਿੰਦਰ ਸਿੰਘ, ਇੰਦਰ ਸਿੰਘ ਚੱਕਰਵਤੀ, ਕਰਤਾਰ ਸਿੰਘ ਸੱਚਦੇਵ, ਪ੍ਰੀਤਮ ਸਿੰਘ ਚਾਹਲ ਆਦਿ ਪ੍ਰਮੁੱਖ ਸਨ।

ਦੇਸ਼-ਕੌਮ, ਮਜਹਬ, ਜਾਤ, ਰੰਗ, ਨਸਲ, ਆਦਿ ਤੁਅਸਬਾਂ ਤੋਂ ਹਟ ਕੇ ਮਨੁੱਖ ਜਾਤੀ ਨੂੰ ਇਨਸਾਨੀਅਤ ਦੇ ਧਰਮ ਵਿਚ ਪਰੋਣਾ 1937 ਦੇ ਪ੍ਰੀਤਲੜੀ ਦਾ ਮਨੋਰਥ ਦੱਸਿਆ ਗਿਆ। ਮਨੁੱਖ ਜਾਤੀ ਦੀ ਸੇਵਾ, ਜ਼ਿੰਦਗੀ ਦਾ ਮਿਆਰ ਉਚਾ ਬਣਾਉਣਾ, ਕੁਦਰਤੀ ਢੰਗ-ਤਰੀਕਿਆਂ ਨਾਲ ਆਪਸੀ ਭਾਈਚਾਰਾ ਪੈਦਾ ਕਰਨਾ, ਸੰਸਾਰ ਅਤੇ ਬ੍ਰਹਿਮੰਡ ਦੇ ਸੁਹੱਪਣ ਨੂੰ ਵਧਾਉਣਾ ਸ੍ਰੋਮਣੀ ਮਜਹਬ ਦੱਸਿਆ ਗਿਆ।

ਪ੍ਰੀਤਨਗਰ ਦੀਆਂ ਰੌਣਕਾਂ ਵਧਣ ਲੱਗੀਆਂ। ਇਨਸਾਨੀਅਤ ਧਰਮ ਸਿਰਜਣ ਦੇ ਚਾਹਵਾਨਾਂ ਅਤੇ ਅਮਨ ਦੇ ਪੈਰੋਕਾਰਾਂ ਨੂੰ ਇਕ ਫਰੰਟ ਮਿਲ ਗਿਆ। ਪ੍ਰੀਤਨਗਰ ਬਾਰੇ ਪਿਆਰਾ ਸਿੰਘ ਸਹਿਰਾਈ ਦੀ ਕਵਿਤਾ ਹੈ,

ਪ੍ਰੀਤਨਗਰ ਦੀਆਂ ਖੁੱਲੀਆਂ ਥਾਂਵਾਂ
ਰੁਮਕ-ਰੁਮਕ ਕੇ ਵਗਣ ਹਵਾਵਾਂ
ਅੱਜ ਇੱਥੇ ਹੈ ਕੋਈ ਅਰਸ਼ੀ
ਆਸ ਪਲਮਦੀ ਆਈ।
ਪਿਆਰੇ-ਪਿਆਰੇ ਵਾਸੀ ਇਸ ਦੇ
ਸੋਹਣੇ-ਸੋਹਣੇ ਦਿਲ ਜਿਨ੍ਹਾਂ ਦੇ,
ਨਾ ਕੋਈ ਵੈਰੀ ਨਾਹੀ ਬਿਗਾਨਾ,
ਸਗਲ ਸੰਗ ਬਣ ਆਈ।
ਚੰਨ ਚਾਨਣੀ ਹੇਠ ਤਲਾ ਦੇ,
ਬਹਿ ਗਿਆ ਪ੍ਰੀਤ ਕਾਫਲਾ ਆ ਕੇ
ਟੱਲੀਆਂ ਦੀ ਟੁਣਕਾਰ ਏ ਦੱਸਦੀ
ਦੂਰ ਮੰਜ਼ਿਲ ਦੇ ਰਾਹੀ।

1940 ਵਿਚ ਪ੍ਰੀਤਨਗਰ ਵਿਚ ਇੱਕ ਐਕਟੀਵਿਟੀ ਸਕੂਲ ਖੋਲ੍ਹਿਆ ਗਿਆ। ਜਿਸ ਦੇ ਪਹਿਲੇ ਪ੍ਰਿੰਸੀਪਲ ਸ. ਜਗਦੀਸ਼ ਸਿੰਘ ਸਨ। 1940 ਵਿਚ ਪੰਡਿਤ ਜਵਾਹਰ ਲਾਲ ਨਹਿਰੂ ਇਹ ਸਭ ਕੁਝ ਖੁਦ ਵੇਖਣ ਆਏ ਅਤੇ ਇਸ ਸਭ ਕੁਝ ਤੋਂ ਬਹੁਤ ਪ੍ਰਭਾਵਿਤ ਹੋਏ। ਪ੍ਰੀਤ ਮਿਲਣੀਆਂ ਵਿਚ ਡਰਾਮੇ ਖੇਡੇ ਜਾਂਦੇ, ਗੀਤ ਗਾਏ ਜਾਂਦੇ। ਬਲਵੰਤ ਗਾਰਗੀ ਦਾ ਨਾਟਕ 'ਲੋਹਾ ਕੁੱਟ' ਇੱਥੇ ਖੇਡਿਆ ਗਿਆ। ਸ਼ੀਲਾ ਭਾਟੀਆ ਦਾ ਕਾਵਿ ਨਾਟਕ ਹੁੱਲੇ-ਹੁਲਾਰੇ ਕਈ ਵਾਰ ਖੇਡਿਆ ਗਿਆ। ਇਸ ਦੀਆਂ ਕਲਾਕਾਰ ਕੁੜੀਆਂ ਉਮਾ, ਸ਼ਕੁੰਤਲਾ, ਪ੍ਰਤਿਮਾ, ਉਰਮਿਲਾ (ਅੱਜ ਕਲ੍ਹ ਉਰਮਿਲਾ ਅਨੰਦ), ਸ਼ੀਲਾ ਗ੍ਰਿਫਤਾਰ ਹੋਈਆਂ। ਤੇਰਾ ਸਿੰਘ ਚੰਨ ਦੇ ਉਪਰੇ,



ਭੋਇੰ ਵਾਹੁੰਦਿਆਂ ਦੀ, ਘਰ ਵਸਦਿਆਂ ਦੇ-ਚਿੱਤਰਕਾਰ ਸੋਭਾ ਸਿੰਘ ਦਾ ਘਰ

ਅਮਰਜੀਤ ਗੁਰਦਾਸਪੁਰੀ ਦੀ ਬੁਲੰਦ ਅਤੇ ਸੁਰਿੰਦਰ ਕੌਰ ਦੀ ਮਧੁਰ ਅਵਾਜ ਪ੍ਰੀਤਨਗਰ ਦੇ ਸਨੇਹੀਆਂ ਨੂੰ ਕੀਲ ਲੈਂਦੀ। ਧਾਰਮਿਕ ਲਿਖਾਰੀ ਤੇਜਾ ਸਿੰਘ ਕੋਹਲੀ ਦੀ ਨੂੰਹ ਅਤੇ ਗੋਪਾਲ ਸਿੰਘ ਦੀ ਪਤਨੀ ਤੇਜ ਕੌਰ ਕੋਹਲੀ ਵੱਲੋਂ ਡਰਾਮਿਆਂ ਵਿਚ ਨਿਭਾਏ ਰੋਲ ਨੂੰ ਅੱਜ ਵੀ ਲੋਕ ਯਾਦ ਕਰਦੇ ਹਨ। ਸ. ਗੁਰਬਖਸ਼ ਸਿੰਘ ਦੀ ਲੇਖਣੀ ਅਤੇ ਪ੍ਰੀਤਨਗਰ ਦੀਆਂ ਸਰਗਰਮੀਆਂ ਤੋਂ ਪ੍ਰਭਾਵਿਤ ਹੋ ਕੇ ਇੱਥੇ ਆ ਵੱਸੇ ਲੇਖਕਾਂ ਵਿਚ ਪੰਜਾਬੀ, ਹਿੰਦੀ ਅਤੇ ਉਰਦੂ ਦੇ ਅਦੀਬਾਂ ਵਿਚ ਬਲਵੰਤ ਗਾਰਗੀ, ਮੁਲਕ ਰਾਜ ਅਨੰਦ, ਬਲਰਾਜ ਸਾਹਨੀ, ਨਾਨਕ ਸਿੰਘ, ਉਪੇਂਦਰ ਨਾਥ ਅਸ਼ਕ, ਸੁਖਬੀਰ, ਚਿਤਰਕਾਰ ਸੋਭਾ ਸਿੰਘ, ਫਿਲਮੀ ਕਲਾਕਾਰ ਅਚਲਾ ਸੱਚਦੇਵਾ, ਅੰਮ੍ਰਿਤਾ ਪ੍ਰੀਤਮ, ਅਮਰਜੀਤ ਚੰਦਨ, ਪ੍ਰਮਿੰਦਰਜੀਤ (ਸੰਪਾਦਕ 'ਅੱਖਰ' ਮਾਸਿਕ), ਅਤੇ ਮੁਖਤਾਰ ਗਿੱਲ ਸ਼ਾਮਿਲ ਹਨ। ਹੁਣ ਕੇਵਲ ਕਹਾਣੀਕਾਰ ਮੁਖਤਾਰ ਗਿੱਲ ਹੀ ਇੱਥੇ ਰਹਿੰਦੇ।

ਸਾਹਿਰ ਲੁਧਿਆਣਵੀ ਵੀ ਕੁਝ ਸਮਾਂ 'ਪ੍ਰੀਤਲੜੀ' ਉਰਦੂ ਦੇ ਸੰਪਾਦਕ ਬਣ ਕੇ ਇੱਥੇ ਰਹੇ। ਪ੍ਰਸਿੱਧ ਸ਼ਾਇਰ ਪ੍ਰਮਿਦਰਜੀਤ ਤੇ ਮੁਖਤਾਰ ਗਿੱਲ ਨੇ 1975 ਵਿਚ ਇੱਥੋਂ 'ਲੋਅ' ਮੈਗਜ਼ੀਨ ਜਾਰੀ ਕੀਤਾ। ਜਿਸ ਦਾ ਨਾਮ ਬਦਲ ਕੇ ਬਾਅਦ ਵਿਚ 'ਅੱਖਰ' ਕਰ ਦਿੱਤਾ ਗਿਆ।

1947 ਦੀ ਫਿਰਕੂ ਹਨੇਰੀ ਵੇਲੇ ਇੱਥੇ ਲਾਇਬ੍ਰੇਰੀ ਸਾੜ ਦਿੱਤੀ ਗਈ ਤੇ ਕਈ ਅਦੀਬ ਇੱਥੋਂ ਹੋਰ ਥਾਂਵਾਂ ਵੱਲ ਕੂਚ ਕਰ ਗਏ। ਕਈ ਦੁਬਾਰਾ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ



ਸੁਮੀਤ ਸਿੰਘ

ਕੋਸ਼ਿਸ਼ਾਂ ਸਦਕਾ ਵਾਪਸ ਆ ਗਏ। ਅਦੀਬਾਂ ਦੇ ਕਈ ਘਰ ਉਸੇ ਰੂਪ ਵਿਚ ਸੰਭਾਲੇ ਪਏ ਹਨ। ਤੇ ਕੁਝ ਖਤਮ ਹੋ ਚੁੱਕੇ ਹਨ। ਪ੍ਰੀਤਨਗਰ ਦਾ ਪਤਨ 1947 ਦੀ ਫਿਰਕੂ ਹਨੇਰੀ ਵੇਲੇ ਹੋਇਆ ਪਰ 1970 ਵੇਲੇ ਪ੍ਰੀਤਨਗਰ ਅਤੇ ਪ੍ਰੀਤ ਲਹਿਰ ਨੂੰ ਉਦੋਂ ਬਹੁਤ ਸੱਟ ਵੱਜੀ ਜਦੋਂ ਇਲਾਕੇ 'ਚ ਨਕਸਲਬਾੜੀ ਲਹਿਰ ਜੋਰ ਫੜ ਗਈ। ਇਸ ਇਲਾਕੇ 'ਚ ਸਾਥੀ ਬਲਦੇਵ ਸਿੰਘ ਮਾਨ, ਸਰਬਜੀਤ ਸਿੰਘ ਭਿੱਟੇਵੱਡ ਸਮੇਤ ਅਨੇਕ ਨਕਸਲੀ ਲੋਕਾਂ ਲਈ ਲੜਦੇ ਹੋਏ ਸ਼ਹੀਦ ਹੋਏ। ਨਕਸਲੀ ਲਹਿਰ ਦੇ ਪ੍ਰਭਾਵ ਹੇਠ ਇੱਕ ਪ੍ਰੀਤ ਮਿਲਣੀ ਸਮੇਂ ਵਰਿਆਮ ਸਿੰਘ ਸੰਧੂ ਨੇ ਉਚੀ ਸੁਰ ਵਿਚ ਪ੍ਰੀਤ ਫਲਸਫੇ ਦੇ ਵਿਰੁਧ ਆਵਾਜ਼ ਉਠਾਈ। ਫਿਰ ਪ੍ਰੀਤਲੜੀ ਦੀ ਛਪਣ ਗਿਣਤੀ ਘਟਣੀ ਸ਼ੁਰੂ ਹੋ ਗਈ। ਪ੍ਰੀਤਨਗਰ ਤੇ ਪ੍ਰੀਤ ਲਹਿਰ ਨੂੰ ਸਮੇਂ-ਸਮੇਂ ਪੰਜਾਬ ਦੀ ਰਾਜਨੀਤਕ ਉਥਲ-ਪੁਥਲ ਦਾ ਵੀ ਸਾਹਮਣਾ ਕਰਨਾ ਪਿਆ। 1942 ਵਿਚ ਅੰਗਰੇਜ਼ਾਂ ਨੇ ਪ੍ਰੀਤਨਗਰ ਵਿਖੇ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ 'ਤੇ ਪਬੰਦੀ ਲਾ ਦਿੱਤੀ ਸੀ ਕਿਉਂਕਿ ਇੱਥੇ ਨਾਟਕ 'ਕੱਢ ਦਿਉ ਬਾਹਰ ਫਰੰਗੀਆਂ ਨੂੰ' ਖੇਡਿਆ ਗਿਆ ਸੀ। ਨਕਸਲੀ ਲਹਿਰ ਤੋਂ ਬਾਅਦ ਖਾਲਿਸਤਾਨੀ ਲਹਿਰ ਨੇ ਤਾਂ ਪ੍ਰੀਤਨਗਰ ਦੀਆਂ ਪ੍ਰੀਤ ਮਿਲਣੀਆਂ ਦਾ ਭੋਗ ਹੀ ਪਾ ਦਿੱਤਾ। ਐਡਾ ਲੋਪੋਕੇ ਵਿਚ ਸ. ਪ੍ਰੀਤਲੜੀ ਦੇ ਪੋਤਰੇ ਸੁਮੀਤ ਸਿੰਘ ਦੀ ਹੱਤਿਆ ਕਰ ਦਿੱਤੀ ਗਈ। ਤੇ ਲਹਿਰ ਖਤਮ ਹੋ ਗਈ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪਰਿਵਾਰ ਦੇ ਕੁਝ ਜੀਅ ਅਜੇ ਵੀ ਇੱਥੇ ਰਹਿ ਰਹੇ ਹਨ। ਨਾਨਕ ਸਿੰਘ ਦਾ ਪਰਿਵਾਰ ਅੰਮ੍ਰਿਤਸਰ ਵੱਸ ਗਿਆ।

## ਮੁੜ ਟਹਿਕ ਪਈਆਂ ਗੁਲਜ਼ਾਰਾਂ

ਪ੍ਰੀਤ ਲਹਿਰ ਦੇ ਇਕ ਵਾਰ ਖਤਮ ਹੋ ਜਾਣ ਪਿੱਛੋਂ ਅੱਜ ਕਲ੍ਹ ਇੱਥੇ ਮੁੜ ਸਭਿਆਚਾਰਕ ਅਤੇ ਸਾਹਿਤਕ ਸਰਗਰਮੀਆਂ ਜੋਰ ਫੜ੍ਹ ਰਹੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਦਮ ਨਾਲ ਇੱਥੇ ਗੁਰਬਖਸ਼ ਸਿੰਘ, ਨਾਨਕ ਸਿੰਘ ਫਾਉਂਡੇਸ਼ਨ ਦੀ ਸਥਾਪਨਾ ਕੀਤੀ ਗਈ ਹੈ। ਬੜੀ ਆਲੀਸ਼ਾਨ ਇਮਾਰਤ ਵੀ ਉਸਾਰੀ ਗਈ ਹੈ। ਅਕਸਰ ਭਾਰਤ ਅਤੇ ਪਾਕਿਸਤਾਨ ਤੋਂ ਨਾਟਕ ਮੰਡਲੀਆਂ ਇੱਥੇ ਆਈਆਂ ਰਹਿੰਦੀਆਂ ਹਨ। ਓਪਨ ਏਅਰ ਥਿਏਟਰ ਵਿਚ ਰਾਤ ਨੂੰ ਰੌਣਕਾਂ ਲੱਗ ਜਾਂਦੀਆਂ ਹਨ। ਹਰ ਮਹੀਨੇ ਦੇ ਆਖਰੀ ਬੁੱਧਵਾਰ ਇੱਥੇ ਜੁੜ ਕੇ ਸਭਿਆਚਰਕ ਸਰਗਰਮੀਆਂ ਦਾ ਅਨੰਦ ਮਾਣਿਆ ਜਾਂਦਾ ਹੈ। ਪ੍ਰੀਤਨਗਰ ਬਾਰੇ ਮੁਖਤਾਰ ਗਿੱਲ ਦੇ ਸ਼ਬਦ ਹਨ, "ਪ੍ਰੀਤਨਗਰ ਅਤੇ ਪ੍ਰੀਤਲੜੀ ਕਈ ਵਰ੍ਹੇ ਮੇਰੀ ਉਮਰ ਦੇ ਲੇਖਕਾਂ ਦੇ ਆਦਰਸ਼ ਰਹੇ ਹਨ। ਮੇਰੇ ਸਮੇਤ ਬਹੁਤ ਸਾਰਿਆਂ ਨੇ ਆਪਣੀਆਂ ਲਿਖਤਾਂ ਵਿਚ ਗੁਰਬਖਸ਼ ਸਿੰਘ ਦਾ ਪ੍ਰਭਾਵ ਕਬੂਲਿਆ। ਮੇਰੇ ਲਈ ਪ੍ਰੀਤਲੜੀ ਇਬਾਦਤ ਰਹੀ ਹੈ ਤੇ ਪ੍ਰੀਤਨਗਰ ਇਬਾਦਤਗਾਹ। ਮੈਨੂੰ ਪ੍ਰੀਤਨਗਰ ਆਇਆਂ ਚਾਰ ਦਹਾਕੇ ਹੋ ਗਏ ਹਨ। ਇਸ ਦੌਰਾਨ ਮੈਂ ਇਸ ਨੂੰ ਬੜਾ ਨੇੜਿਓਂ ਸਮਝਿਆ ਤੇ ਮਾਣਿਆ ਹੈ। ਗੁਰਬਖਸ਼ ਸਿੰਘ ਦੀ ਸਹਿਜ ਪ੍ਰੀਤ ਦਾ ਜਾਦੂ ਕਈ ਸਾਲ ਮੇਰੇ ਸਿਰ ਚੜ੍ਹ ਕੇ ਬੋਲਦਾ ਰਿਹਾ। ਇੱਥੋਂ ਮੈਨੂੰ ਮੂੰਹ ਮੰਗੀਆਂ ਮੁਹੱਬਤਾਂ ਮਿਲੀਆਂ। ਅੱਜ ਮੈਂ ਆਪਣੀ ਇਕੱਲ ਸੰਗ ਖੰਡਰ 'ਚ ਬਲਦੇ ਚਿਰਾਗ ਵਾਂਗ ਬਲ ਰਿਹਾ ਹਾਂ। ਮੇਰਾ ਅਤੇ ਪ੍ਰੀਤਨਗਰ ਦਾ ਵੀ ਇਹੋ ਨਸੀਬ ਹੈ।"



ਨੂਰਜਹਾਂ ਦੀ ਅਰਾਮਗਾਹ ਜਿਥੇ ਰੂਸ ਤੋਂ ਮੰਗਵਾਈ ਪ੍ਰੈਸ ਦੀ ਸਥਾਪਨਾ ਹੋਈ

## ਮਿੰਨੀ ਕਹਾਣੀਆਂ

### ਬੋਹੜ

ਦੂਰ ਸ਼ਹਿਰ ਨੂੰ ਜਾਂਦੇ ਰਸਤੇ 'ਚ 'ਕੱਲਾ ਕਾਰਾ ਬੋਹੜ ਵਿਕ ਚੁੱਕਾ ਸੀ। ਜੂਨ ਦੀ ਕੜਕਦੀ ਦੁਪਹਿਰ ਸੀ। ਠੇਕੇਦਾਰ ਅਤੇ ਚਾਰ ਮਜ਼ਦੂਰ ਉਥੇ ਮਸੀਂ ਪਹੁੰਚੇ। ਗਰਮੀ ਨਾਲ ਉਨ੍ਹਾਂ ਦਾ ਬੁਰਾ ਹਾਲ ਹੋਇਆ ਪਿਆ ਸੀ। ਠੇਕੇਦਾਰ ਬੋਲਿਆ, "ਐ ਬਜ਼ੁਰਗ ਬੋਹੜ, ਤੇਰਾ ਅੰਤ ਆ ਗਿਆ ਹੈ। ਮੁਆਫ ਕਰੀਂ ਬਾਬਾ, ਅਸੀਂ ਤੈਨੂੰ ਵੱਢਣ ਆਏ ਹਾਂ।"

ਬੋਹੜ ਹੋਣੀ ਨੂੰ ਕਬੂਲ ਕਰਦਾ ਪਹਿਲਾਂ ਤਾਂ ਚੁੱਪ ਰਿਹਾ ਪਰ ਫਿਰ ਦਰਵੇਸ਼ਾਂ ਵਾਲੀ ਮਿੱਠੀ ਤੇ ਧੀਮੀ ਸੁਰ 'ਚ ਬੋਲਿਆ, "ਕੋਈ ਗੱਲ ਨਹੀਂ, ਧੰਨਵਾਦ, ਤੁਸੀਂ ਜੋ ਵੀ ਕਰੋਗੇ ਠੀਕ ਹੀ ਕਰੋਗੇ। ਪਰ ਲੰਮੇ ਸਫ਼ਰ ਕਾਰਨ ਥੱਕੇ ਜਾਪਦੇ ਹੋ, ਥੋੜ੍ਹਾ ਆਰਾਮ ਕਰ ਲਵੋ। ਤੁਹਾਡੇ ਕੁਹਾੜੇ ਧੁੱਪੇ ਪਏ ਹਨ ਉਰਾਂ ਮੇਰੇ ਹੇਠਾਂ ਲੈ ਆਓ। ਜਾਂਦੀ ਵਾਰ ਮੈਂ ਇਨ੍ਹਾਂ 'ਤੇ ਵੀ ਛਾਂ ਕਰ ਦਿਆਂ!"

-ਜੰਗ ਬਹਾਦਰ ਸਿੰਘ ਘੁੰਮਣ

### ਸਮਝੋ ਲੱਭ ਪਈ

ਨੰਬਰਦਾਰ ਚੰਨਣ ਸਿੰਘ ਲਾਂਗੜ ਦੀ ਕੰਨੀ ਸੁਆਰਦਾ ਖੁਸ਼ੀ-ਖੁਸ਼ੀ ਥਾਣਿਓਂ ਬਾਹਰ ਨਿਕਲਿਆ। ਲੰਮੇ-ਲੰਮੇ ਕਦਮ ਪੁੱਟਦੇ ਦੀ ਨਵੀਂ ਜੁੱਤੀ ਵੀ ਚੀਂ...ਚੀਂ ਦਾ ਮਧੁਰ ਰਾਗ ਅਲਾਪ ਰਹੀ ਸੀ। ਪਿੰਡ ਵੱਲ ਜਾਂਦੇ ਟਾਂਗੇ ਨੂੰ ਆਵਾਜ਼ ਮਾਰ ਕੇ ਉਸ ਨੇ ਰੋਕ ਲਿਆ ਅਤੇ ਪਿਛਲੀ ਸੀਟ 'ਤੇ ਬੈਠ ਗਿਆ। ਅਗਲੀ ਸੀਟ 'ਤੇ ਬੈਠੇ ਤਰਲੋਕ ਸਿੰਘ ਨੇ ਨੰਬਰਦਾਰ ਨੂੰ ਫ਼ਤਹਿ ਬੁਲਾਈ ਅਤੇ ਪੁੱਛਣ ਲੱਗਿਆ, "ਕੀ ਗੱਲ ਏ, ਨੰਬਰਦਾਰ ਜੀ, ਅੱਜ ਬੜੇ ਖੁਸ਼ ਜਾਪਦੇ ਹੋ? ਮੱਝ ਦਾ ਕੁਝ ਪਤਾ ਲੱਗਾ ਹੈ ਕਿ ਨਹੀਂ?"

"ਸਮਝੋ ਲੱਭ ਪਈ," ਨੰਬਰਦਾਰ ਨੇ ਖੰਘੂਰਾ ਮਾਰਦਿਆਂ ਤਰਲੋਕ ਸਿੰਘ ਨੂੰ ਜਵਾਬ ਦਿੱਤਾ।

"ਅੱਛਾ, ਕਿਵੇਂ ਭਾਈ?" ਤਰਲੋਕ ਸਿੰਘ ਦੀਆਂ ਅੱਖਾਂ ਸੁਆਲ ਕਰਕੇ ਉਤਰ ਉਡੀਕਣ ਲੱਗੀਆਂ।

"ਤਰਲੋਕ ਸਿਹਾਂ, ਮੈਂ ਥਾਣਿਓਂ ਆ ਰਿਹਾ ਹਾਂ, ਥਾਣਿਓਂ, ਛੇ ਦਿਨ ਹੋ ਗਏ ਸਨ, ਥਾਣੇ ਗੇੜੇ ਮਾਰਦਿਆਂ, ਕੰਨ ਹੀ ਨਹੀਂ ਸੀ ਧਰਦਾ। ਅੱਜ ਖੜ-ਖੜ ਕਰਦੇ ਪੰਜ ਹਰੇ ਨੋਟ ਥਾਣੇਦਾਰ ਦੀ ਜੇਬ ਵਿਚ ਪਾ ਕੇ ਆ ਰਿਹਾਂ।" ਨੰਬਰਦਾਰ ਨੇ ਮੁੱਛਾਂ ਨੂੰ ਵਟ ਦਿੰਦਿਆਂ ਕਿਹਾ।

"ਸੱਚੀਂ?" ਇਹ ਥਾਣੇਦਾਰ ਤਾਂ ਗਾਂਧੀ ਦਾ ਚੇਲਾ ਬਣਿਆ ਫਿਰਦਾ ਸੀ।

ਨੰਬਰਦਾਰ ਨੂੰ ਜਾਪਿਆ ਜਿਵੇਂ ਤਰਲੋਕ ਸਿੰਘ ਨੂੰ ਵਿਸ਼ਵਾਸ ਨਾ ਆ ਰਿਹਾ ਹੋਵੇ, "ਤਰਲੋਕ ਸਿਹਾਂ, ਸਮਝਦਾ ਕੀ ਹੈਂ ਸਾਨੂੰ? ਅੱਜ ਤਾਂ ਉਸ ਨੇ ਸਾਡੇ ਨਾਲ ਬੈਠ ਕੇ ਪੀਤੀ ਵੀ ਹੈ। ...ਤਾਹਿਓਂ ਤਾਂ ਕਹਿੰਦਾ ਹਾਂ ਸਮਝੋ ਲੱਭ ਪਈ।"

-ਪ੍ਰਿੰ. ਅਵਤਾਰ ਸਿੰਘ ਦੀਪਕ

# ਸੋਮਨਾਥ ਦੇ ਮੰਦਿਰ 'ਤੇ ਮਹਿਮੂਦ ਗਜ਼ਨਵੀ ਦਾ ਹਮਲਾ

**ਇਤਿਹਾਸ ਦੀਆਂ ਪੈੜਾਂ**

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਪੁਰਾਤਨ ਸਮੇਂ ਤੋਂ ਹੀ ਸੋਮਨਾਥ ਦਾ ਮੰਦਿਰ ਸਾਰੇ ਹਿੰਦੁਸਤਾਨ ਵਿਚ ਪ੍ਰਸਿੱਧ ਸੀ। ਬੜੇ ਬੜੇ ਰਾਜੇ ਮਹਾਰਾਜੇ ਇਥੇ ਬੇਸ਼ੁਮਾਰ ਧਨ, ਸੋਨੇ ਤੇ ਕੀਮਤੀ ਹੀਰੇ ਜਵਾਹਰਾਤ ਚੜ੍ਹਾਉਂਦੇ ਰਹੇ। ਸਯਦ ਮੁਹੰਮਦ ਲਤੀਫ ਦੀ ਪੁਸਤਕ 'ਹਿਸਟਰੀ ਆਫ਼ ਦੀ ਪੰਜਾਬ' (ਪੰਨਾ 85) ਅਨੁਸਾਰ ਸੋਮਨਾਥ ਦਾ ਮੰਦਿਰ ਕੀਮਤੀ ਪੱਥਰਾਂ ਦੀ ਬਣੀ ਆਪਣੀ ਸ਼ਾਨਦਾਰ ਇਮਾਰਤ ਕਰ ਕੇ ਭਵਨ ਕਲਾ ਦਾ ਖਾਸ ਨਮੂਨਾ ਸੀ। ਵੱਖ ਵੱਖ ਰਿਆਸਤਾਂ ਦੇ ਰਾਜਿਆਂ ਨੇ ਦੋ ਹਜ਼ਾਰ ਪਿੰਡ ਇਸ ਮੰਦਿਰ ਨੂੰ ਜਾਗੀਰ ਵਜੋਂ ਦਿੱਤੇ ਹੋਏ ਸਨ ਤਾਂ ਕਿ ਬ੍ਰਾਹਮਣ ਪੁਜਾਰੀਆਂ ਅਤੇ ਹੋਰ ਸੇਵਾਦਾਰਾਂ ਦਾ ਗੁਜ਼ਾਰਾ ਹੋ ਸਕੇ। ਹਿੰਦੁਸਤਾਨ ਦੇ ਹਰ ਕੋਨੇ ਤੋਂ ਸ਼ਰਧਾਲੂ ਆ ਕੇ ਬੇਸ਼ੁਮਾਰ ਸੋਨਾ ਅਤੇ ਪੈਸਾ ਚੜ੍ਹਾਉਂਦੇ। ਸੂਰਜ ਅਤੇ ਚੰਦਰ ਗ੍ਰਹਿਣ ਸਮੇਂ ਦੋ ਤੋਂ ਤਿੰਨ ਲੱਖ ਸ਼ਰਧਾਲੂ ਇਥੇ ਮੱਥਾ ਟੇਕਦੇ।

ਮੂਰਤੀ ਦਾ ਇਸ਼ਨਾਨ ਦਿਨ ਵਿਚ ਦੋ ਵਾਰੀ ਗੰਗਾ ਜਲ ਨਾਲ ਕਰਾਇਆ ਜਾਂਦਾ ਕਿਉਂਕਿ ਕੇਵਲ ਇਹੀ ਜਲ ਇਸ ਦੀ ਸ਼ੁੱਧਤਾ ਲਈ ਠੀਕ ਸਮਝਿਆ ਜਾਂਦਾ ਸੀ। ਇਹ ਗੰਗਾ ਜਲ ਬਾਰਾਂ ਸੌ ਮੀਲ ਦੂਰੋਂ ਲਿਆਇਆ ਜਾਂਦਾ ਸੀ। ਇਕ ਵੱਡਾ ਘੰਟਾ, ਜਿਸ ਦੀ ਸੰਗਲੀ ਵੀ ਸੋਨੇ ਦੀ ਸੀ, 200 ਮਣ ਭਾਰਾ ਸੀ ਜਿਹੜਾ ਸ਼ਰਧਾਲੂਆਂ ਨੂੰ ਪੂਜਾ ਸਮੇਂ ਬੁਲਾਉਣ ਲਈ ਵਜਾਇਆ ਜਾਂਦਾ। ਮੰਦਰ ਦੇ ਕਰਮਚਾਰੀਆਂ ਵਿਚ 2000 ਬ੍ਰਾਹਮਣ, 500 ਦੇਵਦਾਸੀਆਂ (ਨੱਚਣ ਵਾਲੀਆਂ ਕੁੜੀਆਂ), 300 ਗਵੱਈਏ ਤੇ ਸਾਜ਼ਿੰਦੇ ਅਤੇ ਤਿੰਨ ਸੌ ਨਾਈ ਸਨ ਜਿਹੜੇ ਆਏ ਸ਼ਰਧਾਲੂਆਂ ਦੀ ਮੰਦਰ ਅੰਦਰ ਜਾਣ ਤੋਂ ਪਹਿਲਾਂ ਹਜਾਮਤ ਕਰਦੇ। ਮੰਦਿਰ ਅੰਦਰ ਜਾਣ ਤੋਂ ਪਹਿਲਾਂ ਹਜਾਮਤ ਕਰਾਉਣੀ ਜ਼ਰੂਰੀ ਸੀ। ਮੁੰਨੇ ਹੋਏ ਸਿਰਾਂ ਅਤੇ ਦਾੜ੍ਹੀਆਂ ਵਾਲੇ ਪੁਜਾਰੀ ਮੂਰਤੀ ਪੂਜਾ ਕਰਦੇ ਅਤੇ ਨੱਚਣ ਵਾਲੀਆਂ ਕੁੜੀਆਂ ਗਹਿਣੇ ਸਜਾ ਕੇ ਮੂਰਤੀ ਅੱਗੇ ਨੱਚਦੀਆਂ। ਰਾਜਿਆਂ ਵੱਲੋਂ ਸ਼ਰਧਾ ਨਾਲ ਆਪਣੀਆਂ ਲੜਕੀਆਂ ਇਸ ਮੰਦਿਰ ਵਿਚ ਚੜ੍ਹਾਉਣ ਦਾ ਰਿਵਾਜ਼ ਸੀ ਤਾਂ ਕਿ ਪ੍ਰਭੂ ਪਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਹੋ ਸਕੇ।

ਸੋਮਨਾਥ ਦੀ ਮੂਰਤੀ ਤੋਂ ਇਲਾਵਾ ਸੋਨੇ ਅਤੇ ਚਾਂਦੀ ਦੀਆਂ ਬਣੀਆਂ ਸੈਂਕੜੇ ਹੋਰ ਮੂਰਤੀਆਂ ਸਨ ਜਿਹੜੀਆਂ ਸਭ ਢਾਲ ਕੇ ਸੋਨਾ ਅਤੇ ਚਾਂਦੀ ਮਹਿਮੂਦ ਗਜ਼ਨਵੀ ਗਜ਼ਨੀ ਲੈ ਗਿਆ। ਬੁੱਤ ਪੂਜਕਾਂ ਦੇ ਇਸ ਮੰਦਰ ਨੂੰ ਢਾਹ ਢੇਰੀ ਕਰਨ ਲਈ ਮਹਿਮੂਦ ਗਜ਼ਨੀ ਤੋਂ ਸਤੰਬਰ ਸੰਨ 1024 ਨੂੰ ਚੱਲਿਆ। ਉਸ ਦੇ ਪਿੱਛੋਂ ਤੁਰਕਿਸਤਾਨ ਅਤੇ ਲਾਗੇ ਦੇ ਹੋਰ ਦੇਸ਼ਾਂ ਦੇ 50 ਹਜ਼ਾਰ (ਰਜ਼ਾਕਾਰ) ਵਾਲੰਟੀਅਰ ਮੂਰਤੀਆਂ ਤੋੜਨ ਲਈ ਇਸਲਾਮ ਧਰਮ ਅਨੁਸਾਰ ਸ਼ੁਭ ਕੰਮ ਸਮਝ ਕੇ ਬਿਨਾਂ ਤਨਖਾਹ ਆ ਗਏ। ਮੁਲਤਾਨ ਦਾ ਰੇਗਿਸਤਾਨ ਪਾਰ ਕਰ ਕੇ ਮਹਿਮੂਦ ਅਜਮੇਰ ਪਹੁੰਚਿਆ ਅਤੇ ਇਸ ਸ਼ਹਿਰ ਨੂੰ ਬਿਨਾਂ ਕਿਸੇ ਮੁਕਾਬਲੇ ਦੇ ਜਿੱਤ ਕੇ ਤਬਾਹ ਕਰ ਦਿੱਤਾ। ਸੋਮਨਾਥ ਦੇ ਮੰਦਿਰ ਦੁਆਲੇ ਇਸ ਦੀ ਰੱਖਿਆ ਲਈ ਦੀਵਾਰ ਬਣਾਈ ਹੋਈ ਸੀ। ਤਿੰਨ ਦਿਨ ਤੱਕ ਰਾਜਪੂਤ ਇਸ ਦੀ ਰੱਖਿਆ ਡਟ ਕੇ ਕਰਦੇ ਰਹੇ ਅਤੇ ਮਹਿਮੂਦ ਨੂੰ ਪਿਛਾੜ ਦਿੱਤਾ। ਆਖਿਰ ਮਹਿਮੂਦ ਆਪਣੇ ਘੋੜੇ ਤੋਂ ਉਤਰਿਆ ਅਤੇ ਜ਼ਮੀਨ 'ਤੇ ਝੁਕ ਕੇ ਦੁਆ ਕੀਤੀ। ਦੁਬਾਰਾ ਘੋੜੇ ਉਤੇ ਚੜ੍ਹ ਕੇ ਆਪਣੇ ਜਰਨੈਲ ਅਬਦ ਹਸਨ ਦਾ ਹੱਥ ਫੜ ਕੇ ਆਖਿਆ ਕਿ ਖੁਦਾ ਨੇ ਉਸ ਨੂੰ ਜਿੱਤ ਦਾ ਆਸ਼ੀਰਵਾਦ ਦਿੱਤਾ ਹੈ ਅਤੇ ਉੱਚੀ ਆਵਾਜ਼ ਵਿਚ ਆਪਣੇ ਫੌਜੀਆਂ ਦਾ ਹੌਸਲਾ ਵਧਾ ਕੇ ਐਸੀ ਹੱਲਸ਼ੇਰੀ ਦਿੱਤੀ ਕਿ ਉਹ ਦੁਸ਼ਮਣ 'ਤੇ ਟੁੱਟ ਕੇ ਪੈ ਗਏ। ਉਨ੍ਹਾਂ ਗੜ੍ਹੀ ਅੰਦਰ ਦਾਖ਼ਲ ਹੋ ਕੇ ਪੰਜ ਹਜ਼ਾਰ ਲੋਕ ਮਾਰ ਸੁੱਟੇ। ਬਾਕੀ ਦੇ ਕਿਸ਼ਤੀਆਂ ਵਿਚ ਸਵਾਰ ਹੋ ਕੇ ਸਮੁੰਦਰ ਵਿਚ ਠਿੱਲ੍ਹ ਪਏ। ਹਮਲਾਵਰਾਂ ਨੇ ਪਿੱਛਾ ਕਰ ਕੇ ਬਹੁਤ ਸਾਰੀਆਂ ਕਿਸ਼ਤੀਆਂ ਡੋਬ ਦਿੱਤੀਆਂ। ਫਿਰ ਮਹਿਮੂਦ ਆਪਣੇ ਪੁੱਤਰਾਂ ਅਤੇ ਕੁਝ ਖਾਸ ਅਹਿਲਕਾਰਾਂ ਨਾਲ ਮੰਦਿਰ ਵਿਚ ਦਾਖ਼ਲ ਹੋਇਆ। ਜਦੋਂ ਉਹ ਵੱਡੇ ਹਾਲ ਅੰਦਰ ਗਿਆ ਤਾਂ ਉਸ ਨੇ ਪੱਥਰ ਦੀ ਇਕ ਮੂਰਤੀ ਦੇਖੀ ਅਤੇ ਡੰਡਾ ਮਾਰ ਕੇ ਉਸ ਦਾ ਨੱਕ ਤੋੜ ਦਿੱਤਾ। ਮੂਰਤੀ ਦੇ ਦੋ ਟੁਕੜੇ ਕਰ ਕੇ ਗਜ਼ਨੀ ਲੈ ਜਾਣ ਦਾ ਹੁਕਮ ਦਿੱਤਾ। ਗਜ਼ਨੀ ਲਿਜਾ ਕੇ ਇਕ ਟੁਕੜਾ ਵੱਡੀ ਮਸਜਿਦ ਦੇ ਮੁੱਖ ਦੁਆਰ ਦੇ ਫਰਸ਼ ਉਤੇ ਅਤੇ ਦੂਜਾ ਆਪਣੇ ਦਰਬਾਰ ਦੇ ਮੁੱਖ ਦੁਆਰ ਉਤੇ ਰੱਖਣ ਦਾ ਹੁਕਮ ਦਿੱਤਾ ਤਾਂ ਕਿ ਆਉਣ ਜਾਣ ਵਾਲੇ ਇਨ੍ਹਾਂ 'ਤੇ ਪੈਰ ਰੱਖ ਕੇ ਲੰਘਣ। ਦੋ ਹੋਰ ਟੁਕੜੇ ਮੱਕਾ ਅਤੇ ਮਦੀਨਾ ਭੇਜੇ ਗਏ। ਬ੍ਰਾਹਮਣਾਂ ਨੇ ਮਹਿਮੂਦ ਨੂੰ ਬੇਨਤੀ ਕੀਤੀ ਕਿ ਉਹ ਮੂਰਤੀ ਨਾ ਤੋੜੇ, ਉਹ ਇਸ ਦੇ ਬਦਲੇ ਇੰਨਾ ਸੋਨਾ ਉਸ ਨੂੰ ਦੇਣ ਨੂੰ ਤਿਆਰ ਹਨ। ਉਸ ਦੇ ਅਹਿਲਕਾਰਾਂ ਨੇ ਵੀ ਸਲਾਹ ਦਿੱਤੀ ਕਿ ਬ੍ਰਾਹਮਣਾਂ ਦੀ ਇਹ ਬੇਨਤੀ ਮੰਨ ਲਈ ਜਾਵੇ ਕਿਉਂਕਿ ਮੂਰਤੀ ਤੋੜਨ ਨਾਲ ਬੁੱਤ ਪੂਜਾ ਦਾ ਰਿਵਾਜ਼ ਖ਼ਤਮ ਨਹੀਂ ਹੋਣਾ ਪਰ ਮਹਿਮੂਦ ਨੇ ਕਿਹਾ ਕਿ ਆਉਣ ਵਾਲੀਆਂ ਨਸਲਾਂ ਉਸ ਨੂੰ ਮੂਰਤੀ ਵੇਚਣ ਵਾਲਾ ਆਖਣਗੀਆਂ, ਨਾਲੇ ਉਹ ਤਾਂ ਬੁਤ ਸ਼ਿਕਨ (ਮੂਰਤੀ-ਤੋੜ) ਅਖਵਾਉਣਾ ਚਾਹੁੰਦਾ ਹੈ। ਮੂਰਤੀ ਤੋੜੀ ਗਈ ਤਾਂ ਉਸ ਵਿਚੋਂ ਕੀਮਤੀ ਹੀਰੇ ਜਵਾਹਰਾਤ ਮਿਲੇ ਜਿਨ੍ਹਾਂ ਦੀ ਕੀਮਤ ਸੋਨੇ ਨਾਲੋਂ ਕਿਤੇ ਵੱਧ ਸੀ।

ਸੋਮਨਾਥ ਦੇ ਮੰਦਿਰ ਬਾਰੇ 'ਤਵਾਰੀਖ ਗੁਰੂ ਖਾਲਸਾ' (ਭਾਸ਼ਾ ਵਿਭਾਗ ਪੰਜਾਬ, 1993, ਸਫ਼ਾ 177) 'ਤੇ ਲਿਖਿਆ ਹੈ, "ਸੋਮਨਾਥ ਮੰਦਿਰ ਦੇ ਕਿਸੇ ਚਾਤੁਰ ਪਾਂਡੇ ਨੇ ਮੰਦਿਰ ਦੇ ਗੁੰਬਦ ਵਿਚ ਚਾਰ ਚੁੰਬਕੀ ਸਿੱਲਾਂ ਚੋਹੀਂ ਪਾਸੀਂ ਲਗਵਾ ਕੇ ਸ਼ਿਵ ਦੀ ਲੋਹੇ ਦੀ ਮੂਰਤੀ ਗੇਰੂਆ ਰੰਗ ਕਰਵਾ ਕੇ ਇਨ੍ਹਾਂ ਚੁੰਬਕੀ ਸਿੱਲਾਂ ਦੀ ਖਿੱਚ ਨਾਲ ਹਵਾ ਵਿਚ ਲਟਕਦੀ ਕਰ ਦਿੱਤੀ ਅਤੇ ਪ੍ਰਚਾਰ ਕਰ ਦਿੱਤਾ ਕਿ ਸ਼ਿਵ ਜੀ ਮਹਾਰਾਜ ਆਕਾਸ਼ ਮਾਰਗ ਤੋਂ ਆ ਕੇ ਮੰਦਿਰ ਦੇ ਅੰਦਰ ਅਚਰ ਆਸਣ (ਸਹਾਰੇ ਬਗੈਰ) ਲਗਾ ਕੇ ਬੈਠ ਰਹੇ ਹਨ। ਗੱਲ ਇਕ ਬੰਦੇ ਤੋਂ ਅੱਗੇ ਹਜ਼ਾਰਾਂ ਤੱਕ ਪਹੁੰਚਦੀ ਗਈ। ਲੋਕਾਂ ਨੇ ਆਪਣਾ ਧਨ ਇਸ ਮੂਰਤੀ ਅੱਗੇ ਰੱਖ ਕੇ ਸੁੱਖਾਂ ਸੁੱਖੀਆਂ। ਇਸ ਚੜ੍ਹਾਵੇ ਦੇ ਸੋਨੇ ਦੇ ਢੇਰਾਂ ਤੋਂ ਪਾਂਡਿਆਂ ਨੇ ਕੀਮਤੀ ਹੀਰੇ, ਨੀਲਮ, ਮੋਤੀ ਖਰੀਦ ਕੇ ਮੰਦਿਰ ਦੇ ਖੋਖਲੇ ਥੰਮ੍ਹਾਂ ਅਤੇ ਮੂਰਤੀਆਂ ਵਿਚ ਲੁਕਾ ਲਏ। ਪਾਂਡਿਆਂ ਦਾ ਇਹ ਫਰੇਬ ਦੇਸ਼ ਦੇ ਉਜਾੜੇ ਦਾ ਕਾਰਨ ਬਣਿਆ ਅਤੇ ਤਦੋਂ ਤੋਂ ਇਹ ਕਹਾਵਤ ਬਣੀ, 'ਆਪ ਡੁਬੇਂਦੇ ਬ੍ਰਾਹਮਣਾਂ, ਜਜ਼ਮਾਨ ਵੀ ਡੋਬੇ।' ਮਹਿਮੂਦ ਗਜ਼ਨਵੀ ਨੂੰ ਇਸ ਮੰਦਿਰ ਤੋਂ ਕਰੋੜਾਂ ਦਾ ਮਾਲ ਲੱਭਾ। ਉਸ ਨੇ 30 ਸਾਲਾਂ ਵਿਚ 17 ਹਮਲੇ ਕਰ ਕੇ ਹਿੰਦੁਸਤਾਨ ਲੁੱਟ ਪੁੱਟ ਕੇ ਉਜਾੜ ਦਿੱਤਾ।"

ਮਥਰਾ ਸ਼ਹਿਰ ਦੇ 22 ਕੋਹ ਦੇ ਘੇਰੇ ਵਿਚ ਮੰਦਿਰ ਹੀ ਮੰਦਿਰ ਸਨ। ਇਕ ਬੜੇ ਮੰਦਿਰ ਬਾਰੇ ਮਹਿਮੂਦ ਲਿਖਦਾ ਹੈ ਕਿ ਜੇ ਅਸੀਂ ਕਰੋੜ ਮੋਹਰ ਖਰਚ ਕਰੀਏ ਤੇ ਪੰਜ ਸੌ ਕਾਰੀਗਰ ਸੌ ਬਰਸ ਲੱਗਾ ਰਹੇ ਤਾਂ ਵੀ ਅਜਿਹਾ ਮੰਦਰ ਬਣਨਾ ਮੁਸ਼ਕਿਲ ਹੈ। ਕੇਸ਼ਵ ਦੇ ਇਸ ਮੰਦਿਰ ਵਿਚੋਂ ਮਹਿਮੂਦ ਨੂੰ ਐਨਾ ਸੋਨਾ, ਹੀਰੇ, ਪੰਨੇ, ਮੋਤੀ, ਰੂਬੀ, ਲਾਲ, ਫਿਰੋਜ਼ੇ ਮਿਲੇ ਕਿ ਸਾਰੀ ਫੌਜ ਹੀ ਮਾਲਾ ਮਾਲ ਹੋ ਗਈ। ਦੋ-ਦੋ ਰੁਪਏ ਵਿਚ ਗੁਲਾਮ ਗਜ਼ਨੀ ਦੇ ਬਾਜ਼ਾਰਾਂ ਵਿਚ ਵਿਕਦੇ ਰਹੇ। ਦੇਸ਼ ਦੇ ਬੁੱਤ ਪੂਜਕ ਬੁੱਤ ਹੀ ਬਣ ਗਏ ਸਨ।

ਮਥਰਾ ਦੇ ਹੀ ਇਕ ਤਿਲਕ ਨੂੰ ਮਹਿਮੂਦ ਨੇ ਆਪਣਾ ਸੈਨਾਪਤੀ ਬਣਾਇਆ ਸੀ। 'ਘਰ ਦਾ ਭੇਤੀ ਲੰਕਾ ਢਾਹੇ' ਵਾਲੀ ਗੱਲ ਠੀਕ ਸਾਬਤ ਹੋਈ। ਇਹ ਤਿਲਕ, ਮਹਿਮੂਦ ਲਈ ਬਹੁਤ ਕਾਰਗਰ ਸਾਬਤ ਹੋਇਆ ਕਿਉਂਕਿ ਉਹ ਹੀ ਦੱਸਦਾ ਸੀ ਕਿ ਕਿਹੜੀ ਥਾਂ ਹਮਲਾ ਕਰ ਕੇ ਬਹੁਤਾ ਧਨ ਹਾਸਲ ਕੀਤਾ ਜਾ ਸਕਦਾ ਹੈ। ਜੇ ਪਾਂਡੇ ਗਲਤ ਪ੍ਰਚਾਰ ਨਾਲ ਧਨ ਇਕੱਠਾ ਨਾ ਕਰਦੇ ਤਾਂ ਦੇਸ਼ ਮਹਿਮੂਦ ਦੀ ਲੁੱਟ ਖਸੁੱਟ ਤੋਂ ਬਚ ਸਕਦਾ ਸੀ ਅਤੇ ਮਰਦ, ਬੱਚੇ ਅਤੇ ਔਰਤਾਂ ਗਜ਼ਨੀ ਦੇ ਬਾਜ਼ਾਰਾਂ ਵਿਚ ਭੇਡਾਂ ਬੱਕਰੀਆਂ ਵਾਂਗ ਨਾ ਵਿਕਦੇ। ਜੇ ਇਹ ਧਨ ਨਾਲੋ ਨਾਲ ਦੇਸ਼ ਵਾਸੀਆਂ ਦੀ ਭਲਾਈ ਉਤੇ ਖਰਚ ਹੁੰਦਾ ਰਹਿੰਦਾ ਤਾਂ ਵਿਦੇਸ਼ੀ ਹਮਲਾਵਰਾਂ ਨੇ ਗਰੀਬ ਦੇਸ਼ ਉਤੇ ਹਮਲਾ ਕਰਨ ਬਾਰੇ ਸੋਚਣਾ ਹੀ ਨਹੀਂ ਸੀ। ਉਹ ਤਾਂ ਹਮਲਾ ਹੀ ਹਿੰਦੁਸਤਾਨ ਨੂੰ ਸੋਨੇ ਦੀ ਚਿੜੀ ਸਮਝ ਕੇ ਕਰਦੇ ਸਨ। ਬ੍ਰਾਹਮਣ ਲੋਕ ਆਪ ਜਨਤਾ ਨੂੰ ਅਨਪੜ੍ਹ ਰੱਖ ਕੇ ਆਪਣਾ ਉਲੂ ਸਿੱਧਾ ਕਰੀ ਜਾਂਦੇ ਸਨ। ਜੇ ਉਨ੍ਹਾਂ ਸਮਿਆਂ ਵਿਚ ਚੁੰਬਕ ਸ਼ਕਤੀ ਦਾ ਆਮ ਲੋਕਾਂ ਨੂੰ ਗਿਆਨ ਹੁੰਦਾ ਤਾਂ ਉਨ੍ਹਾਂ ਨੇ ਹਵਾ ਵਿਚ ਲਟਕ ਰਹੀ ਮੂਰਤੀ ਨੂੰ ਆਕਾਸ਼ ਮਾਰਗ ਤੋਂ ਆਈ ਨਹੀਂ ਸਮਝਣਾ ਸੀ।



*ਸੋਮਨਾਥ ਮੰਦਿਰ ਦੇ ਖੰਡਰ। ਇਹ ਤਸਵੀਰ 1869 ਦੀ ਹੈ*



*ਅੱਜ ਦਾ ਸੋਮਨਾਥ ਮੰਦਿਰ*

---

## ਉਹ ਦਿਨ ਕਿਥੇ ਗਏ?

ਉਹ ਦਿਨ ਕਿੱਥੇ ਗਏ?
ਜਦ ਚੰਦ ਦਾ ਟੁਕੜਾ,
ਮਾਂ ਦੀ ਗੋਲ ਰੋਟੀ ਲੱਗਦਾ ਸੀ।
ਜਦ ਸੂਰਜ ਦਾ ਤੇਜ਼
ਬਾਪ ਦੇ ਮੱਥੇ ਦਗਦਾ ਸੀ।

ਜਦ ਅੱਧੀ ਰਾਤ ਤੱਕ
ਲੁਕਣ ਮੀਚੀ ਖੇਡਦੇ
ਹਾਣੀ ਬਣਦੇ ਬਣਾਉਂਦੇ
ਉਚੀ ਥਾਂ ਤੋਂ ਰਿੜ੍ਹਦੇ
ਪਿੰਡ ਦੁਆਲੇ ਘੁੰਮਦੇ
'ਹਾਏ! ਕੰਡਾ ਚੁੱਭ ਗਿਆ'
ਆਖਦੇ ਬੂਹਿਆਂ ਨੂੰ ਠੁੱਗਦੇ।

ਤੇ ਸਵੇਰੇ ਸੁਵੱਖਤੇ ਹੀ
ਬਾਰ ਵਾਲੀ ਬੰਤੀ
ਮਾਂ ਨੂੰ ਉਲਾਂਭਾ ਦਿੰਦੀ-
ਕੁੜੀਆਂ ਹਾਏ ਬੰਦਾ ਮਰ ਗਿਆ
ਆਖਦੀਆਂ ਰਹਿੰਦੀਆਂ ਨੇ
ਤੂੰ ਇਨ੍ਹਾਂ ਨੂੰ ਕਿਉਂ
ਨਹੀਂ ਕੁਝ ਕਹਿੰਦੀ।

ਮਾਂ ਮੁਸਕਰਾਉਂਦੀ, ਆਖਦੀ-
ਨੀ ਕੋਈ ਚੱਜ ਦੀ
ਖੇਡ ਖੇਡਿਆ ਕਰੋ,
ਮਰਿਆ ਮਰਿਆ ਨਾ ਕਰਿਆ ਕਰੋ।

ਮਾਂ ਚਾਹ ਬਣਾਉਣ ਲਈ ਕਹਿੰਦੀ
ਮੈਂ ਬਾਰ ਵਾਲੀ ਬੰਤੀ ਦੀ
ਕਾਲੀ ਸਲਵਾਰ ਤੋਂ ਡਰਦੀ
ਛੇਤੀ ਛੇਤੀ ਚਾਹ ਬਣਾਉਂਦੀ।

ਲੋਕ ਆਖਦੇ ਬੰਤੀ
ਜਾਦੂਗਰਨੀ ਏ
ਸਿਆਣਿਆਂ ਨੂੰ ਘਰ ਬੁਲਾਉਂਦੀ ਏ
ਟੂਣੇ-ਟਾਮਣ ਕਰਾਉਂਦੀ ਏ।

ਖੇਡਣ ਲੱਗਿਆਂ ਹਮੇਸ਼ਾ
ਹਾਣੀ ਬਣਨ ਦਾ ਰਗੜਾ ਹੁੰਦਾ
ਮੀਕੇ ਲੰਬੜ ਜੀਤੇ ਚੂਹੜ
ਤੇ ਕਾਲੇ (ਡੈਣ) ਲਈ ਝਗੜਾ ਹੁੰਦਾ।

ਪਰ ਖੇਡਣ ਦਾ ਚਾਅ
ਸਭ ਪਾੜੇ ਮਿਟਾ ਦਿੰਦਾ
ਇਕ ਮਾਂ ਦੇ ਜਾਇਆਂ ਵਾਂਗ
ਇਕੱਠੇ ਬਿਠਾ ਦਿੰਦਾ।

ਉਹ ਮੁੰਡੇ ਨਿਰੇ ਕੁੜੀਆਂ ਵਰਗੇ
ਆਖਦੇ 'ਮੈਂ ਨਹੀਂ ਸਤਾਉਂਦਾ,
ਭੈਣ ਬਣ ਕੇ ਹਾਣੀ ਬਣਾ ਲੈ,
ਮੈਂ ਤੇਰਾ ਘਰ ਨਹੀਂ ਢਾਹੁੰਦਾ'।

ਮੀਕਾ ਲੰਬੜ ਆਖਦਾ-
ਸੀਆ ਸੇਕਣ ਲਈ ਥਾਂ ਮੱਲਾਂਗਾ
ਕਾਲਾ ਆਖਦਾ-
ਮੈਂ ਤੀਲ੍ਹਾਂ ਕੱਢਣ ਨਾਲ ਚੱਲਾਂਗਾ।

ਉਹਦੇ ਇਹ ਤਰਲੇ
ਬੜੇ ਚੰਗੇ ਸੀ ਲੱਗਦੇ
ਝਿੜਕਾਂ ਲੈਂਦੇ ਕੁੱਟ ਖਾਂਦੇ
ਵੀ ਪਿੱਛਾ ਨਾ ਛੱਡਦੇ।

ਮਾਸੀ ਮਿੰਦਰ ਕੌਰ ਦਾ ਵਿਹੜਾ
ਖੇਡ ਦਾ ਮੈਦਾਨ ਹੁੰਦਾ
ਸੱਜਰੇ ਫਿਰੇ ਗੋਹੇ ਨੂੰ ਪੁੱਟੀਏ
ਮਨ ਵਿਚ ਸ਼ੈਤਾਨ ਹੁੰਦਾ।

ਮਾਸੀ ਹੱਸਦੀ ਗਾਲਾਂ ਕੱਢਦੀ
ਚਰਖਾ ਕੱਤਦੀ ਉਠ ਜਾਂਦੀ
ਭੁੱਜੇ ਦਾਣਿਆਂ ਦਾ ਛਿੱਕੂ ਡੁੱਲ੍ਹਦਾ
ਚਰਖੇ ਦੀ ਮਾਲ੍ਹ ਟੁੱਟ ਜਾਂਦੀ।

ਟੀਢਾ ਟੀਢਾ ਕੱਢੂੰ ਕੱਢੂੰ
ਸਟਾਪੂ ਤੇ ਰੱਸੀ ਟੱਪਣਾ
ਅੱਖਾਂ ਤੇ ਬੰਨ੍ਹ ਕੇ ਪਰਨਾ
ਚੋਰੀ ਚੋਰੀ ਤੱਕਣਾ।

ਚਾਚੇ 'ਕੁੰਨਣ' ਤੋਂ ਬੇਲਿਉਂ
ਮੂੰਡ ਦੀ ਕਾਹੀ ਮੰਗਵਾਉਣਾ
ਚਾਚੇ ਗੁਲਜਾਰ ਤੋਂ ਕਟਵਾ ਕੇ
ਪੱਕੀ ਪੀਂਘ ਵਟਵਾਉਣਾ।

ਭਾਅ ਦੇ ਪਿੱਛੇ ਪਿੱਛੇ ਫਿਰ ਕੇ
ਬੋਹੜ ਤੇ ਪੀਂਘ ਪੁਆ ਲੈਣੀ
ਤੂਤ ਦੀ ਤੋੜ ਕੇ ਸੋਟੀ
ਤਾਏ (ਬੇਲੀ ਰਾਮ) ਤੋਂ
ਪੀੜ੍ਹੀ ਬੁਣਵਾ ਲੈਣੀ।

ਰੋੜੇ ਤੇ ਠੀਕਰਾਂ ਦਾ ਚੁੱਲ੍ਹਾ ਬਣਾਉਣਾ
ਘਰੋਂ ਚੋਰੀ ਚੌਲ ਲਿਆ ਕੇ
ਕੱਚੀ ਕੁੱਜੀ ਵਿਚ ਰਿੰਨ੍ਹ ਕੇ
ਜੱਗ ਪੱਤਿਆਂ 'ਤੇ ਲਾਉਣਾ।

ਮਾਂ ਧੰਤੀ ਤੇ ਭਾਬੀ ਸਵਰਨੋ
ਨੂੰ ਪੱਕਿਆਂ ਕਰਦੇ ਰਹਿਣਾ
ਸਾਡੀ ਬੀਬੀ ਨੂੰ ਆਖੀਂ
ਅਸੀਂ ਵੀ ਗੁਰਪੁਰਬ ਦੇਖਣ ਜਾਣਾ।

ਉਨ੍ਹਾਂ ਦਾਅਵੇ ਜਿਹੇ ਨਾਲ
ਮਾਂ ਤੋਂ ਹਾਮੀ ਭਰਵਾ ਲੈਣਾ
'ਇਹ ਤੁਹਾਡੀ ਹੀ ਚਾਲ ਏ'
ਮਾਂ ਦਾ ਹੱਸ ਕੇ ਕਹਿਣਾ।

ਚਾਚੀ 'ਹਰੀ' ਨੂੰ ਆਖਣਾ-
ਚੋਲੇ ਦੇ ਮੇਲੇ ਲੈ ਜਾਵੀਂ
ਉਹ ਆਖਿਆ ਨਹੀਂ ਮੋੜਦੀ
'ਵੱਡੀ ਬੀਬੀ' ਨੂੰ ਮਨਾਵੀਂ।

ਚਾਚੀ 'ਹਰੀ' ਕਣਕਾਂ ਦੀਆਂ
ਡੰਡੀਆਂ ਵਿਚ ਕਤਾਰਾਂ ਬਣਾ ਤੋਰਦੀ
ਚਾਰ ਮੀਲ ਦੇ ਪੈਂਡੇ ਵਿਚ
ਗੱਲਾਂ ਦੀ ਕੜੀ ਨਾ ਤੋੜਦੀ।

ਮੇਲੇ ਪਹੁੰਚ ਚੁੰਨੀ ਪੱਲਿਉਂ
ਗੰਢ ਪੈਸਿਆਂ ਦੀ ਖੋਲ੍ਹਦੀ
ਸਾਨੂੰ ਵੰਡ ਵੰਡ ਦਿੰਦੀ
ਉਹ ਹੌਲੀ ਹੌਲੀ ਬੋਲਦੀ।

ਕਦੀ ਜਲੇਬੀਆਂ ਤੇ ਪਕੌੜੇ
ਤੇ ਕਦੀ ਮੁਰਮਰੇ ਚੱਬਦੀ
ਛੋਟੇ ਕੱਦ ਦੀ ਚਾਚੀ ਹਰੀ
ਸਾਨੂੰ ਰੱਬ ਜਿੱਡੀ ਲੱਗਦੀ।

ਬੇਬੇ ਭੈਣ ਸਵਰਨੀ ਨਾਲ
ਰੋਟੀ ਲੈ ਕੇ ਸੀ ਗਈ
ਜਿੱਦ ਕਰ ਕੇ ਫੜਾਉਣ ਲੱਗਿਆਂ
ਹੱਥੋਂ ਰੋਟੀ ਡਿੱਗ ਪਈ।

ਭਾਅ ਨੇ ਪਿਆਰ ਨਾਲ
ਝਿੜਕ ਦਿੱਤੀ ਤੇ ਸਮਝਾਇਆ
ਮੈਂ ਰੋਣ ਵਾਲਾ ਮੂੰਹ ਕਰ ਕੇ
ਪੈਰਾਂ ਨਾਲ ਘੱਟਾ ਉਡਾਇਆ।

ਭੈਣ ਨੇ ਕਪਾਹ ਚੁਗਾਉਣੀ ਸੀ
ਉਹ ਉਥੇ ਰਹਿ ਪਈ
ਮੈਂ ਵੀ ਰਹਿਣਾ ਸੀ ਪਰ
ਰੁੱਸ ਕੇ ਘਰ ਆ ਗਈ।

ਰਸਤੇ ਵਿਚ ਤੁਰੀ ਆਉਂਦੀ
ਨੇ ਸਕੀਮ ਲੜਾਈ
ਘਰ ਆ ਕੇ ਰੋ ਰੋ ਕੇ
ਤੜਥੱਲੀ ਫਿਰ ਪਾਈ।

ਬੀਬੀ ਦੇਖ ਕੇ ਮੈਨੂੰ
ਬਹੁਤ ਘਬਰਾ ਗਈ
ਆਖੇ ਤੂੰ ਤੇ ਰਹਿਣਾ ਸੀ
ਇੰਨੀ ਛੇਤੀ ਕਿਉਂ ਆ ਗਈ?

ਮਾਂ ਚੁੱਪ ਕਰਾਉਂਦੀ ਹੋਈ
ਮੈਨੂੰ ਅੰਦਰ ਲੈ ਗਈ
ਪਤਾ ਨਹੀਂ ਕਿਹੜੇ ਭਰਮ 'ਚੋਂ
ਉਹ ਹੱਥ ਜੋੜ ਕੇ ਬਹਿ ਗਈ।

ਮਾਂ ਨੂੰ ਇਸ ਤਰ੍ਹਾਂ ਦੇਖ
ਮੈਂ ਪਲ ਵਿਚ ਠਰ ਗਈ।
ਮੈਂ ਇੰਜ ਕਿਉਂ ਕੀਤਾ
ਇਕ ਦਮ ਤੁਰ ਪਈ।

ਮਾਂ ਨੂੰ ਮੈਂ ਵੱਡੀ ਲੱਗਦੀ
ਪਰ ਮੈਂ ਤਾਂ ਬੱਚੀ ਸਾਂ
ਕੋਰੇ ਕਾਗਜ਼ ਵਰਗੀ
ਅਕਲਾਂ ਤੋਂ ਕੱਚੀ ਸਾਂ।

ਪਤਾ ਹੀ ਨਹੀਂ ਲੱਗਾ ਕਦੋਂ
ਸੁਫਨੇ ਹਵਾ 'ਚੋਂ ਖਿੰਡ ਗਏ
ਫਰਜ਼ਾਂ ਦੀ ਭਰ ਝੋਲੀ
ਅੱਖਾਂ 'ਚੋਂ ਲੈ ਨਮੀ
ਹੌਲੀ ਹੌਲੀ ਸਿਸਕਦੇ ਦੂਜੇ ਪਿੰਡ ਗਈ।

ਮੇਰੇ ਸੁਫਨਿਆਂ ਦੀ ਧਰਤੀ
ਕੁਝ ਵਾਹੀ ਕੁਝ ਅਣਵਾਹੀ
ਕੁਝ ਸਿੱਲੀ ਕੁਝ ਸੁੱਕੀ
ਕੁਝ ਨੀਵੀਂ ਕੁਝ ਉੱਚੀ।

ਹੋ ਗਈ ਟਿੱਬੇ-ਟੋਏ
ਜਿਵੇਂ ਭਾਰਤ ਦੀ ਪੀੜਾ ਨਾਲ
ਬੱਚੇ ਮਰ ਜਾਣ ਅਣਹੋਏ
ਮਾਂ ਲੁਕ ਲੁਕ ਕੇ ਰੋਏ।

ਹੁਣ ਨਿੱਤ ਦਿਹਾੜੇ ਇਕ
ਚੀਸ ਜਿਹੀ ਪੈਂਦੀ ਏ
'ਗੁਰਾਇਆ' ਨੂੰ ਕਹਿੰਦੀ ਏ
ਉਹ ਦਿਨ ਕਿੱਥੇ ਗਏ?

ਜਦ ਚੰਨ ਦਾ ਟੁਕੜਾ
ਮਾਂ ਦੀ ਗੋਲ ਰੋਟੀ ਲੱਗਦਾ ਸੀ
ਜਦ ਸੂਰਜ ਦਾ ਤੇਜ਼
ਬਾਪ ਦੇ ਮੱਥੇ ਦਗਦਾ ਸੀ।

*-ਦੇਵਿੰਦਰ ਕੌਰ ਗੁਰਾਇਆ*
*ਫੋਨ: 571-315-9543*

## ਕਹਾਣੀ

# ਭੁੱਬਲ ਦੀ ਅੱਗ

***ਪੰਜਾਬੀ ਦੀ ਜਾਨਦਾਰ ਕਹਾਣੀਕਾਰ ਬਚਿੰਤ ਕੌਰ ਦੀ ਕਹਾਣੀ 'ਭੁੱਬਲ ਦੀ ਅੱਗ' ਵਿਚ ਜੀਵਨ ਦੇ ਕਈ ਸੱਚ ਛੁਪੇ ਹੋਏ ਹਨ। ਜਦੋਂ ਇਸ ਕਹਾਣੀ ਦੀ ਰਚਨਾ ਹੋਈ ਸੀ ਤਾਂ ਸਭ ਨੇ ਉਂਗਲਾਂ ਦੰਦਾਂ ਹੇਠ ਦੇ ਲਈਆਂ ਸਨ। ਸਵੈਜੀਵਨੀ 'ਪਗਡੰਡੀਆਂ' ਤੋਂ ਇਲਾਵਾ ਲੇਖਕਾ ਦੇ ਕਈ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ ਜਿਨ੍ਹਾਂ ਵਿਚ 'ਮੰਜ਼ਿਲ', 'ਸੂਹਾ ਰੰਗ ਸਿਆਹ ਰੰਗ', ਭੁੱਬਲ ਦੀ ਅੱਗ', 'ਖੁਰੇ ਹੋਏ ਰੰਗ', 'ਕਿਆਰੀ ਲੌਂਗਾਂ ਦੀ', 'ਮੁਕਲਾਵੇ ਵਾਲੀ ਰਾਤ' ਤੇ 'ਪ੍ਰਤੀਬਿੰਬ' ਸ਼ਾਮਲ ਹਨ। -ਸੰਪਾਦਕ***

"ਆਹ ਸੁਣ ਲੈ ਭੈਣ ਬਾਈ ਦੀ ਰਾਤ ਆਲੀ ਕਰਤੂਤ। ਪੈ ਗਿਆ ਦੌਰਾ ਅੱਜ ਫੇ ਉਸ ਨੂੰ।"

"ਕਿਉਂ ਕੀ ਹੋਇਆ?" ਬਚਨੋ ਨੇ ਦੂਰੋਂ ਹੀ ਦੀਪ ਨੂੰ ਪੁੱਛਿਆ ਤੇ ਉਹ ਸੁੱਕੇ ਆਟੇ ਨਾਲ ਲਿਬੜੇ ਹੱਥ ਲਈ ਬਾਹਰ ਵਿਹੜੇ ਵਿਚ ਆਈ ਜਿਥੇ ਉਸ ਦੇ ਕੋਲ ਉਸ ਦੀ ਬਹੂ ਸਿੰਦਰੋ ਮੂੰਹ ਲਟਕਾਈ ਖੜ੍ਹੀ ਸੀ। ਉਸ ਦੀਆਂ ਅੱਖਾਂ ਵਿਚ ਕਹਿਰਾਂ ਦਾ ਗੁੱਸਾ ਭਰਿਆ ਹੋਇਆ ਸੀ।

"ਬਾਈ ਕਿੱਥੇ ਏ।"

"ਹੋਊ ਕਿਧਰੇ, ਦਫਾ ਹੋਵੇ ਜਿਧਰ ਮਰਜ਼ੀ।"

"ਮੈਂ ਪੁੱਛਦੀ ਆਂ ਦੀਪ ਹੋਇਆ ਕੀ?"

"ਹੋਣਾ ਕੀ ਸੀ, ਮੇਰੇ ਸਿਰ ਸੁਆਹ ਪਾ'ਤੀ। ਮੈਂ ਤਾਂ ਹੁਣ ਉਮਰ ਭਰ ਸਹੁਰੇ ਪਿੰਡ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ।"

"ਪਰ ਤੂੰ ਦੱਸ ਤਾਂ ਸਹੀ ਹੋਇਆ ਕੀ?"

"ਆ ਚੱਲ ਅੰਦਰ ਮੇਰੇ ਨਾਲ।" ਉਹ ਝੱਟ ਆਪਣੀ ਵੱਡੀ ਭੈਣ ਨੂੰ ਬਾਹੋਂ ਫੜ ਕੇ ਅੰਦਰ ਲੈ ਗਿਆ।



ਬਚਿੰਤ ਕੌਰ

"ਆਹ ਦੇਖ ਬਾਈ ਦੀ ਜੁੱਤੀ, ਅਜੇ ਤੱਕ ਸਿੰਦਰੋ ਦੀ ਚਾਚੀ ਦੇ ਮੰਜੇ ਕੋਲ ਪਈ ਹੈ।"

"ਝੂਠ! ਮੈਂ ਨਹੀਂ ਮੰਨਦੀ ਇਹ ਗੱਲ।"

"ਆਹੋ ਭੈਣ, ਤੈਨੂੰ ਕਾਹਨੂੰ ਸੱਚ ਆਊ ਸਾਡੀ ਗੱਲ ਦਾ। ਅਸੀਂ ਤਾਂ ਜਿਵੇਂ ਬੁੜ੍ਹੇ ਦੇ ਦੁਸ਼ਮਣ ਹੁੰਦੇ ਹਾਂ ਨਾ।"

ਸਿੰਦਰੋ ਆਪਣੀ ਨਣਦ ਮੂਹਰੇ ਹੁਣ ਉਚੀ ਉਚੀ ਬੋਲ ਰਹੀ ਸੀ। ਜਿਉਂ ਜਿਉਂ ਸਿੰਦਰੋ ਤੇ ਦੀਪ ਰਾਤ ਦੀ ਘਟਨਾ ਬਾਰੇ ਉਚੀ ਉਚੀ ਚਰਚਾ ਕਰ ਰਹੇ ਸਨ, ਤਿਉਂ ਤਿਉਂ ਉਨ੍ਹਾਂ ਦੀਆਂ ਗੱਲਾਂ ਸੁਣ ਸੁਣ ਬਚਨੋ ਸ਼ਰਮ ਦੀ ਮਾਰੀ ਜ਼ਮੀਨ ਵਿਚ ਗੱਡਦੀ ਜਾ ਰਹੀ ਸੀ।

ਉਸ ਨੂੰ ਆਪਣੇ ਗੰਗਾ ਵਰਗੇ ਪਵਿੱਤਰ ਪਿਓ ਉਪਰ ਲਾਏ ਇਸ ਦੂਸ਼ਣ ਦਾ ਭੋਰਾ ਭਰ ਵੀ ਸੱਚ ਨਹੀਂ ਸੀ ਆ ਰਿਹਾ। ਉਸ ਨੇ ਤਾਂ ਆਪਣੀ ਸਾਰੀ ਉਮਰ ਰੱਬੀ ਭਗਤੀ ਵਿਚ ਗੁਜ਼ਾਰੀ ਸੀ। ਬਚਨੋ ਦੀ ਮਾਂ ਦੇ ਮਰਨ ਪਿੱਛੋਂ, ਭਰ ਜਵਾਨੀ ਵਿਚ ਵੀ ਉਸ ਨੇ ਕਦੇ ਕਿਸੇ ਦੀ ਧੀ ਭੈਣ ਵੱਲ ਮੈਲੀ ਨਜ਼ਰ ਨਾਲ ਨਹੀਂ ਸੀ ਦੇਖਿਆ। ਸਾਰਾ ਪਿੰਡ ਜਾਣਦਾ ਸੀ ਕਿ ਕਿਸ਼ਨ ਸਿਉਂ ਫੌਜੀ ਵਰਗਾ ਬੰਦਾ ਇਸ ਪਿੰਡ ਵਿਚ ਫੇਰ ਨਹੀਂ ਸੀ ਪੈਦਾ ਹੋਣਾ।

ਉਹ ਜਦੋਂ ਵੀ ਆਪਣੀ ਫੌਜੀ ਜ਼ਿੰਦਗੀ ਵਿਚੋਂ ਸਾਲ ਭਰ ਪਿੱਛੋਂ ਆਪਣੇ ਪਿੰਡ ਛੁੱਟੀ ਆਉਂਦਾ ਤਾਂ ਉਹ ਪਿੰਡ ਵਿਚ ਬਿਮਾਰਾਂ ਦੀ ਸੇਵਾ ਵਿਚ ਜੁਟਿਆ ਰਹਿੰਦਾ; ਖਾਸ ਕਰ ਕੇ ਜਣੇਪੇ ਵਾਲੀਆਂ ਔਰਤਾਂ ਦੀ ਦਵਾ ਦਾਰੂ ਦਾ ਉਹ ਬਹੁਤ ਧਿਆਨ ਰੱਖਦਾ ਸੀ। ਜਦੋਂ ਕਿਸ਼ਨ ਸਿਉਂ ਛੁੱਟੀ ਆਇਆ ਹੁੰਦਾ ਤਾਂ ਬਿਮਾਰਾਂ ਨਾਲ ਉਸ ਦੇ ਕੱਚੇ ਘਰ ਦੀ ਡਿਓਢੀ ਭਰੀ ਹੀ ਰਹਿੰਦੀ। ਸਾਰਾ ਸਾਰਾ ਦਿਨ ਦੀਪ ਤੇ ਬਚਨੋ ਉਸ ਕੋਲ ਬੈਠੇ ਕੋਈ ਨਾ ਕੋਈ ਜੜੀ-ਬੂਟੀ ਕੁੱਟਦੇ ਹੀ ਰਹਿੰਦੇ।

ਹੁਣ ਪਿਛਲੇ ਤਿੰਨਾਂ ਵਰ੍ਹਿਆਂ ਤੋਂ ਜਦੋਂ ਦਾ ਉਹ ਰਿਟਾਇਰ ਹੋ ਕੇ ਆਪਣੇ ਪਿੰਡ ਆਇਆ ਸੀ, ਆਪਣੇ ਪੁੱਤ ਦੀਪ ਕੋਲ ਰਹਿੰਦਾ ਹੋਇਆ ਵੀ ਬਿਮਾਰਾਂ ਲਈ ਕੋਈ ਨਾ ਕੋਈ ਦਵਾ-ਦਾਰੂ ਬਣਾਉਂਦਾ ਰਹਿੰਦਾ। ਕਦੇ ਕੌੜ ਤੁੰਮੇ ਦਾ ਚੂਰਨ, ਕਦੇ ਔਲੇ ਬਹੇੜਿਆਂ ਦੀ ਫੱਕੀ, ਕਦੇ ਸੰਤਰਿਆਂ ਦੇ ਛਿਲਕਿਆਂ ਦਾ ਮੁਰੱਬਾ, ਜਾਂ ਫੇਰ ਕਿੱਕਰਾਂ ਦੇ ਤੁੱਕਿਆਂ ਨੂੰ ਇਕੱਠਾ ਕਰ ਕੇ ਕਿਸੇ ਦਵਾਈ ਵਿਚ ਪਾਉਣ ਲਈ ਸੁਕਾਉਂਦਾ ਰਹਿੰਦਾ।

ਉਸ ਦੀ ਧੀ ਬਚਨੋ ਨੂੰ ਵਿਆਹਿਆਂ ਹੁਣ ਪੂਰੇ ਤੇਰਾਂ ਵਰ੍ਹੇ ਹੋ ਗਏ ਸਨ। ਫੇਰ ਵੀ ਉਸ ਦਾ ਬਾਈ ਕੋਈ ਨਾ ਕੋਈ ਦਵਾਈ ਉਸ ਕੋਲ ਕੁੱਟਣ ਲਈ ਭੇਜਦਾ ਰਹਿੰਦਾ।

ਕਿਸ਼ਨ ਸਿਉਂ ਨੇ ਕਦੇ ਕਿਸੇ ਮਰੀਜ਼ ਕੋਲੋਂ ਦਵਾਈ ਦੇ ਪੈਸੇ ਨਹੀਂ ਸਨ ਲਏ। ਕਦੇ ਦਵਾ-ਦਾਰੂ ਦਿੰਦਿਆਂ ਉਚੀ ਨਜ਼ਰ ਕਰ ਕੇ ਨਹੀਂ ਸੀ ਦੇਖਿਆ, ਜਦੋਂ ਕਿ ਇਕ ਖਿਆਲ ਉਸ ਦੇ ਮਨ ਵਿਚ ਵਾਰ ਵਾਰ ਆਉਂਦਾ ਰਿਹਾ ਸੀ ਕਿ 'ਉਸ ਨੂੰ ਆਪਣਾ ਘਰ ਦੁਬਾਰਾ ਵਸਾ ਲੈਣਾ ਚਾਹੀਦਾ ਹੈ', ਪਰ ਉਸ ਨੇ ਐਸਾ ਨਹੀਂ ਸੀ ਕੀਤਾ। ਜਦੋਂ ਵੀ ਉਹ ਐਸਾ ਸੋਚਦਾ, ਦੀਪ ਦਾ ਮਾਸੂਮ ਜਿਹਾ ਚਿਹਰਾ ਉਸ ਦੇ ਸਾਹਮਣੇ ਆ ਖੜ੍ਹਾ ਹੁੰਦਾ, 'ਰੁਲਜੂ ਯਤੀਮ, ਮਤਰੇਈਆਂ ਕਾਹਨੂੰ ਪੁੱਛਦੀਆਂ ਨੇ।' ਅੱਜ ਉਹ ਹੀ ਦੀਪ ਸੀ ਜਿਸ ਨੇ ਉਸ ਦੀ ਚਿੱਟੀ ਦਾੜ੍ਹੀ ਦਾ ਵਾਲ ਵਾਲ ਕਰ ਰੱਖਿਆ ਸੀ।

ਕਾਲੇ ਦੀ ਛਟੀ ਉਤੇ ਆਏ ਸਾਰੇ ਭਾਈਚਾਰੇ ਵਿਚ ਇਹ ਗੱਲ ਤੜਕੇ ਤੋਂ ਹੀ ਫੈਲ ਚੁੱਕੀ ਸੀ ਤੇ ਸਿੰਦਰੋ ਦੀ ਚਾਚੀ ਮੂੰਹ ਹਨ੍ਹੇਰੇ ਹੀ ਨਮੋਸ਼ੀ ਦੀ ਮਾਰੀ ਪਹਿਲੀ ਮੋਟਰ ਆਪਣੇ ਪਿੰਡ ਮੁੜ ਗਈ ਸੀ।

ਘਰ ਵਿਚ ਆਈਆਂ ਮੇਲਣਾਂ ਵਿਚੋਂ ਕਈਆਂ ਨੇ ਲਾਜੋ ਦੇ ਮੰਜੇ ਕੋਲ ਪਈ ਬੁੜ੍ਹੇ ਦੀ ਜੁੱਤੀ ਸੈਂਦਕ ਦੇਖੀ ਸੀ। ਸਿੰਦਰੋ ਦੇ ਪੇਕਿਉਂ ਆਈਆਂ ਕਈ ਤੀਵੀਆਂ ਵਿਹੜੇ ਵਿਚ ਖੜ੍ਹੀਆਂ ਇਸ ਗੱਲ ਦੀ ਵਾਰੋ ਵਾਰੀ ਚਰਚਾ ਕਰ ਰਹੀਆਂ ਸਨ।

ਪਹਿਲੀ: "ਸਹੁੰ ਭਾਈ ਦੀ, ਝੂਠ ਨੀ ਬੋਲਦੀ...ਰੱਬ ਨੂੰ ਜਾਨ ਦੇਣੀ ਹੈ। ਜੁੱਤੀ ਤਾਂ ਬੁੜ੍ਹੇ ਦੀ ਲਾਜੋ ਦੇ ਮੰਜੇ ਕੋਲ ਪਈ ਮੈਂ ਆਪ ਦੇਖੀ ਹੈ।"

ਦੂਜੀ: ਹੁੰਗਾਰਾ ਭਰਦੀ ਹੋਈ, "ਖ਼ਬਰੇ ਬੁੜ੍ਹੇ ਦੀ ਮੱਤ ਨੂੰ ਕੀ ਹੋ ਗਿਆ! ਧੌਲੇ ਝਾਟੇ ਸਿਰ ਸੁਆਹ ਪਾ ਲਈ। ਨਾਲੇ ਦੀਪ ਨੂੰ ਸਾਰੇ ਸ਼ਰੀਕੇ ਵਿਚ ਕਿਤੇ ਆਉਣ ਜਾਣ ਜੋਗਾ ਨੀ ਛੱਡਿਆ।"

ਤੀਜੀ: "ਨੀ ਛੇੜਿਆ ਵੀ ਕੀਹਨੂੰ। ਕੁੜਮਾਂ ਅੱਗੋਂ ਆਈ ਨੂੰ। ਐਵੇਂ ਦੀਪ ਕਹਿੰਦਾ ਰਹਿੰਦਾ ਹੈ ਕਿ ਦੌਰਾ ਪੈਣ ਸਮੇਂ ਬੁੜ੍ਹੇ ਨੂੰ ਆਪਣੇ ਆਪ ਦੀ ਸੁਰਤ ਨਹੀਂ ਰਹਿੰਦੀ। ਭਲਾ ਇਹ ਗੱਲਾਂ ਕੋਈ ਬੇਸੁਰਤੀ ਦੀਆਂ ਨੇ। ਮੁੰਡਾ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ ਕਿਤੇ ਵੀ।"

ਬਚਨੋ ਸ਼ਰੀਕੇ ਦੀਆਂ ਔਰਤਾਂ ਦੇ ਮੂੰਹੋਂ ਇਹੋ ਜਿਹੀਆਂ ਗੱਲਾਂ ਸੁਣ ਸੁਣ, ਰੋਣ ਹਾਕੀ ਹੋਈ ਪਈ ਸੀ। ਕੀ ਔਰਤ, ਕੀ ਮਰਦ ਇਸੇ ਘਟਨਾ ਦੀ ਚਰਚਾ ਕਰ ਰਹੇ ਸਨ।

ਪਰ ਬਚਨੋ ਨੂੰ ਜਿਵੇਂ ਸੱਚ ਨਹੀਂ ਸੀ ਆ ਰਿਹਾ, ਭਾਵੇਂ ਉਸ ਨੇ ਆਪ ਅੰਦਰ ਜਾ ਕੇ ਲਾਜੋ ਦੇ ਮੰਜੇ ਕੋਲ ਪਈ ਆਪਣੇ ਬਾਈ ਦੀ ਜੁੱਤੀ ਦੇਖੀ ਸੀ। ਉਸ ਨੇ ਕਈ ਵਾਰ ਹੌਸਲਾ ਕੀਤਾ ਕਿ ਉਹ



ਸਫਰਾਂ ਦਾ ਥਕੇਵਾਂ...

ਆਪ ਜਾ ਕੇ ਆਪਣੇ ਬਾਈ ਕੋਲੋਂ ਸਾਰੀ ਗੱਲ ਪੁੱਛੇ ਪਰ ਧੀ ਪਿਉ ਨੂੰ ਪੁੱਛੇ ਤਾਂ ਕੀ? ਨਾਲੇ ਉਸ ਨੂੰ ਤਾਂ ਮੂੰਹ ਹਨ੍ਹੇਰੇ ਹੀ ਬੇਹੋਸ਼ੀ ਦੀ ਹਾਲਤ ਵਿਚ ਦੀਪ ਬਾਹਰਲੇ ਘਰ ਛੱਡ ਆਇਆ ਸੀ, ਜਿੱਥੇ ਉਹ ਹੁਣ ਬੇਸੁਧ ਪਿਆ ਸੀ। ਕਿਸੇ ਨੇ ਉਸ ਦੀ ਮੁੜ ਕੇ ਬਾਤ ਨਹੀਂ ਸੀ ਪੁੱਛੀ। ਬਚਨੋ ਆਪ ਹਲਵਾਈ ਨਾਲ ਭੱਠੀ ਉਤੇ ਰੁੱਝੀ ਹੋਈ ਸੀ।

ਪਰ ਜੋ ਜੋ ਗੱਲਾਂ ਸ਼ਰੀਕੇ ਦੇ ਲੋਕ ਉਹਦੇ ਪਿਓ ਬਾਰੇ ਕਰ ਰਹੇ ਸਨ, ਬਚਨੋ ਦੇ ਦਿਲ ਵਿਚ ਸੂਲਾਂ ਵਾਂਗ ਚੁੱਭ ਰਹੀਆਂ ਹਨ। ਉਸ ਦੇ ਧਰਮਾਤਮਾ ਪਿਓ ਬਾਰੇ ਅੱਜ ਕੀ ਕੀ ਨਹੀਂ ਸੀ ਕਿਹਾ ਲੋਕਾਂ ਨੇ। ਉਸ ਸ਼ਖ਼ਸ ਬਾਰੇ ਜਿਸ ਨੇ ਜੁਆਨੀ ਤੋਂ ਬੁਢਾਪੇ ਤੱਕ ਦਾ ਸਾਰਾ ਸਫ਼ਰ ਬਿਨਾਂ ਸਾਥੀ ਤੋਂ ਤੈਅ ਕੀਤਾ ਸੀ, ਆਪਣੀਆਂ ਸਾਰੀਆਂ ਇੱਛਾਵਾਂ ਨੂੰ ਉਸ ਨੇ ਭੁੱਬਲ ਦੀ ਅੱਗ ਵਾਂਗ ਦੱਬ ਰੱਖਿਆ ਸੀ।

ਬਚਨੋ ਦੀ ਮਾਂ ਤਾਂ ਦੀਪ ਨੂੰ ਛਿਲੇ ਵਿਚ ਹੀ ਛੀਆਂ ਦਿਨਾਂ ਦਾ ਛੱਡ ਕੇ ਚਲ ਵਸੀ ਸੀ। ਤਾਹੀਓਂ ਬਚਨੋ ਦਾ ਬਾਈ ਜਣੇਪੇ ਵਾਲੀਆਂ ਔਰਤਾਂ ਦਾ ਖਾਸ ਧਿਆਨ ਰੱਖਦਾ ਸੀ। ਜਦੋਂ ਬਚਨੋ ਦੀ ਮਾਂ ਮਰੀ ਤਾਂ ਉਸ ਸਮੇਂ ਬਚਨੋ ਦੇ ਬਾਈ ਦੀ ਉਮਰ ਮਸਾਂ ਬਾਈ ਵਰ੍ਹਿਆਂ ਦੀ ਹੋਊ, ਤੇ ਬਚਨੋ ਉਸ ਸਮੇਂ ਡੂਢ ਵਰ੍ਹੇ ਦੀ ਸੀ।

ਚੌਦਾਂ ਸਾਲ ਕਿਸ਼ਨ ਸਿਉਂ ਦੀ ਫੌਜ ਕਸ਼ਮੀਰ ਦੇ ਬਾਰਡਰ 'ਤੇ ਰਹੀ। ਫਿਰ ਖਾਸਾ ਚਿਰ ਰਾਜਸਥਾਨ, ਤੇ ਉਸ ਤੋਂ ਪਿੱਛੋਂ ਕਿਸ਼ਨ ਸਿਉਂ ਦੀ ਬਦਲੀ ਦਿੱਲੀ ਦੀ ਹੋ ਗਈ। ਪਿੱਛੋਂ ਸ਼ਰੀਕੇ ਵਿਚੋਂ ਲਗਦੇ ਕਿਸ਼ਨ ਸਿਉਂ ਦੇ ਭਾਈ ਨੇ ਬਚਨੋ ਲਈ ਮੁੰਡਾ ਟੋਲਿਆ ਅਤੇ ਆਉਂਦੀ ਛੁੱਟੀ ਨੂੰ ਉਸ ਦੇ ਹੱਥ ਪੀਲੇ ਕਰ ਉਸ ਨੂੰ ਪਰਾਏ ਘਰ ਤੋਰ ਦਿੱਤਾ। ਫਿਰ ਭੈਣ ਨੇ ਵੀਰ ਲਈ ਜੱਟਾਂ ਦੀ ਇਕ ਬਹੂ ਦੇ ਪੇਕੇ ਪਿੰਡੋਂ ਸਿੰਦਰੋ ਦਾ ਰਿਸ਼ਤਾ ਦੀਪ ਲਈ ਲੈ ਲਿਆ। ਕਿੰਨੇ ਚਾਓ ਕੀਤੇ ਸਨ ਸਿੰਦਰੋ ਦੇ, ਬਚਨੋ ਦੇ ਬਾਈ ਨੇ। ਅੱਜ ਉਹ ਹੀ ਸਿੰਦਰੋ ਉਸ ਦੇ ਬਾਈ ਨੂੰ ਨਾ ਜਾਣੇ ਕੀ ਕੀ ਅਬਾ ਤਬਾ ਬੋਲ ਰਹੀ ਸੀ, ਤੇ ਬਚਨੋ ਸਭ ਕੁਝ ਜਰਦੀ ਹੋਈ ਅੰਦਰੋ-ਅੰਦਰ ਲਹੂ ਦੇ ਘੁੱਟ ਪੀ ਰਹੀ ਸੀ।

ਅੱਜ ਤਾਂ ਦੀਪ ਵੀ ਯਕੀਨ ਕਰ ਬੈਠਾ ਸੀ ਕਿ ਉਸ ਦਾ ਬਾਈ ਜਾਣ ਬੁੱਝ ਕੇ ਅੰਦਰ ਗਿਆ ਸੀ, ਕਿਉਂਕਿ ਸਿੰਦਰੋ ਨੇ ਅੱਗੇ ਵੀ ਕਈ ਇਹੋ ਜਿਹੀਆਂ ਗੱਲਾਂ ਦੀਪ ਨੂੰ ਦੱਸੀਆਂ ਸਨ ਕਿ ਉਸ ਦਾ ਬਾਈ ਆਪਣਾ ਘੜਾ ਛੱਡ ਨੰਦ ਕੁਰ ਦੀ ਝੱਜਰੀ ਵਿਚੋਂ ਕੋਠੇ ਉਤੇ ਪਾਣੀ ਪੀਣ ਜਾਂਦਾ ਹੈ, ਅਤੇ ਦਰਵਾਜ਼ੇ ਜਾ ਕੇ ਉਸ ਨੇ ਲੰਬੜਾਂ ਦੇ ਬੁੜ੍ਹੇ ਨੂੰ ਇਹ ਵੀ ਕਿਹਾ ਸੀ ਕਿ ਉਹ ਉਸ ਦਾ ਕਿਤੇ ਹੋਰ ਬਾਨਣੂੰ ਬੰਨ੍ਹਵਾ ਦੇਵੇ। ਦੀਪ ਨੇ ਇਹ ਸਾਰੀਆਂ ਗੱਲਾਂ ਬਚਨੋ ਨੂੰ ਵੀ ਚਿੱਠੀ ਵਿਚ ਲਿਖ ਦਿੱਤੀਆਂ ਸਨ।

ਬਚਨੋ ਨੂੰ ਦੀਪ ਦੀ ਚਿੱਠੀ ਵਿਚ ਲਿਖੀ ਇਹ ਗੱਲ ਵੀ ਚੇਤੇ ਆਈ ਜਿਸ ਵਿਚ ਦੀਪ ਨੇ ਲਿਖਿਆ ਸੀ ਕਿ 'ਭੈਣ, ਅੱਜਕੱਲ੍ਹ ਬਾਈ ਬਹੁਤ ਲਾ-ਪ੍ਰਵਾਹ ਹੁੰਦਾ ਜਾ ਰਿਹਾ ਸੀ। ਪੈਨਸ਼ਨ ਦੇ ਰੁਪਿਆਂ ਵਿਚੋਂ ਹਰ ਮਹੀਨੇ ਕਈ ਕਈ ਰੁਪਿਆਂ ਦੀ ਲਾਟਰੀ ਪਾ ਆਉਂਦਾ ਹੈ।'


ਜਦੋਂ ਦੀਪ ਦੇ ਮਨ ਵਿਚ ਹੀ ਖਾਈ ਬਣ ਗਈ ਸੀ ਤਾਂ ਭਲਾ ਸਿੰਦਰੋ ਨੇ ਕੀ ਬਾਤ ਪੁੱਛਣੀ ਸੀ!

"ਨਾ ਰੋਟੀ ਦੇਣ ਪਰ ਝੂਠੇ ਦੂਸ਼ਣ ਤਾਂ ਨਾ ਲਾਉਣ।" ਆਹ ਰਾਤ ਵਾਲਾ ਲਾਇਆ ਦੂਸ਼ਣ ਤਾਂ ਜਿਵੇਂ ਬਚਨੋ ਤੋਂ ਸਹਿਆ ਨਹੀਂ ਸੀ ਜਾ ਰਿਹਾ।

ਸੱਚ ਨਿਤਾਰਨ ਲਈ ਸਾਰੇ ਕੰਮ ਛੱਡ ਛੁਡਾ ਉਹ ਭਰੀ ਪੀਤੀ ਬਾਹਰਲੇ ਘਰ ਆਪਣੇ ਬਾਈ ਕੋਲ ਆਈ, ਜਿੱਥੇ ਕੰਧ ਨਾਲ ਢਾਸਣਾ ਲਾਈ ਹੁਣ ਉਸ ਦਾ ਬਾਈ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ।

ਇਕ ਵਾਰ ਤਾਂ ਪਾਠ ਕਰਦੇ ਬਾਈ ਨੂੰ ਦੇਖ ਬਚਨੋ ਨੂੰ ਦੀਪ ਤੇ ਸਿੰਦਰੋ ਉਤੇ ਬੇਹੱਦ ਗੁੱਸਾ ਆਇਆ ਤੇ ਨਾਲੇ ਉਸ ਕਮਜ਼ਾਤ ਲਾਜੋ 'ਤੇ, ਜਿਸ ਨੇ ਝੂਠਾ ਦੋਸ਼ ਲਾਇਆ ਸੀ ਉਸ ਦੇ ਪਿਓ ਉਤੇ। 'ਕੇਰਾਂ ਤਾਂ ਬਚਨੋ ਦਾ ਚਿੱਤ ਕੀਤਾ ਕਿ ਉਸ ਨੂੰ ਗੁੱਤੋਂ ਫੜ ਕੇ ਆਪਣੇ ਬਾਈ ਦੇ ਸਾਹਮਣੇ ਲਿਆ ਕੇ ਪੁੱਛੇ ਪਰ ਉਹ ਤਾਂ ਮੂੰਹ ਹਨ੍ਹੇਰੇ ਹੀ ਆਪਣੇ ਪਿੰਡ ਮੁੜ ਗਈ ਸੀ। ਫਿਰ ਉਸ ਦੇ ਮਨ 'ਚ ਆਈ ਕਿ ਉਹ ਦੀਪ ਤੇ ਸਿੰਦਰੋ ਨੂੰ ਬੁਲਾ ਕੇ ਚੰਗੀ ਤਰ੍ਹਾਂ ਧਨੇਸੜੀ ਦੇਵੇ ਪਰ ਉਹ ਸਾਰੇ ਗੁੱਸੇ ਨੂੰ ਅੰਦਰੋ-ਅੰਦਰ ਪੀ ਗਈ, ਕਿਉਂਕਿ ਘਰ ਵਿਚ ਉਸ ਦੇ ਭਤੀਜੇ ਦੀ ਛਟੀ ਕਰ ਕੇ ਖੁਸ਼ੀ ਮਨਾਈ ਜਾ ਰਹੀ ਸੀ।

ਪਰ ਉਹ ਆਪਣੇ ਬਾਈ ਉਪਰ ਲੱਗੇ ਦੂਸ਼ਣ ਦਾ ਨਿਤਾਰਾ ਸ਼ਰੀਕੇ ਦੇ ਸਾਹਮਣੇ ਹੀ ਕਰਨਾ ਚਾਹੁੰਦੀ ਸੀ। ਕਿਵੇਂ ਸਿੰਦਰੋ ਨੇ ਖਾਹ-ਮਖਾਹ ਸਾਰੇ ਰਿਸ਼ਤੇਦਾਰਾਂ ਵਿਚ ਭੰਡੀ ਪਾ ਰੱਖੀ ਸੀ। ਉਸ ਨੇ ਬੜੀ ਹਿੰਮਤ ਕਰ ਕੇ ਆਪਣੇ ਬਾਈ ਕੋਲ ਬੈਠਦਿਆਂ ਹੌਲੀ ਜਿਹੇ ਪੁੱਛਿਆ,



"ਬਾਈ ਜੀ ਭਲਾ ਇਹ ਰਾਤ...", ਅਜੇ ਗੱਲ ਮੂੰਹ ਵਿਚ ਹੀ ਸੀ ਕਿ ਉਸ ਨੂੰ ਦਿਆਲੋ ਤਾਈ ਦੀ ਕਹੀ ਗੱਲ ਦਾ ਚੇਤਾ ਆ ਗਿਆ।

"ਅੱਜਕੱਲ੍ਹ ਤੇਰਾ ਬਾਈ ਬਹੁਤ ਦੁਖੀ ਹੈ ਧੀਏ। ਮਾੜੀ ਮਾੜੀ ਗੱਲ 'ਤੇ ਰੋ ਪੈਂਦਾ ਹੈ। ਦੁੱਖ-ਸੁੱਖ ਦੀ ਕੋਈ ਵੀ ਗੱਲ ਸਹਿਣ ਨਹੀਂ ਕਰਦਾ। ਕਈ ਵਾਰ ਤਾਂ ਸਾਰੀ ਸਾਰੀ ਰਾਤ ਸੌਂਦਾ ਵੀ ਨਹੀਂ। ਜੇ ਕਿਧਰੇ ਬਿੰਦ-ਝੱਟ ਅੱਖ ਲੱਗ ਹੀ ਜਾਏ ਤਾਂ ਫੇਰ ਝੱਟ ਜਾਗ ਜਾਂਦਾ ਹੈ। ਫਿਰ ਅੱਧੀ ਰਾਤ ਜਿੱਧਰ ਮੂੰਹ ਹੁੰਦਾ ਹੈ, ਉਠ ਤੁਰਦਾ ਹੈ।"

ਬਚਨੋ ਨੂੰ ਡਰ ਹੋ ਗਿਆ, ਕਿਧਰੇ ਉਸ ਦਾ ਬਾਈ ਉਸ ਦੀ ਗੱਲ ਸੁਣ ਕੇ ਰੋਣ ਹੀ ਨਾ ਲੱਗ ਜਾਏ ਪਰ ਥੋੜ੍ਹੀ ਦੇਰ ਇੱਧਰ ਉਧਰ ਦੀਆਂ ਗੱਲਾਂ ਕਰਨ ਪਿੱਛੋਂ ਝਿਜਕਦਿਆਂ ਝਿਜਕਦਿਆਂ ਫਿਰ ਕਿਹਾ, "ਬਾਈ ਜੀ, ਭਲਾ ਇਹ ਰਾਤ ਤੈਨੂੰ ਦੌਰਾ ਕੇਹਾ ਪੈ ਗਿਆ ਸੀ?"

ਕਿਸ਼ਨ ਸਿਉਂ ਨੇ ਧੀ ਦੀਆਂ ਨਜ਼ਰਾਂ ਵਿਚ ਡੁਲ੍ਹਦੀ ਹਮਦਰਦੀ ਦੇਖ ਕੇ ਹੌਲੀ ਜਿਹੀ ਕਿਹਾ, "ਕੀ ਪੁੱਤ...", ਤੇ ਇਸ ਦੇ ਨਾਲ ਹੀ ਉਸ ਦਾ ਗਲਾ ਭਰ ਆਇਆ।

ਬਚਨੋ ਨੇ ਝੱਟ ਗੱਲ ਪਲਟੀ ਤੇ ਕਿਹਾ, "ਬਾਈ ਜੀ, ਮੈਂ ਤਾਂ ਉਂਈ ਪੁੱਛਦੀ ਹਾਂ ਬਈ, ਤੈਨੂੰ ਇਹ ਬੇਹੋਸ਼ੀ ਦਾ ਦੌਰਾ ਕਿਉਂ ਪੈ ਜਾਂਦਾ ਹੈ। ਤੈਨੂੰ ਕਿਸ ਗੱਲ ਦਾ ਦੁੱਖ ਹੈ ਬਾਈ? ਦੀਪ ਤੇ ਬਹੂ ਜਾਣੋ ਤੈਨੂੰ ਬਹੁਤ ਤੰਗ ਕਰਦੇ ਨੇ।"

"ਨਾ ਪੁੱਤ ਨਾ, ਮੈਨੂੰ ਕਾਸੇ ਦਾ ਵੀ ਭੋਰਾ ਦੁੱਖ ਨੀ। ਕੋਈ ਤੰਗ ਨਹੀਂ ਕਰਦਾ ਮੈਨੂੰ।"

"ਫਿਰ ਇਹ ਮਾੜੀ ਜੀ ਗੱਲ 'ਤੇ ਤੇਰੀਆਂ ਅੱਖਾਂ ਕਿਉਂ ਭਰ ਆਉਂਦੀਆਂ ਨੇ।"

"ਕੁਛ ਨੀ ਪੁੱਤ, ਮੈਨੂੰ ਕੋਈ ਦੁੱਖ ਤਕਲੀਫ ਨੀ। ਬੈਠੇ ਬਿਠਾਏ ਦੋ ਵਖਤ ਰੋਟੀ ਮਿਲ ਜਾਂਦੀ ਹੈ।"

"ਝੂਠ ਨਾ ਬੋਲ ਬਾਈ, ਮੈਂ ਸਾਰੀ ਗੱਲ ਜਾਣਦੀ ਹਾਂ। ਦੀਪ ਤੇ ਸਿੰਦਰੋ ਨੂੰ ਤੇਰੀ ਰੋਟੀ ਹੁਣ ਚੁਭਦੀ ਹੈ। ਇਸੇ ਕਰ ਕੇ ਤੇਰੀ ਬਦਖੋਈ ਕਰਦੇ ਰਹਿੰਦੇ ਨੇ ਹਰ ਸਮੇਂ, ਪਰ ਬਾਈ ਜੀ, ਮੈਥੋਂ ਤੇਰੀ ਇਹ ਹਾਲਤ ਨਹੀਂ ਦੇਖੀ ਜਾਂਦੀ। ਹਰ ਸਮੇਂ ਉਠਦੇ ਬੈਠਦੇ ਫਿਟਲ੍ਹਾਣਤੀ ਕਰਦੇ ਰਹਿੰਦੇ ਨੇ ਦੋਵੇਂ ਜੀ।"

"ਇਹ ਤਾਂ ਸਮੇਂ ਦਾ ਗੇੜ ਹੈ ਪੁੱਤ।"

"ਪਰ ਤੈਂ ਤਾਂ ਸਾਰੀ ਉਮਰ ਲੋਕਾਂ ਦੀ ਭਲਾਈ ਹੀ ਕੀਤੀ ਹੈ। ਫਿਰ ਇਹ ਲੋਕ ਤੇਰੀਆਂ ਇਹੋ ਜਿਹੀਆਂ ਗੱਲਾਂ ਕਿਉਂ ਬਣਾਉਂਦੇ ਨੇ। ਕਿਉਂ ਝੂਠੀਆਂ ਤੁਹਮਤਾਂ ਲਾਉਂਦੇ ਨੇ ਤੇਰੇ 'ਤੇ ਹਰ ਸਮੇਂ। ਬਾਈ ਜੀ 'ਕੇਰਾਂ ਤੂੰ ਮੈਨੂੰ ਇਹ ਰਾਤ ਵਾਲੀ ਗੱਲ ਸੱਚੋ ਸੱਚ ਦੱਸ ਦੇਹ, ਕੀ ਹੋਈ। ਫਿਰ ਮੈਂ ਆਪ ਸੁਲਝ ਲੂੰਗੀ ਸਭ ਨਾਲ।"

"ਗੱਲ ਕੀ ਹੋਈ ਪੁੱਤ?"

"ਮੈਂ ਪੁੱਛਦੀ ਹਾਂ, ਇਹ ਤੇਰੀ ਜੁੱਤੀ ਲਾਜੋ ਕਮਜਾਤ ਦੇ ਮੰਜੇ ਕੋਲ ਕਿਵੇਂ ਆਈ?"

"ਮੇਰੀ ਜੁੱਤੀ ਲਾਜੋ ਦੇ ਮੰਜੇ ਕੋਲ! ਓ ਫੁੱਟੇ ਕਰਮ...", ਐਨਾ ਕਹਿੰਦਿਆਂ ਕਹਿੰਦਿਆਂ ਉਸ ਦਾ ਗਲਾ ਭਰ ਆਇਆ, ਤੇ ਝੱਟ ਗਰਮ ਗਰਮ ਹੰਝੂ ਉਸ ਦੀ ਚਿੱਟੀ ਦਾੜ੍ਹੀ ਉਪਰ ਡਿੱਗਣ ਲੱਗ ਪਏ।

ਬਚਨੋ ਨੇ ਆਪਣੇ ਬਾਈ ਨੂੰ ਸੰਭਾਲਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਝੱਟ ਬੇਹੋਸ਼ ਹੋ ਗਿਆ। ਬਚਨੋ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਸ ਨੇ ਭੱਜ ਕੇ ਨਾਲ ਦੇ ਘਰੋਂ ਜੱਟਾਂ ਦੇ ਮੁੰਡੇ ਨੂੰ ਸਾਈਕਲ ਉਪਰ ਭੇਜ ਡਾਕਟਰ ਨੂੰ ਬੁਲਾਇਆ।

ਡਾਕਟਰ ਦੀ ਕਾਫ਼ੀ ਕੋਸ਼ਿਸ਼ ਪਿੱਛੋਂ ਕਿਤੇ ਕਿਸ਼ਨ ਸਿਉਂ ਨੇ ਅੱਖਾਂ ਖੋਲ੍ਹੀਆਂ। ਬੇਹੋਸ਼ੀ ਦੀ ਹਾਲਤ ਸਮੇਂ ਬਚਨੋ ਨੇ ਰੋਂਦਿਆਂ ਰੋਂਦਿਆਂ ਆਪਣੇ ਬਾਈ ਦੀ ਸਾਰੀ ਹਾਲਤ ਦੱਸ ਦਿੱਤੀ ਕਿ ਉਹ ਸਾਰੀ ਸਾਰੀ ਰਾਤ ਸੌਂਦਾ ਨਹੀਂ, ਤੇ ਰਾਤ ਵਾਲੀ ਸਾਰੀ ਘਟਨਾ ਵੀ ਉਸ ਨੇ ਡਾਕਟਰ ਨੂੰ ਦੱਸ ਦਿੱਤੀ।

ਜਿਉਂ ਹੀ ਮਰੀਜ਼ ਨੂੰ ਕੁਝ ਹੋਸ਼ ਆਈ, ਡਾਕਟਰ ਨੇ ਪੂਰੀ ਤਸੱਲੀ ਦਿੱਤੀ।

"ਤੁਸੀਂ ਬਹੁਤ ਜਲਦੀ ਠੀਕ ਹੋ ਜਾਓਗੇ। ਇਹ ਬੇਹੋਸ਼ੀ ਤੁਹਾਨੂੰ ਦਿਮਾਗੀ ਨਾੜੀ ਦੇ ਲਹੂ ਦਾ ਦੌਰਾ ਰੁਕ ਜਾਣ ਕਾਰਨ ਹੁੰਦੀ ਹੈ, ਪਰ ਤੁਸੀਂ ਮੈਨੂੰ ਇਕ ਗੱਲ ਦੱਸੋ।"

"ਕੀ ਡਾਕਟਰ ਸਾਹਿਬ?" ਕਿਸ਼ਨ ਸਿਉਂ ਨੇ ਬੜੀ ਹਲੀਮੀ ਨਾਲ ਪੁੱਛਿਆ।

"ਤੁਸੀਂ ਫੌਜ ਵਿਚ ਰਾਤ ਨੂੰ ਕਿੰਨੇ ਘੰਟੇ ਸੌਂਦੇ ਸੀ? ਹੁਣ ਕਿੰਨੇ ਘੰਟੇ ਸੌਂਦੇ ਹੋ?"

"ਫੌਜ ਵਿਚ ਤਾਂ ਡਾਕਟਰ ਸਾਹਿਬ ਦਾਰੂ ਪੀ ਕੇ ਸਾਰੀ ਸਾਰੀ ਰਾਤ ਸੁੱਤਾ ਰਹਿੰਦਾ ਸੀ, ਪਰ ਹੁਣ ਤਾਂ ਜਿਵੇਂ ਨੀਂਦ ਨੇੜਿਓਂ ਹੀ ਨਹੀਂ ਲੰਘਦੀ।"

ਗੱਲ ਕਰਦਿਆਂ ਕਰਦਿਆਂ ਕਿਸ਼ਨ ਸਿਉਂ ਦੀ ਆਵਾਜ਼ ਬੰਦ ਹੋ ਗਈ ਅਤੇ ਉਸ ਦੀਆਂ ਅੱਖਾਂ ਵਿਚ ਹੰਝੂ ਭਰ ਆਏ। ਫਿਰ ਵੀ ਡਾਕਟਰ ਨੇ ਇਕ ਸਵਾਲ ਹੋਰ ਪੁੱਛ ਲਿਆ, "ਤੁਹਾਨੂੰ ਕੀ ਪ੍ਰੇਸ਼ਾਨੀ ਹੈ? ਤੁਸੀਂ ਰੋ ਕਿਉਂ ਪੈਂਦੇ ਹੋ?"

"ਕੁਛ ਨੀ ਡਾਕਟਰ ਸਾਹਿਬ। ਮੈਂ ਹੁਣ ਹੋਰ ਜਿਉਣਾ ਨਹੀਂ ਚਾਹੁੰਦਾ। ਮੈਨੂੰ ਸੰਖੀਆ ਦੇ ਦਿਉ ਘੋਲ ਕੇ।" ਔਖੇ ਔਖੇ ਸਾਹ ਲੈਂਦਿਆਂ ਕਿਸ਼ਨ ਸਿਉਂ ਨੇ ਮਸਾਂ ਆਪਣੀ ਗੱਲ ਮੁਕਾਈ, ਤੇ ਫਿਰ ਝੱਟ ਉਸ ਦੀ ਦਿਮਾਗੀ ਨਾੜੀ ਦਾ ਦੌਰਾ ਬੰਦ ਹੋ ਗਿਆ।

ਆਪਣੇ ਬਾਈ ਦੀ ਐਸੀ ਹਾਲਤ ਦੇਖ ਬਚਨੋ ਉਚੀ ਉਚੀ ਰੋਣ ਲੱਗ ਪਈ, ਤੇ ਫੇਰ ਆਪਣੇ ਗੋਡਿਆਂ ਵਿਚ ਸਿਰ ਰੱਖ ਕੇ ਉਸ ਨੂੰ ਚਿੰਬੜਦੀ ਹੋਈ ਬੋਲੀ, "ਹਾਏ ਬਾਈ, ਸਾਨੂੰ ਛੱਡ ਕੇ ਨਾ ਜਾਈਂ। ਮੇਰੇ ਬਾਈ ਨੂੰ ਬਚਾਓ ਡਾਕਟਰ ਸਾਹਿਬ।" ਉਸ ਨੇ ਡਾਕਟਰ ਅੱਗੇ ਵਾਸਤਾ ਪਾਇਆ।

"ਤੁਸੀਂ ਮਰੀਜ਼ ਕੋਲ ਰੋਵੋ ਨਾ। ਇੰਦਰੀਆਂ ਦੇ ਭੋਗਾਂ ਨੂੰ ਜਵਾਨੀ ਵਿਚ ਦੱਬ-ਘੁੱਟ ਕੇ ਰੱਖਣ ਨਾਲ ਬੁਢਾਪੇ ਵਿਚ ਐਸੇ ਰੋਗ ਅਕਸਰ ਲੱਗ ਜਾਂਦੇ ਹਨ। ਮਰੀਜ਼ ਬੇਵਸ ਬੇਹੋਸ਼ੀ ਦੀ ਹਾਲਤ ਵਿਚ ਬਹੁਤ ਕੁਝ ਕਰ ਜਾਂਦਾ ਹੈ ਜਿਸ ਦਾ ਉਸ ਨੂੰ ਖੁਦ ਪਤਾ ਨਹੀਂ ਲਗਦਾ।"

"ਤਾਂ ਕੀ ਰਾਤ ਵਾਲੀ ਘਟਨਾ ਸੱਚੀ ਹੋ ਸਕਦੀ ਹੈ ਡਾਕਟਰ ਸਾਹਿਬ!"

"ਇਸ ਵਿਚ ਕੋਈ ਸ਼ੱਕ ਨਹੀਂ।"

ਇਹ ਸੁਣਦਿਆਂ ਹੀ ਬਚਨੋ ਨੇ ਆਪਣੇ ਬਾਈ ਦੁਆਲੇ ਵਲੀਆਂ ਬਾਹਾਂ ਇਕੋ ਵਾਰੀ ਇਉਂ ਪਰ੍ਹਾਂ ਕਰ ਲਈਆਂ ਜਿਵੇਂ ਉਹ ਭਿੱਟੀ ਜਾ ਰਹੀ ਹੋਵੇ, ਤੇ ਉਸ ਨੇ ਝੱਟ ਆਪਣੇ ਗੋਡਿਆਂ ਉਤੋਂ ਬੜੀ ਬੇਰਹਿਮੀ ਨਾਲ ਕਿਸ਼ਨ ਸਿਉਂ ਦਾ ਸਿਰ ਹਟਾ ਕੇ ਭੁੰਜੇ ਰੱਖ ਦਿੱਤਾ।

# ਪੜ-ਯਥਾਰਥਵਾਦ !

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-454-4958

ਪਿਛਲੇ ਦਿਨੀਂ 'ਆਰਸੀ' ਨਾਂ ਦਾ ਬਲਾਗ ਚਲਾਉਂਦੀ ਲੇਖਿਕਾ ਤਨਦੀਪ ਤਮੰਨਾ ਅੰਗਰੇਜ਼ੀ ਸ਼ਬਦ surrealism ਦਾ ਪੰਜਾਬੀ ਬਦਲ ਕਿਸੇ ਅੰਗਰੇਜ਼ੀ-ਪੰਜਾਬੀ ਕੋਸ਼ ਵਿਚੋਂ ਢੂੰਡਣ ਲੱਗੀ ਤਾਂ 'ਪੜ-ਯਥਾਰਥਵਾਦ' ਜਿਹਾ 'ਕਠਨ ਮਾਅਨਾ' ਸਾਹਮਣੇ ਆਇਆ। ਉਸ ਨੇ ਇਸ ਸ਼ਬਦ ਬਾਰੇ ਫੇਸਬੁਕ ਵਿਚ ਭੜਾਸ ਕਢੀ,

"ਆਹ ਪੰਜਾਬੀ ਦੇ ਸ਼ਬਦ ਕੋਸ਼ਾਂ 'ਤੇ ਕੰਮ ਕਰਨ ਵਾਲ਼ਿਆਂ ਦੇ ਵਾਰੇ-ਵਾਰੇ ਜਾਈਏ। ਪਤਾ ਨਹੀਂ ਇਨ੍ਹਾਂ ਨੂੰ ਕਿਸੇ ਲਫ਼ਜ਼ ਦੇ ਮਾਇਨੇ ਸੌਖੇ ਅਰਥਾਂ ਵਿਚ ਸਮਝਾਉਣੇ ਹੀ ਨਹੀਂ ਆਉਂਦੇ ਜਾਂ ਸਾਡੇ ਦਿਮਾਗ਼ ਹੀ ਅਪਾਹਿਜ ਹੋ ਚੁੱਕੇ ਹਨ ...ਜੇ ਹੁਣ ਪੰਜਾਬੀ ਵਿਚ ਲਿਖੇ ਜਾਣ ਵਾ਼ਲੇ ਪਰਚਿਆਂ ਵਿਚ ਕਈ ਸ਼ਬਦਾਂ ਨੂੰ ਅੰਗਰੇਜ਼ੀ 'ਚ ਲਿਖੀਏ ਤਾਂ ਅੱਧੇ ਤੋਂ ਵੱਧ ਲੇਖਕ ਏਧਰ-ਓਧਰ ਝਾਕਣ ਲੱਗ ਜਾਂਦੇ ਨੇ। ਜੇ ਕਿਸੇ ਪੰਜਾਬੀ ਦੇ ਸ਼ਬਦ-ਕੋਸ਼ ਦੀ ਮਦਦ ਲੈ ਕੇ ਲਿਖੀਏ ਤਾਂ ਸਾਰੇ ਇਸ ਤਰ੍ਹਾਂ ਦੀ ਤੱਕਣੀ ਨਾਲ ਤੁਹਾਨੂੰ ਵੇਖਣਗੇ, ਲੱਗਦਾ ਹੁੰਦੈ ਕਿ ਕਿਤੇ ਹੁਣੇ ਤੁਹਾਨੂੰ ਲੈਕਚਰ ਸਟੈਂਡ ਤੋਂ ਚੁੱਕ ਕੇ ਹਾਲ ਤੋਂ ਬਾਹਰ ਨਾ ਸੁੱਟ ਦੇਣਗੇ। ਕਸੂਰ ਉਨ੍ਹਾਂ ਦਾ ਵੀ ਨਹੀਂ ਹੁੰਦਾ....ਕੀ ਅਸੀਂ ਆਪਣੇ ਸ਼ਬਦ-ਕੋਸ਼ਾਂ ਨੂੰ ਆਸਾਨ ਬੋਲੀ ਵਿਚ ਨਹੀਂ ਲਿਖ ਸਕਦੇ...? ਹੁਣ ਆਹ ਇਕ ਸ਼ਬਦ ਦਾ ਅਰਥ ਪੜ ਯਥਾਰਥਵਾਦ ਹੈ। ਯੂਨੀਵਰਸਿਟੀਆਂ ਦੇ ਬਹੁਤੇ ਪੜ੍ਹੇ ਲਿਖੇ ਵਿਦਵਾਨੋ! ਸ਼ਬਦ ਇੰਨੇ ਔਖੇ ਨਹੀਂ, ਜਿੰਨੇ ਕਠਿਨ ਉਨ੍ਹਾਂ ਦੇ ਮਾਇਨੇ ਤੁਸੀਂ ਘੜ ਦਿੱਤੇ ਨੇ। ਕਿਸੇ ਸ਼ਾਇਰ ਦੀਆਂ ਕਿਤਾਬਾਂ 'ਤੇ ਪਰਚਾ ਲਿਖ ਰਹੀ ਹਾਂ...ਪੜ ਯਥਾਰਥਵਾਦ ਨੇ ਮੇਰਾ ਪਾਰਾ ਅਸਮਾਨ 'ਤੇ ਚੜ੍ਹਾ ਦਿੱਤੈ...ਤਵਾ ਤਾਂ ਲੱਗੇਗਾ ਹੀ ਨਾ...।"

ਚਰਚਾ ਵਿਚ ਭਾਗ ਲੈਂਦਿਆਂ ਮੈਂ ਦੱਸਿਆ ਕਿ ਇਹ ਸ਼ਬਦ ਪੰਜਾਬੀ ਆਲੋਚਨਾ ਵਿਚ ਮੁਦਤਾਂ ਤੋਂ ਪ੍ਰਚਲਤ ਹੈ, ਨਾਲੇ ਇਸ ਨੂੰ ਕੋਸ਼ਕਾਰਾਂ ਨੇ ਨਹੀਂ, ਆਲੋਚਕਾਂ ਨੇ ਹੀ ਘੜਿਆ ਹੈ। ਮੈਨੂੰ ਗੁੱਸਾ ਤੇ ਹੈਰਾਨੀ ਸੀ ਕਿ ਇਕ ਵਧੀਆ ਸਾਹਿਤਕ ਬਲਾਗ ਚਲਾਉਣ ਵਾਲੀ ਲੇਖਿਕਾ ਅਜਿਹੇ ਅਧ-ਪੜ੍ਹੇ ਲੋਕਾਂ ਵਾਲੇ ਕਿੰਤੂ ਕਿਉਂ ਕਰਦੀ ਹੈ? ਘਟੋ ਘਟ ਪੰਜਾਬੀ ਲੇਖਕਾਂ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਨ੍ਹਾਂ ਨੂੰ ਆਲੋਚਨਾ ਦੀ ਸ਼ਬਦਾਵਲੀ ਦਾ ਕਾਫੀ ਗਿਆਨ ਹੋਵੇ ਤੇ ਜੇ ਨਾ ਵੀ ਹੋਵੇ ਤਾਂ ਪਤਾ ਲੱਗਣ ਪਿਛੋਂ ਅਜਿਹੀ ਸਨਕੀ ਪ੍ਰਤੀਕ੍ਰਿਆ ਨਾ ਦੇਣ ਜਿਸ ਤੋਂ ਉਨ੍ਹਾਂ ਦੀ ਪੰਜਾਬੀ ਭਾਸ਼ਾ ਪ੍ਰਤੀ ਗੁਝੀ ਨਫਰਤ ਦਾ ਆਭਾਸ ਹੁੰਦਾ ਹੋਵੇ।

ਮੇਰੀ ਪ੍ਰਤੀਕ੍ਰਿਆ ਪਿਛੋਂ ਆਰਸੀ ਸਮੂਹ ਦੇ ਹੋਰ ਦੋਸਤਾਂ ਨੇ ਟਿੱਪਣੀਆਂ ਦਿੱਤੀਆਂ, ਵਿਚ ਵਿਚ ਖੁਦ ਤਮੰਨਾ ਵੀ ਦਖਲ ਦਿੰਦੀ ਰਹੀ। ਆਮ ਤੌਰ 'ਤੇ ਇਕ ਸਮੂਹ ਨਾਲ ਜੁੜੇ ਬਹੁਤ ਸਾਰੇ ਦੋਸਤ ਸਮੂਹ ਦੇ ਚਾਲਕ ਨੂੰ ਹਰ ਹੀਲੇ ਬਚਾਉਂਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਉਸ ਦੀ ਭਗਤੀ ਦਾ ਦਮ ਭਰਦੇ ਰਹਿੰਦੇ ਹਨ। ਲਗਭਗ ਸਾਰਿਆਂ ਨੇ ਹੀ ਇਸ ਸ਼ਬਦ ਤੋਂ ਅਨਜਾਣਤਾ ਪ੍ਰਗਟ ਕੀਤੀ। ਤਮੰਨਾ ਨੇ ਸਬੰਧਤ ਸ਼ਬਦ 'ਤੇ ਹੋਰ ਵਿਅੰਗ ਕਸਦਿਆਂ ਇਹ ਵੀ ਕਿਹਾ, 'ਪੜ ਦੇ ਅੱਗੇ ਵੀ ਕੋਈ ਪੜ-ਫੜ ਲਾ ਦਿਉ, ਕੋਈ ਨਵਾਂ ਵਾਦ ਈਜਾਦ ਹੋ ਜਾਵੇਗਾ।' ਬਹੁਤ ਸਾਰੀਆਂ ਟਿਪਣੀਆਂ ਪੜ੍ਹ ਕੇ ਇਹੀ ਮੁੱਦਾ ਸਾਹਮਣੇ ਆਇਆ ਕਿ ਕੋਸ਼ਕਾਰ, ਵਿਦਵਾਨ ਜਾਂ ਆਲੋਚਕ ਸੌਖੀ ਪੰਜਾਬੀ ਵਿਚ ਸ਼ਬਦ ਦੇ ਮਾਅਨੇ ਕਿਉਂ ਨਹੀਂ ਦਿੰਦੇ, ਹਿੰਦੀ-ਸੰਸਕ੍ਰਿਤਨੁਮਾ ਸ਼ਬਦ ਪੰਜਾਬੀ ਵਿਚ ਘੁਸੇੜ ਕੇ ਕਿਉਂ ਪੰਜਾਬੀ ਅਤੇ ਪੰਜਾਬ ਦਾ ਸਤਿਆਨਾਸ ਕੀਤਾ ਜਾ ਰਿਹਾ ਹੈ। ਅਜਿਹੇ ਵੇਲੇ ਪੰਜਾਬੀ ਤੇ ਪੰਜਾਬੀਅਤ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਵਾਲਾ ਦੋਸ਼ ਵੀ ਝਟ ਹੀ ਸਾਹਮਣੇ ਆ ਜਾਂਦਾ ਹੈ। ਕੁਝ ਇਕ ਨੇ ਇਹ ਗੱਲ ਵਾਰ ਵਾਰ ਕਹੀ ਕਿ ਭਾਸ਼ਾ ਦਾ ਖਜ਼ਾਨਾ ਤਾਂ ਉਨ੍ਹਾਂ ਨੇ ਮਾਂ-ਦਾਦੀ ਤੋਂ ਹੀ ਬਥੇਰਾ ਪ੍ਰਾਪਤ ਕਰ ਲਿਆ ਹੈ, ਅਜਿਹੇ ਕੋਸ਼ ਕੀ ਸਿਖਾਉਣਗੇ? ਟਕੋਰ ਵਜੋਂ ਨਵੀਂ ਪੰਜਾਬੀ ਸਿੱਖਣ ਲਈ ਟਿਊਸ਼ਨਾਂ ਦੀ ਗੱਲ ਕੀਤੀ ਗਈ।



*ਪ੍ਰਸਿਧ ਪੜ-ਯਥਾਰਥਵਾਦੀ ਚਿੱਤਰਕਾਰ ਸਲਵੇਡੋਰ ਡਾਲੀ ਦਾ ਇਕ ਚਿੱਤਰ*

ਅੰਗਰੇਜ਼ੀ ਤੋਂ ਪੰਜਾਬੀ ਜਿਹੀ ਭਾਸ਼ਾ ਨਾਲ ਸਬੰਧਤ ਦੁਭਾਸ਼ੀ ਕੋਸ਼ਕਾਰੀ ਦੇ ਕਾਰਜ ਖੇਤਰ ਬਾਰੇ ਕਈ ਪੜ੍ਹੇ-ਲਿਖੇ ਵੀ ਗਲਤਫਹਿਮੀ ਦੇ ਸ਼ਿਕਾਰ ਹਨ। ਦੁਭਾਸ਼ੀ ਕੋਸ਼ਾਂ ਵਿਚ ਆਮ ਤੌਰ 'ਤੇ ਮੁਖ ਇੰਦਰਾਜ ਦੀ ਵਿਆਖਿਆ ਨਹੀਂ ਕੀਤੀ ਜਾਂਦੀ ਬਲਕਿ ਉਸ ਦੇ ਢੁਕਵੇਂ ਸਮਾਨਾਰਥਕ ਸ਼ਬਦ ਹੀ ਦਿਤੇ ਜਾਂਦੇ ਹਨ। ਕੋਸ਼ਕਾਰੀ ਦੇ ਨਿਯਮਾਂ ਅਨੁਸਾਰ ਕੋਸ਼ਕਾਰ ਸ਼ਬਦ ਘੜਨ ਦੀ ਖੁਲ੍ਹ ਨਹੀਂ ਲੈ ਸਕਦਾ, ਉਸ ਨੇ ਭਾਸ਼ਾ ਵਿਚ ਪਹਿਲਾਂ ਪ੍ਰਚਲਤ ਸ਼ਬਦ ਹੀ ਰਿਕਾਰਡ ਕਰਨੇ ਹੁੰਦੇ ਹਨ। ਪਰ ਜਦ ਇਹ ਸਮਝਿਆ ਜਾਵੇ ਕਿ ਘੜੇ ਹੋਏ ਸ਼ਬਦ ਦੇ ਅੰਗਾਂ ਦੀ ਆਮ ਪਾਠਕ ਨੂੰ ਸਮਝ ਹੋ ਸਕਦੀ ਹੈ ਤਾਂ ਅਜਿਹੇ ਨਿਯਮ ਦੀ ਕਦੀ ਕਦੀ ਉਲੰਘਣਾ ਕਰ ਲਈ ਜਾਂਦੀ ਹੈ। ਮਿਸਾਲ ਵਜੋਂ 'ਕੌਮੀਕਰਣ' ਜਿਹਾ ਸ਼ਬਦ ਇਹ ਖਿਆਲ ਕਰਦਿਆਂ ਘੜਿਆ ਜਾਵੇਗਾ ਕਿ ਪਾਠਕ ਨੂੰ 'ਕੌਮ' ਸ਼ਬਦ ਅਤੇ 'ਕਰਣ' ਪਿਛੇਤਰ ਦੇ ਅਰਥ ਆਉਂਦੇ ਹਨ। ਜੇ ਦੁਭਾਸ਼ੀ ਕੋਸ਼ ਹਰ ਸ਼ਬਦ ਦੀ ਵਿਆਖਿਆ ਦੇਣ ਲੱਗ ਪੈਣ ਤਾਂ ਇਹ ਆਮ ਆਕਾਰ ਤੋਂ ਸਹਿਜੇ ਹੀ ਚਾਰ ਪੰਜ ਗੁਣਾ ਵੱਡੇ ਹੋ ਜਾਣਗੇ। ਦੁਭਾਸ਼ੀ ਕੋਸ਼ਾਂ ਨੂੰ ਸਰਲ ਭਾਸ਼ਾ ਵਿਚ ਲਿਖਣ ਵਾਲਾ ਸੁਝਾਅ ਵਿਹਾਰਕ ਨਹੀਂ ਹੈ, ਇਥੇ ਮੁਖ ਸਰੋਕਾਰ ਸਮਾਨੰਤਰ ਸ਼ਬਦ ਦੇ ਢੁਕਵੇਂਪਣ ਦਾ ਹੁੰਦਾ ਹੈ। ਜੇ ਪਾਠਕ ਦੇ ਗਿਆਨ ਵਿਚ ਇਹ ਸ਼ਬਦ ਨਹੀਂ ਹੈ ਤਾਂ ਉਹ ਇਸ ਦਾ ਅਰਥ ਇਕਭਾਸ਼ੀ ਕੋਸ਼ (ਜਿਵੇਂ ਪੰਜਾਬੀ-ਪੰਜਾਬੀ) ਵਿਚ ਤਲਾਸ਼ ਕਰਨ ਦੀ ਖੇਚਲ ਕਰਨ। ਉਂਜ ਸ਼ਬਦ ਦੇ ਔਖੇ ਜਾਂ ਆਸਾਨ ਹੋਣ ਵਾਲਾ ਇਤਰਾਜ਼ ਬੇਥਵਾ ਹੈ। ਕੋਈ ਸੰਕਲਪ ਵਿਸ਼ੇਸ਼ ਔਖਾ ਜਾਂ ਆਸਾਨ ਹੋ ਸਕਦਾ ਹੈ, ਉਸ ਲਈ ਵਰਤਿਆ ਜਾਂਦਾ ਸ਼ਬਦ ਨਹੀਂ ਕਿਉਂਕਿ ਸ਼ਬਦ ਤਾਂ ਆਪਣੇ ਤੌਰ 'ਤੇ ਇਕ ਧੁਨੀ ਹੀ ਹੈ। ਸਾਪੇਖਤਾਵਾਦ ਸ਼ਬਦ ਬੋਲਣਾ ਔਖਾ ਨਹੀਂ, ਇਸ ਦੀ ਵਿਆਖਿਆ ਸਮਝਣੀ ਔਖੀ ਹੋ ਸਕਦੀ ਹੈ। ਸ਼ਬਦ ਦੇ ਔਖੇ ਸੌਖੇ ਹੋਣ ਦੀ ਗੱਲ ਅਨਪੜ੍ਹ ਜਾਂ ਘਟ ਪੜ੍ਹੇ ਕਰਦੇ ਹਨ, ਪੜ੍ਹੇ ਲਿਖੇ ਲੋਕਾਂ ਤੋਂ ਸ਼ੋਭਦੀ ਨਹੀਂ।

ਇਹ ਗੱਲ ਸੁਣ ਸੁਣ ਕੇ ਵੀ ਕੰਨ ਪੱਕ ਗਏ ਹਨ ਕਿ ਪੰਜਾਬੀ ਨੂੰ ਦਿਨ ਬਦਿਨ ਔਖੀ ਬਣਾਇਆ ਜਾ ਰਿਹਾ ਹੈ। ਆਮ ਤੌਰ 'ਤੇ ਪੰਜਾਬੀ ਨਾ ਪੜ੍ਹਨ ਦੇ ਆਦੀ ਲੋਕ ਇਕ ਦਿਨ ਅਚਾਨਕ ਪੰਜਾਬੀ ਲਿਖਤ ਪੜ੍ਹਨ ਲੱਗਣ ਤਾਂ ਖਪਦੇ ਹੋਏ ਕੁਝ ਅਜਿਹਾ ਆਖ ਕੇ 'ਅਸੀਂ ਜੋ ਮਾਂ ਦਾਦੀ ਤੋਂ ਪੰਜਾਬੀ ਸਿੱਖੀ ਸੀ ਉਹ ਤਾਂ ਹੈ ਹੀ ਨਹੀਂ", ਲਿਖਤ ਅਹੁ ਮਾਰਦੇ ਹਨ। ਅਜਿਹੇ ਲੋਕ ਅਸਲ ਵਿਚ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਨੂੰ ਮਾਂ ਦਾਦੀ ਦੇ ਕੁਛੜ ਹੀ ਚੜ੍ਹੀ ਦੇਖਣਾ ਚਾਹੁੰਦੇ ਹਨ ਤੇ ਇਸ ਤਰ੍ਹਾਂ ਅਚੇਤ-ਸੁਚੇਤ ਪੰਜਾਬੀ ਨੂੰ ਗਰੀਬ ਬਣਾਉਣ ਦੇ ਇਛੁਕ ਸਾਬਤ ਹੁੰਦੇ ਹਨ। ਕਹਾਵਤ ਅਨੁਸਾਰ ਉਹ ਪੰਜਾਬੀ ਨੂੰ ਘਰ ਦੀ ਕੁਕੜੀ ਦਾਲ ਬਰਾਬਰ ਬਣਾ ਦੇਣਾ ਚਾਹੁੰਦੇ ਹਨ। ਨਵੀਆਂ ਚੁਣੌਤੀਆਂ ਵਿਚ ਪੰਜਾਬੀ ਦੇ ਸ਼ਬਦ ਭੰਡਾਰ ਨੇ ਨਵੇਂ ਸ਼ਬਦ ਅਪਨਾ ਕੇ ਜਾਂ ਘੜ ਕੇ ਆਪਣੀ ਸਮਰਥਾ ਵਧਾਉਣੀ ਹੈ। ਕਿਸੇ ਜੀਵੰਤ ਭਾਸ਼ਾ ਨੇ ਜੇ ਵਿਗਸਣਾ ਹੈ ਤਾਂ ਉਹ ਨਿਰਾ ਸਾਹਿਤ, ਤੇ ਉਹ ਵੀ ਕਾਵਿ-ਸਾਹਿਤ ਰਚ ਕੇ ਹੀ ਅਜਿਹਾ ਨਹੀਂ ਕਰ ਸਕਦੀ। ਉਸ ਨੂੰ ਹਰ ਵਿਸ਼ੇ ਤੇ ਖੇਤਰ ਦਾ ਅਥਾਹ ਗਿਆਨ ਵੀ ਪੈਦਾ ਕਰਨਾ ਹੋਵੇਗਾ। ਸ਼ੋਕ ਵਾਲੀ ਗੱਲ ਹੈ ਕਿ ਪੰਜਾਬੀ ਵਿਚ ਗਲਪ ਜਾਂ ਕਾਵਿ ਸਾਹਿਤ ਤੋਂ ਬਿਨਾ ਪ੍ਰਯਾਪਤ ਮਾਤਰਾ ਵਿਚ ਹੋਰ ਗਿਆਨ-ਸਾਹਿਤ ਨਹੀਂ ਪੈਦਾ ਹੋ ਰਿਹਾ। ਜੇ ਪੰਜਾਬੀ ਦੇ ਔਖੇ ਹੋਣ ਦੀ ਗੱਲ ਸਾਹਿਤਕਾਰ ਲੋਕ ਹੀ ਕਰਨ ਲੱਗ ਪਏ ਤਾਂ ਇਸ ਭਾਸ਼ਾ ਦਾ ਤਾਂ ਫਿਰ ਰੱਬ ਹੀ ਰਾਖਾ ਹੈ।

ਆਲੋਚਨਾ ਭਾਵੇਂ ਸਾਹਿਤ ਨਾਲ ਸਬੰਧਤ ਵਿਸ਼ਾ ਹੈ ਪਰ ਇਹ ਗਿਆਨ ਸਾਹਿਤ ਦੀ ਕੋਟੀ ਵਿਚ ਆਉਂਦਾ ਹੈ। ਕੋਈ ਸਾਹਿਤਕਾਰ ਜੇ ਸਾਹਿਤ ਪ੍ਰਤੀ ਸਚਮੁਚ ਗੰਭੀਰ ਹੈ ਤਾਂ ਇਹ ਬਹਾਨਾ ਨਹੀਂ ਲਾ ਸਕਦਾ ਕਿ ਉਸ ਨੂੰ ਤਾਂ ਜੀ ਪੜ-ਯਥਾਰਥਵਾਦ ਜਿਹੇ ਸ਼ਬਦ ਸਮਝਣੇ ਹੀ ਔਖੇ ਹਨ। ਕਲ੍ਹ ਨੂੰ ਉਹ ਕਹੇਗਾ ਕਿ ਉਸ ਨੂੰ ਸੰਰਚਨਾਵਾਦ, ਵਿਰਚਨਾ, ਸ਼ੈਲੀ-ਵਿਗਿਆਨ, ਵਿਰੇਚਨ, ਪ੍ਰਯੋਗਵਾਦ, ਉਤਰ ਆਧੁਨਕਿਤਾਵਾਦ, ਅਧਿਆਤਮਵਾਦ ਆਦਿ ਦੀ ਸਮਝ ਨਹੀਂ, ਇਹ ਔਖੀ ਪੰਜਾਬੀ ਹੈ ਤਾਂ ਫਿਰ ਉਸ ਨੇ ਇਹ ਜ਼ਬਾਨ ਪੜ੍ਹਨੀ ਹੀ ਕਾਹਦੇ ਲਈ ਹੈ। ਸੱਚੀ ਗੱਲ ਤਾਂ ਇਹ ਹੈ ਕਿ ਕਈ ਅਜਿਹੇ ਲੋਕਾਂ ਨੂੰ ਮਝੇਰੂ, ਕਾਂਜਣ, ਸਬਰਕੱਤਾ, ਲਟੈਣ, ਬੂੜੀਆ ਆਦਿ ਜਿਹੇ ਸ਼ਬਦ ਵੀ ਨਹੀਂ ਆਉਂਦੇ! ਜੋ ਆਪਣੀ ਭਾਸ਼ਾ ਦਾ ਤਹਿ ਦਿਲੋਂ ਖੈਰਖਵਾਹ ਹੈ, ਉਹ ਇਸ ਦੇ ਕੋਸ਼ ਵੀ ਆਪਣੇ ਕੋਲ ਰੱਖੇ, ਆਪਣੀ ਅਭਿਵਿਅੰਜਨ ਤੇ ਸਮਝ ਸਮਰਥਾ ਵਿਚ ਵਾਧਾ ਕਰੇ। ਅੰਗਰੇਜ਼ੀ ਦਾ ਘਟੋ ਘਟ ਇਕ ਕੋਸ਼ ਹਰ ਪੰਜਾਬੀ ਕੋਲ ਹੋਵੇਗਾ, ਕੀ ਪੰਜਾਬੀ ਬਾਰੇ ਇਹ ਗੱਲ ਕਹੀ ਜਾ ਸਕਦੀ ਹੈ? ਪੰਜਾਬੀ ਨੂੰ ਸੰਸਕ੍ਰਤਾਇਆ/ਹਿੰਦਿਆਇਆ ਜਾਣ ਵਾਲੀ ਦਲੀਲ ਵਿਚ ਕੋਈ ਦਮ ਨਹੀਂ ਹੈ। ਸੰਸਕ੍ਰਿਤ ਸਾਡੇ ਆਪਣੇ ਖੇਤਰ ਵਿਚ ਪੈਦਾ ਹੋਣ ਵਾਲੀ ਸਕੀ ਭਾਸ਼ਾ ਹੈ, ਇਸ ਦੇ ਕਈ ਰੂਪ ਹੀ ਪੰਜਾਬੀ ਲੋਕ ਬੋਲਦੇ ਰਹੇ ਹਨ। ਇਸ ਤੋਂ ਸ਼ਬਦ ਲੈਣ ਵਾਲੀ ਗੱਲ ਪੰਜਾਬੀ ਨਾਲ ਧ੍ਰੋਹ ਨਹੀਂ ਹੈ। ਅੰਗਰੇਜ਼ੀ ਨੇ ਹਜ਼ਾਰਾਂ ਸ਼ਬਦ ਲਾਤੀਨੀ, ਗਰੀਕ ਜਿਹੀਆਂ ਪੁਰਾਣੀਆਂ ਭਾਸ਼ਾਵਾਂ ਤੋਂ ਲਏ ਹਨ ਤੇ ਅੱਜ ਦੁਨੀਆਂ ਦੀ ਨੰਬਰ ਇਕ ਭਾਸ਼ਾ ਬਣੀ ਬੈਠੀ ਹੈ।

ਹੁਣ ਜ਼ਰਾ ਪਾਪੀ ਪੜ-ਯਥਾਰਥਵਾਦ ਸ਼ਬਦ ਦੀ ਸਾਰ ਲੈ ਲਈਏ। 'ਸਰਰੀਅਲਿਜ਼ਮ' ਪਦ ਨਾਲ ਜਾਣੀ ਜਾਂਦੀ ਕਲਾ ਤੇ ਸਾਹਿਤ ਦੀ ਇਹ ਲਹਿਰ ਯੂਰਪ ਵਿਚ ਕੋਈ ਇਕ ਸਦੀ ਪਹਿਲਾਂ ਉਭਰੀ। ਇਸ ਵਿਚ ਪੇਸ਼ ਰਚਨਾਵਾਂ ਵਿਚ ਚੌਂਕਾ ਦੇਣ ਵਾਲੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਹੁੰਦਾ ਸੀ, ਕਈ ਵਾਰੀ ਅਜਿਹੇ ਤੱਤ ਸਮਾਏ ਹੁੰਦੇ ਜਿਨ੍ਹਾਂ ਦਾ ਰਚਨਾ ਦੇ ਅੱਗੇ ਪਿਛੇ ਨਾਲ ਕੋਈ ਵੀ ਤਾਰਕਿਕ ਜੋੜ ਨਹੀਂ ਸੀ ਬੈਠਦਾ। ਇਸ ਲਹਿਰ ਦਾ ਪ੍ਰਯੋਜਨ ਕਲਾਕਾਰ/ਲੇਖਕ ਵਲੋਂ ਅਵਚੇਤਨ ਪ੍ਰਕ੍ਰਿਆ ਵੱਲ ਵਿਸ਼ੇਸ਼ ਧਿਆਨ ਦੁਆਉਣਾ ਹੁੰਦਾ ਸੀ। ਉਦੋਂ ਉਰਦੂ ਕਹਾਣੀਕਾਰ ਸਆਦਤ ਹਸਨ ਮੰਟੋ ਤੇ ਪੰਜਾਬੀ ਕਹਾਣੀਕਾਰ ਕਰਤਾਰ ਸਿੰਘ ਦੁਗਲ ਦੀਆਂ ਮੁਢਲੀਆਂ ਕਹਾਣੀਆਂ ਨੂੰ ਅਜਿਹੇ ਗੁਣਾਂ ਵਾਲੀਆਂ ਕਿਹਾ ਗਿਆ ਤੇ 'ਸਰਰੀਅਲਿਜ਼ਮ' ਦੇ ਮੁਕਾਬਲੇ 'ਪੜ-ਯਾਰਥਵਾਦ' ਸ਼ਬਦ ਸਾਹਮਣੇ ਆਇਆ। ਇਹ ਲਹਿਰ ਬਦਲਦੀ ਬਦਲਦੀ ਹੋਰ ਰੂਪ ਧਾਰ ਗਈ, ਇਸ ਲਈ ਇਸ ਦਾ ਅੱਜ ਕਲ੍ਹ ਬਹੁਤਾ ਜ਼ਿਕਰ ਨਹੀਂ ਹੁੰਦਾ। ਸ਼ਾਇਦ ਬਹੁਤੇ ਨਵੇਂ ਸਾਹਿਤਕਾਰਾਂ ਦੇ ਚੇਤੇ ਵਿਚ ਨਾ ਹੋਵੇ।

ਦਿਲਚਸਪ ਗੱਲ ਹੈ ਕਿ ਚਰਚਾ ਵਿਚ ਭਾਗ ਲੈਣ ਵਾਲਿਆਂ ਨੇ 'ਯਥਾਰਥਵਾਦ' ਸ਼ਬਦ ਅਤੇ ਇਸ ਦੇ ਅਰਥ ਬਾਰੇ ਆਪਣੀ ਵਾਕਫ਼ੀਅਤ ਠੋਕ ਕੇ ਦਰਸਾਈ ਪਰ ਪੜ-ਯਥਾਰਥਵਾਦ ਨੂੰ ਉਹ ਚਿਮਟੇ ਨਾਲ ਵੀ ਚੁੱਕਣ ਨੂੰ ਤਿਆਰ ਨਹੀਂ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਸ ਸ਼ਬਦ ਵਿਚ 'ਪੜ' ਅੰਸ਼ ਹੀ ਤਾਂ ਠੇਠ ਅਤੇ ਠੋਸ ਪੰਜਾਬੀ ਹੈ ਜਿਸ ਕਾਰਨ ਤੁਸੀਂ ਇਸ ਤੋਂ ਏਨਾ ਮੁਖ ਮੋੜ ਰਹੇ ਹੋ ਜਦ ਕਿ ਯਥਾਰਥਵਾਦ 'ਤੇ ਕੋਈ ਕਿੰਤੂ ਨਹੀਂ ਕਰ ਰਹੇ। ਇਹ ਉਨ੍ਹਾਂ ਦਾ ਵਿਰੋਧਾਭਾਸ ਸੀ। ਬਹਿਸ ਨੂੰ ਭਾਵੁਕ ਤੇ ਮਜ਼ਾਕੀਆ ਪੱਧਰ 'ਤੇ ਲੈ ਜਾਣ ਵਾਲੀ ਇਸ ਸਮੂਹ ਦੀ ਪਿਰਤ ਨੂੰ ਪਛਾਣਦਿਆਂ ਮੈਂ ਉਨ੍ਹਾਂ ਨੂੰ ਇਸ ਸ਼ਬਦ ਦੀ ਵਿਉਤਪਤੀ ਬਾਰੇ ਵੀ ਦੱਸਿਆ ਤੇ ਨਾਲ ਹੀ ਪੁਛਿਆ ਕਿ ਕੀ ਉਹ ਕੋਈ ਹੋਰ ਢੁਕਵਾਂ ਸ਼ਬਦ ਸੁਝਾ ਸਕਣਗੇ। ਪਰ ਅਜਿਹਾ ਨਹੀਂ ਹੋਇਆ।

'ਪੜ' ਠੋਸ ਪੰਜਾਬੀ ਅਗੇਤਰ ਹੈ ਜਿਸ ਦਾ ਅਰਥ 'ਉਪਰ' ਹੁੰਦਾ ਹੈ, ਅਸਲ ਵਿਚ ਇਹ ਇਸੇ 'ਉਪਰ' ਦਾ ਹੀ ਘਸ ਕੇ ਬਦਲਿਆ ਰੂਪ ਹੈ: ਉਪਰ> ਪਰ>ਪੜ। ਅੰਗਰੇਜ਼ੀ surrealism ਵਿਚਲਾ ਸੁਰ ਲਾਤੀਨੀ super ਦਾ ਘਸਿਆ ਰੂਪ ਹੈ। ਅੰਗਰੇਜ਼ੀ over ਇਸ ਦਾ ਇਕ ਹੋਰ ਭਰਾ ਹੈ। ਸੰਸਕ੍ਰਿਤ/ਪੰਜਾਬੀ 'ਉਪਰ' ਇਸ ਦਾ ਸੁਜਾਤੀ ਅਰਥਾਤ ਸਕਾ ਹੈ। ਲਾਤੀਨੀ ਤੇ ਸੰਸਕ੍ਰਿਤ ਆਰੀਆਈ ਭਾਸ਼ਾਵਾਂ ਹੋਣ ਕਾਰਨ ਭੈਣਾਂ ਹਨ। 'ਪੜ' ਅਗੇਤਰ ਤੋਂ ਬਣੇ ਹੋਰ ਪੰਜਾਬੀ ਸ਼ਬਦ ਹਨ, ਪੜਵਾਲ (trichiasis), ਪੜਛੱਤੀ, ਪੜਦਾਦਾ, ਪੜਨਾਂਵ, ਪੜਤਾਲ, ਪੜਚੋਲ। ਪੜ-ਯਥਾਰਥਵਾਦ ਹਿੰਦੀ ਦਾ ਸ਼ਬਦ ਨਹੀਂ, ਹਿੰਦੀ ਵਿਚ ਇਸ ਲਈ ਅਤਿਯ ਯਥਾਰਥਵਾਦ ਸ਼ਬਦ ਹੈ। ਜਿਸ ਸ਼ਬਦ ਬਾਰੇ ਗਿਆਨ ਨਾ ਹੋਵੇ ਉਸ ਨੂੰ ਹਿੰਦੀ ਸੰਸਕ੍ਰਿਤ ਦਾ ਕਹਿ ਕੇ ਪੱਲਾ ਝਾੜਨਾ ਇਕ ਨਵਾਂ ਰੁਝਾਨ ਹੈ।

# ਨਵਜੋਤ ਸਿੱਧੂ ਗੁਰੂ ਕੀ ਨਗਰੀ ਦਾ ਵਾਰਿਸ ਜਾਂ 'ਬਿਗ ਬੌਸ' ਦੇ ਵਿਹੜੇ ਦਾ?

ਸੁਖਨਿੰਦਰ ਕੌਰ ਸ਼ਿਕਾਗੋ
ਫੋਨ: 224-512-0500

ਟੀ.ਵੀ. ਚੈਨਲ 'ਕਲਰ' ਉਤੇ ਸੀਰੀਅਲ 'ਬਿਗ ਬੌਸ' ਦੇ ਘਰ ਮਸਖਰੀਆਂ ਕਰਨ ਵਾਲਾ ਨਵਜੋਤ ਸਿੰਘ ਸਿੱਧੂ ਗੁਰੂ ਕੀ ਨਗਰੀ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਹੈ। ਲੋਕਾਂ ਨੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਨੂੰ ਵੀ ਪੰਜਾਬ ਵਿਧਾਨ ਸਭਾ ਵਿਚ ਭੇਜ ਕੇ ਸਤਿਕਾਰ ਦਿੱਤਾ। ਪਰ ਹੈਂ! ਇਹ ਕੀ? ਇਸ ਬੰਦੇ ਨੂੰ 'ਬਿੱਗ ਬੌਸ' ਵਿਚ ਇਸ ਤਰ੍ਹਾਂ ਦੇਖ ਕੇ ਲੋਕਾਂ ਨੂੰ ਪਛਤਾਵਾ ਹੁੰਦਾ ਹੋਵੇਗਾ। ਮੈਂ ਆਪ ਕਿਸੇ ਪਾਰਟੀ ਨਾਲ ਸਬੰਧਤ ਨਹੀਂ, ਫਿਰ ਵੀ ਕਹਾਂਗੀ ਕਿ ਅੰਮ੍ਰਿਤਸਰੀਆਂ ਨੇ ਨਵਜੋਤ ਨੂੰ ਬੜੀਆਂ ਆਸਾਂ ਨਾਲ, ਲੋਕ ਸਭਾ ਵਿਚ ਆਪਣਾ ਨੁਮਾਇੰਦਾ ਬਣਾ ਕੇ ਭੇਜਿਆ ਪਰ ਇਸ ਬੰਦੇ ਕੋਲ ਮਸਖਰੀਆਂ ਅਤੇ ਲੁਕਣਮੀਚੀਆਂ ਤੋਂ ਇਲਾਵਾ ਹੋਰ ਕੁਝ ਨਹੀਂ। ਮਸਖਰੀਆਂ ਅਤੇ ਲੁਕਣਮੀਚੀਆਂ ਨਾਲ ਤਾਂ ਲੋਕਾਂ ਦਾ ਕੁਝ ਨਹੀਂ ਸੰਵਰਨਾ!

ਨਵਜੋਤ ਸਿੰਘ ਸਿੱਧੂ ਨੇ ਚੋਣ ਪਿੜ ਵਿਚ ਉਤਰਨ ਵੇਲੇ ਪਟਿਆਲਾ ਸ਼ਹਿਰ ਤੋਂ ਉਠ ਕੇ ਗੁਰੂ ਕੀ ਨਗਰੀ ਦੀ ਸੇਵਾ ਕਰਨ ਦੀਆਂ ਕਸਮਾਂ ਖਾਧੀਆਂ ਸਨ। ਹੁਣ ਹਾਲ ਇਹ ਹੈ ਕਿ ਇੰਨੇ ਸਾਲਾਂ ਬਾਅਦ ਵੀ ਸ਼ਹਿਰ ਵਿਚ 70 ਫੀਸਦ ਨੌਜਵਾਨ ਨਸ਼ਈ ਹਨ। ਕਿਸੇ ਦੀ ਧੀ-ਭੈਣ ਹੱਥ ਵਿਚ ਪਰਸ ਫੜ ਕੇ ਬਾਜ਼ਾਰ 'ਕੱਲ੍ਹੀ ਨਹੀਂ ਜਾ ਸਕਦੀ। ਤੰਗ ਸੜਕਾਂ ਉਤੇ ਦੁਰਘਟਨਾਵਾਂ ਵਿਚ ਕੀਮਤੀ ਜਾਨਾਂ ਜਾ ਰਹੀਆਂ ਹਨ। ਸਿੱਖਿਆ ਤੇ ਸਿਹਤ ਸਹੂਲਤਾਂ ਗਰੀਬਾਂ ਦੀ ਪਹੁੰਚ ਤੋਂ ਬਾਹਰ ਹਨ। ਅੰਮ੍ਰਿਤਸਰ ਸ਼ਹਿਰ ਦੇ ਚਾਰ-ਚੁਫੇਰੇ ਜਿਹੜੀਆਂ ਬਸਤੀਆਂ ਵਸ ਗਈਆਂ ਹਨ, ਉਥੇ ਨਾ ਸੀਵਰੇਜ ਦਾ ਪ੍ਰਬੰਧ ਹੈ, ਨਾ ਪੀਣ ਲਈ ਸਾਫ ਪਾਣੀ ਮਿਲਦਾ ਹੈ। ਲੋਕ ਹੋਰ ਬੁਨਿਆਦੀ ਸਹੂਲਤ ਤੋਂ ਵੀ ਵਾਂਝੇ ਹਨ। ਥਾਂ-ਥਾਂ ਗੰਦਗੀ ਦੇ ਢੇਰ ਲੋਕਾਂ ਦਾ ਮੂੰਹ ਚਿੜਾ ਰਹੇ ਹਨ। ਉਥੇ ਬਹੁ-ਗਿਣਤੀ ਲੋਕ ਉਹ ਹਨ ਜਿਹੜੇ ਅਤਿਵਾਦ ਦੇ ਸਤਾਏ ਹੋਣ ਕਰ ਕੇ ਪਿੰਡਾਂ ਤੋਂ ਉਜੜ ਗਏ ਸਨ।

ਇਹੀ ਨਹੀਂ, ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ ਪਰ ਨਵਜੋਤ ਸਿੱਧੂ ਦੇ ਸਿਆਸੀ ਭਾਈਵਾਲ ਕਿਤੇ ਕੈਸੀਨੋ ਖੋਲ੍ਹਣ ਦੀਆਂ ਬਾਤਾਂ ਪਾਉਂਦੇ ਹਨ ਅਤੇ ਕਿਤੇ ਪੰਜਾਬ ਤੋਂ ਬਾਹਰ ਅਮੀਰ ਸਕੂਲਾਂ ਨੂੰ ਕਰੋੜਾਂ ਦਾ ਦਾਨ ਦੇ ਰਹੇ ਹਨ, ਪਰ ਗੁਰੂ ਕੀ ਨਗਰੀ ਨਾਲ ਲਗਦੇ ਬਾਰਡਰ ਦੇ ਸਕੂਲਾਂ ਵਿਚ ਨਾ ਪਾਣੀ, ਨਾ ਪੱਖੇ, ਨਾ ਪਖਾਨੇ। ਬਹੁਤੇ ਸਕੂਲਾਂ ਵਿਚ ਅਧਿਆਪਕਾਂ ਵੀ ਪੂਰੇ ਨਹੀਂ। ਥਾਂ-ਥਾਂ ਖੋਖਿਆਂ ਉਤੇ ਤਮਾਕੂ, ਨਸ਼ਿਆਂ ਦੇ ਕੈਪਸੂਲ ਵਿਕਦੇ ਹਨ; ਸ਼ਰਾਬ ਦੇ ਠੇਕੇ ਖੋਲ੍ਹੇ ਜਾ ਰਹੇ। ਜੇ ਦਸਾਂ ਵਿਚੋਂ ਤਿੰਨ ਨੌਜਵਾਨ ਨਸ਼ੇ ਤੋਂ ਬਚੇ ਸਨ ਤਾਂ ਹਰ ਥਾਂ ਨਸ਼ੇ ਮਿਲਦੇ ਹੋਣ ਕਾਰਨ ਉਹ ਵੀ ਇਸੇ ਪਾਸੇ ਧੱਕੇ ਜਾ ਰਹੇ ਹਨ।

ਅੰਮ੍ਰਿਤਸਰ ਦੀਆਂ ਕਚਹਿਰੀਆਂ ਵਿਚ ਹਰ ਰੋਜ਼ ਦੇਸੀ-ਵਿਦੇਸ਼ੀ ਲਾੜਿਆਂ ਜਾਂ ਦਾਜ ਦੀਆਂ ਸਤਾਈਆਂ ਧੀਆਂ-ਭੈਣਾਂ ਧੱਕੇ ਖਾਂਦੀਆਂ ਹਨ। ਇਨ੍ਹਾਂ ਦੀ ਹੋ ਰਹੀ ਖੱਜਲ-ਖੁਆਰੀ ਦਾ ਕਿਸੇ ਨੂੰ ਕੋਈ ਫਿਕਰ ਨਹੀਂ। ਇਨ੍ਹਾਂ ਦੇ ਵਿਲਕਦੇ ਮਾਪਿਆਂ ਨੂੰ ਦੇਖ ਕੇ ਇਕ ਵਾਰ ਤਾਂ ਅੰਬਰ ਵੀ ਕੰਬ ਜਾਂਦਾ ਹੈ, ਪਰ ਨਵਜੋਤ ਸਿੱਧੂ ਜਿਹੇ ਸਾਡੇ ਸਿਆਸਤਦਾਨਾਂ ਨੂੰ ਕੋਈ ਫਰਕ ਹੀ ਨਹੀਂ ਪੈਂਦਾ।



*ਸੀਰੀਅਲ 'ਬਿੱਗ ਬੌਸ' ਵਿਚ ਨਵਜੋਤ ਸਿੱਧੂ*


ਨਵਜੋਤ ਸਿੱਧੂ ਨੇ ਗੁਰੂ ਕੀ ਨਗਰੀ ਵਾਲਿਆਂ ਨਾਲ ਅਨੇਕਾਂ ਵਾਅਦੇ ਕੀਤੇ ਸਨ; ਇੰਜ ਲੱਗਦਾ ਏ ਜਿਵੇਂ ਉਹ ਵੀ ਮਜ਼ਾਕ ਅਤੇ ਮਸਖਰੀਆਂ ਹੀ ਸਨ। ਹੁਣ 'ਬਿੱਗ ਬੌਸ' ਦੇ ਵਿਹੜੇ ਵਿਚ ਡੁਪਲੀਕੇਟ ਜਿਹਾ ਤੁਰਦਾ-ਫਿਰਦਾ ਅਤੇ ਸਿਧਾਂਤਾਂ ਦੀਆਂ ਗੱਲਾਂ ਕਰਦਾ ਨਵਜੋਤ ਸਿੱਧੂ ਜਚਦਾ ਨਹੀਂ। ਪਤਾ ਲੱਗਾ ਹੈ ਕਿ ਉਸ ਨੂੰ 'ਬਿੱਗ ਬੌਸ' ਦੇ ਘਰ ਵਿਚ ਰਹਿਣ ਦੇ ਹਫਤੇ ਦੇ ਲੱਖਾਂ ਰੁਪਏ ਮਿਲਦੇ ਹਨ, ਪਰ ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਇਸ ਬੰਦੇ ਨੂੰ ਤਾਂ ਗੁਰੂ ਕੀ ਨਗਰੀ ਦੀਆਂ ਸਮਾਜਕ ਕਦਰਾਂ-ਕੀਮਤਾਂ, ਲੋਕਾਂ ਦੀਆਂ ਲੋੜਾਂ ਤੇ ਮਾਨਸਿਕਤਾ ਅਤੇ ਆਪਣੇ ਭਾਈਚਾਰੇ ਦੀ ਮਾਣ-ਮਰਿਆਦਾ ਅਨੁਸਾਰ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਸੀ। ਇਸ ਕੋਲ ਤਾਂ ਪੈਸੇ ਦੀ ਵੀ ਕੋਈ ਕਮੀ ਨਹੀਂ ਹੋਣੀ, ਫਿਰ ਕਿਹੜੀ ਗੱਲੋਂ ਇਹ ਲੋਕਾਂ ਨੂੰ ਪਿੱਛੇ ਛੱਡ ਕੇ 'ਬਿੱਗ ਬੌਸ' 'ਚ ਮਸਖਰਾ ਬਣਿਆ ਹੋਇਆ ਹੈ? ਜਿਨ੍ਹਾਂ ਲੋਕਾਂ ਨੇ ਸ਼ੋਹਰਤ ਤੇ ਤਾਕਤ ਬਖ਼ਸ਼ੀ ਹੈ, ਉਨ੍ਹਾਂ ਦੇ ਦੁੱਖ-ਸੁੱਖ ਵਿਚ ਸ਼ਾਮਲ ਹੋਣਾ ਤਾਂ ਉਸ ਦਾ ਪਹਿਲਾ ਫਰਜ਼ ਸੀ!



# ਨੇਹਾ ਪੰਜਾਬੀ ਫਿਲਮਾਂ ਵੱਲ

ਸ਼ੁਰੂਆਤੀ ਫਿਲਮਾਂ 'ਸ਼ੀਸ਼ਾ' ਤੇ 'ਜੂਲੀ' ਵਿਚ ਨੇਹਾ ਧੂਪੀਆ ਨੂੰ 'ਕਾਮੁਕ ਪਰੀ' ਦਾ ਖਿਤਾਬ ਮਿਲਿਆ ਤਾਂ ਉਹ ਖੁਸ਼ ਸੀ ਪਰ ਉਸ ਨੇ ਫਿਲਮ 'ਰਸ਼' ਤੇ 'ਆਈ. ਐਮ. 24' ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਅਭਿਨੈ ਵੀ ਜਾਣਦੀ ਹੈ। ਦਸ ਸਾਲ ਤੋਂ ਚਮਕੀਲੀ ਦੁਨੀਆ ਦਾ ਹਿੱਸਾ ਬਣੀ ਨੇਹਾ ਹਾਲੇ ਵੀ ਵੱਡੇ-ਵੱਡੇ ਸੁਪਨੇ ਤੱਕਦੀ ਹੈ। ਕੁਝ ਹੱਦ ਤੱਕ ਉਸ ਨੂੰ ਕਾਮਯਾਬੀ ਵੀ ਮਿਲਦੀ ਹੈ। ਫ਼ਿਲਮੀ ਚੋਣ ਪ੍ਰਤੀ ਵੀ ਮਿਸ ਧੂਪੀਆ ਅੱਗੇ ਨਾਲੋਂ ਗੰਭੀਰ ਹੈ। ਇਸੇ ਕਰਕੇ 'ਜੂਲੀ' ਦੇ ਦੂਸਰੇ ਹਿੱਸੇ ਵਿਚ ਕੰਮ ਕਰਨ ਤੋਂ ਉਸ ਨੇ ਕੋਰਾ ਜਵਾਬ ਦਿੱਤਾ। ਨੇਹਾ ਕੋਲ ਵੱਡੇ ਬੈਨਰਜ਼ ਦੀ ਘਾਟ ਹੈ। ਨੇਹਾ ਇਸ ਮਾਮਲੇ ਵਿਚ ਕਾਫ਼ੀ ਪਛੜ ਚੁੱਕੀ ਹੈ। ਸ਼ਾਇਦ ਰੁੱਝੀ ਰਹਿਣ ਲਈ ਨੇਹਾ ਧੂਪੀਆ ਨੇ ਖੇਤਰੀ ਫ਼ਿਲਮਾਂ ਵੱਲ ਰੁਖ਼ ਕਰ ਲਿਆ ਹੈ ਤੇ ਜਿੰਮੀ ਸ਼ੇਰਗਿੱਲ ਦੀ ਪੰਜਾਬੀ ਫ਼ਿਲਮ ਦੀ ਨਾਇਕਾ ਬਣਨਾ ਇਸੇ ਗੱਲ ਦਾ ਸੰਕੇਤ ਹੈ। ਸਰਦਾਰਾਂ ਦੀ ਧੀ ਨੇਹਾ ਧੂਪੀਆ ਲੰਮੇ ਸਮੇਂ ਤੋਂ ਬਾਲੀਵੁੱਡ ਵਿਚ ਹੈ। ਸ਼ਮੀਮ ਡੇਸਾਈ ਦੀ ਫ਼ਿਲਮ 'ਰਸ਼' ਦੀ ਚਰਚਾ ਨੇ ਨੇਹਾ ਨੂੰ ਮੁੜ ਬਾਲੀਵੁੱਡ ਵਿਚ ਚਰਚਿਤ ਕਰਨ ਦੇ ਨਾਲ-ਨਾਲ ਨਿਰਮਾਤਾਵਾਂ ਲਈ ਇਕ ਹੋਰ ਬਦਲ ਵਜੋਂ ਪੇਸ਼ ਕੀਤਾ ਹੈ। ਨੇਹਾ ਆਪਣੀ ਮੰਮੀ ਮਨਪਿੰਦਰ ਕੌਰ ਨੂੰ ਸਭ ਤੋਂ ਜ਼ਿਆਦਾ ਚਾਹੁੰਦੀ ਹੈ ।ਉਂਜ ਖੁਸ਼ੀ ਦੀ ਗੱਲ ਹੈ ਕਿ ਆਪਣੀ ਮਾਂ-ਬੋਲੀ ਦੀ ਫ਼ਿਲਮ ਵੀ ਉਹ ਜਿੰਮੀ ਸ਼ੇਰਗਿੱਲ ਨਾਲ ਕਰ ਰਹੀ ਹੈ। ਫੈਮਿਨਾ ਮਿਸ ਇੰਡੀਆ ਰਹਿ ਚੁੱਕੀ ਨੇਹਾ ਦੀ ਦਲੀਲ ਵਿਚ ਦਮ ਹੈ ਕਿ ਇਕ ਵੀ ਖੇਤਰੀ ਫ਼ਿਲਮ ਹਿੱਟ ਹੋ ਜਾਏ ਤਾਂ ਖੇਤਰੀ ਫ਼ਿਲਮਾਂ ਦਾ 'ਰਸ਼' ਪੈ ਹੀ ਜਾਂਦਾ ਹੈ। ਨੇਹਾ ਜਲਦੀ ਪਾਲੀਵੁੱਡ ਵਿਚ ਆਪਣਾ ਖਾਤਾ ਖੋਲ੍ਹੇ ਤਾਂ ਉਸ ਕੋਲ ਪੰਜਾਬੀ ਫ਼ਿਲਮਾਂ ਦਾ 'ਰਸ਼' ਐਨਾ ਪੈ ਜਾਏਗਾ ਕਿ ਉਹ ਬਾਲੀਵੁੱਡ ਨੂੰ ਹੀ ਭੁੱਲ ਜਾਏਗੀ ਕਿਉਂਕਿ 'ਪਾਲੀਵੁੱਡ' ਵਿਚ ਮਿਲਣ ਵਾਲਾ ਸਤਿਕਾਰ ਨੇਹਾ ਨੂੰ ਪੂਰਨ ਸੰਤੁਸ਼ਟ ਕਰ ਦੇਵੇਗਾ।

# ਦੀਪਿਕਾ ਦੀ ਅੱਵਲ ਨੰਬਰ ਦੌੜ



'ਕਾਕਟੇਲ' ਦੀ ਕਾਮਯਾਬੀ ਨੇ ਦੀਪਿਕਾ ਪਾਦੂਕੋਨ ਦੀ ਟੌਹਰ ਵਧਾ ਦਿੱਤੀ ਹੈ। ਪ੍ਰਿਯੰਕਾ ਚੋਪੜਾ ਨੂੰ ਨੁੱਕਰੇ ਲਾ ਕੇ ਦੀਪਿਕਾ ਤੇਜ਼ੀ ਨਾਲ ਨੰਬਰ ਇਕ ਦੇ ਅੰਕੜੇ ਨੂੰ ਛੂਹਣ ਵੱਲ ਵਧ ਰਹੀ ਹੈ। ਹਰ ਕੋਈ ਉਸ ਦੇ ਸੁਹੱਪਣ, ਪਹਿਰਾਵੇ ਤੇ ਅਭਿਨੈ ਦੀ ਮਹਿਮਾ ਗਾ ਰਿਹਾ ਹੈ। ਹਿੰਦੀ ਹੀ ਨਹੀਂ, ਤਾਮਿਲ ਤੇ ਤੇਲਗੂ ਫ਼ਿਲਮਾਂ ਦੀ ਵੀ ਉਸ ਕੋਲ ਭਰਮਾਰ ਹੈ। ਇਕ ਪਾਸੇ ਰਣਬੀਰ ਕਪੂਰ ਨਾਲ 'ਯੇਹ ਜਵਾਨੀ ਹੈ ਦੀਵਾਨੀ' ਜੇ ਉਹ ਕਰਦੀ ਹੈ ਤਾਂ ਦੂਜੇ ਪਾਸੇ ਰਜਨੀ ਕਾਂਤ ਨਾਲ ਦੱਖਣ ਵਿਚ ਵੀ ਧਮਾਕੇ ਕਰਦੀ ਹੈ। ਨਿੱਜੀ ਜ਼ਿੰਦਗੀ ਵਿਚ ਮੀਡੀਆ ਦੀ ਦਖਲਅੰਦਾਜ਼ੀ ਨੂੰ ਫਿਕਰ ਦਾ ਵਿਸ਼ਾ ਦੱਸਣ ਵਾਲੀ ਦੀਪਿਕਾ ਮੰਨਦੀ ਹੈ ਕਿ ਰਣਬੀਰ ਪ੍ਰਤੀ ਉਸ ਦੇ ਦਿਲ ਵਿਚ ਕੁਝ-ਕੁਝ ਹੁੰਦਾ ਹੈ। 2008 ਵਿਚ ਫਿਲਮ 'ਬਚਨਾ ਐ ਹਸੀਨੋ' ਦੀ ਸ਼ੂਟਿੰਗ ਦੌਰਾਨ ਉਸ ਦਾ ਰਣਬੀਰ ਕਪੂਰ ਨਾਲ ਪਿਆਰ ਪਿਆ ਸੀ ਪਰ ਅਗਲੇ ਹੀ ਸਾਲ ਇਹ ਪਿਆਰ ਵਿਚਾਲੇ ਟੁੱਟ ਗਿਆ। 2010 ਵਿਚ ਉਸ ਦਾ ਨਾਂ ਪ੍ਰਸਿੱਧ ਕਾਰੋਬਾਰੀ ਵਿਜੈ ਮਾਲਿਆ ਦੇ ਮੁੰਡੇ ਸਿਧਾਰਥ ਨਾਲ ਜੁੜ ਗਿਆ ਪਰ ਇਹ ਪਿਆਰ ਵੀ ਬਹੁਤੀ ਦੇਰ ਨਹੀਂ ਚੱਲਿਆ। ਅੱਜਕੱਲ੍ਹ ਉਸ ਦੇ ਰਣਬੀਰ ਨਾਲ ਪਿਆਰ ਦੇ ਫਿਰ ਚਰਚੇ ਹਨ। ਅਗਲੇ ਸਾਲ ਉਸ ਦੀਆਂ ਚਾਰ ਫਿਲਮਾਂ ਆ ਰਹੀਆਂ ਹਨ। ਇਨ੍ਹਾਂ ਵਿਚ 'ਯੇਹ ਜਵਾਨੀ ਹੈ ਦੀਵਾਨੀ' ਤੋਂ ਇਲਾਵਾ 'ਰੇਸ 2', 'ਚੇਨਈ ਐਕਸਪ੍ਰੈੱਸ' ਅਤੇ 'ਰਾਮ ਲੀਲ੍ਹਾ' ਸ਼ਾਮਲ ਹਨ।



# ਅਜੇ 10 ਸਾਲ ਵਿਆਹ ਨਹੀਂ: ਪਰਿਣੀਤੀ

ਫਿਲਮ 'ਇਸ਼ਕਜ਼ਾਦੇ' ਵਿਚ ਬਤੌਰ ਲੀਡ ਅਦਾਕਾਰਾ, ਸਫਲ ਸ਼ੁਰੂਆਤ ਕਰਨ ਵਾਲੀ ਪਰਿਣੀਤੀ ਚੋਪੜਾ ਦਾ ਕਹਿਣਾ ਹੈ ਕਿ ਉਸ ਨੂੰ ਵਿਆਹ ਦੀ ਬਿਲਕੁੱਲ ਵੀ ਕਾਹਲ ਨਹੀਂ ਹੈ। ਉਸ ਮੁਤਾਬਕ ਅਜੇ 10 ਸਾਲਾਂ ਤੱਕ ਉਸ ਨੇ ਵਿਆਹ ਨਹੀਂ ਕਰਨਾ। ਅਜੇ ਤਾਂ ਉਸ ਦੇ ਕਰੀਅਰ ਦਾ ਆਰੰਭ ਹੀ ਹੋਇਆ ਹੈ ਅਤੇ ਉਸ ਨੇ ਫਿਲਮੀ ਦੁਨੀਆ ਵਿਚ ਲੰਮੀ ਪਾਰੀ ਖੇਡਣੀ ਹੈ, ਰੱਜ ਕੇ ਕੰਮ ਕਰਨਾ ਹੈ। ਅਦਾਕਾਰੀ ਦੇ ਨਾਲ-ਨਾਲ ਮਾਡਲਿੰਗ ਵਿਚ ਵੀ ਹੱਥ ਅਜ਼ਮਾ ਚੁੱਕੀ ਪਰਿਣੀਤੀ ਕਹਿੰਦੀ ਹੈ ਕਿ ਉਸ ਲਈ ਮਾਡਲਿੰਗ ਦੇ ਮੁਕਾਬਲੇ ਅਦਾਕਾਰੀ ਕਿਤੇ ਜ਼ਿਆਦਾ ਦਿਲਚਸਪ ਹੈ। ਮਾਡਲਿੰਗ ਤਾਂ ਸਿਰਫ ਸੁੰਦਰ ਨਜ਼ਰ ਆਉਣ ਦਾ ਮੌਕਾ ਦਿੰਦੀ ਹੈ।

ਹੁਣੇ ਜਿਹੇ ਉਸ ਨੇ ਇਕ ਮਿਊਜ਼ਿਕ ਈਵੈਂਟ ਹੋਸਟ ਕਰਨ ਦਾ ਅਨੁਭਵ ਵੀ ਹਾਸਲ ਕੀਤਾ। ਇਸ ਤਰ੍ਹਾਂ ਦਾ ਇਹ ਉਸ ਦਾ ਪਹਿਲਾ ਤਜਰਬਾ ਹੈ ਤੇ ਇਸੇ ਲਈ ਉਹ ਇਸ ਨੂੰ ਲੈ ਕੇ ਕਾਫੀ ਉਤਸ਼ਾਹਤ ਤੇ ਨਰਵਸ ਵੀ ਨਜ਼ਰ ਆਈ। ਪਰਿਣੀਤੀ ਨੇ ਆਪਣੀ ਪਹਿਲੀ ਹੀ ਫਿਲਮ 'ਇਸ਼ਕਜ਼ਾਦੇ' ਨਾਲ ਸਭ ਦਾ ਧਿਆਨ ਖਿੱਚ ਲਿਆ ਸੀ। ਉਸ ਦੀ ਅਦਾਕਾਰੀ ਦੀ ਖ਼ੂਬ ਪ੍ਰਸੰਸਾ ਹੋਈ ਸੀ। ਫਿਲਮ ਆਲੋਚਕਾਂ ਨੇ ਵੀ ਇਹ ਗੱਲ ਨੋਟ ਕੀਤੀ ਸੀ ਕਿ ਉਸ ਦੀ ਅਦਾਕਾਰੀ ਵਿਚ ਕੋਈ ਉਚੇਚ ਨਹੀਂ ਹੁੰਦਾ। ਉਹ ਕੁਦਰਤੀ ਜਿਹੇ ਢੰਗ ਨਾਲ ਅਤੇ ਬਹੁਤ ਸਹਿਜ ਹੋ ਕੇ ਅਦਾ ਦੇ ਜਲਵੇ ਦਿਖਾ ਜਾਂਦੀ ਹੈ। ਪਰਿਣੀਤੀ ਦੀ ਕਜ਼ਨ ਪ੍ਰਿਯੰਕਾ ਚੋਪੜਾ ਵੀ ਉਸ ਦੀ ਬਹੁਤ ਪ੍ਰਸੰਸਕ ਹੈ। ਉਸ ਨੂੰ ਖੁਸ਼ੀ ਹੈ ਕਿ ਪਰਿਣੀਤੀ ਆਪਣੇ ਰਾਹ ਆਪ ਬਣਾ ਰਹੀ ਹੈ ਅਤੇ ਫਿਲਮ ਜਗਤ ਵਿਚ ਆਪਣੀਆਂ ਪੈੜਾਂ ਪਾ ਰਹੀ ਹੈ। ਉਸ ਮੁਤਾਬਕ ਪਰਿਣੀਤੀ ਪ੍ਰਤਿਭਾਸ਼ਾਲੀ ਕੁੜੀ ਹੈ। ਆਪਣੀ ਇਸ ਪ੍ਰਤਿਭਾ ਦੇ ਸਿਰ 'ਤੇ ਹੀ ਉਸ ਨੇ ਆਪਣੀ ਥਾਂ ਬਣਾਈ ਹੈ।

# ਬਾਲੀਵੁੱਡ ਦਾ ਸਦਾਬਹਾਰ ਅਦਾਕਾਰ






ਰਿਸ਼ੀ ਕਪੂਰ ਆਪਣੇ ਪੁੱਤਰ ਰਣਬੀਰ ਕਪੂਰ ਨਾਲ।

ਰਿਸ਼ੀ ਕਪੂਰ ਬਾਲੀਵੁੱਡ ਦੇ ਉਨ੍ਹਾਂ ਅਭਿਨੇਤਾਵਾਂ ਵਿਚ ਸ਼ਾਮਲ ਹਨ ਜਿਨ੍ਹਾਂ ਨੇ ਆਪਣੇ ਅਭਿਨੈ ਦੇ ਦਮ 'ਤੇ ਕਈ ਸਾਲਾਂ ਤਕ ਫਿਲਮਾਂ ਵਿਚ ਕੰਮ ਕੀਤਾ ਤੇ ਇਕ ਸਫਲ ਅਭਿਨੇਤਾ ਵਜੋਂ ਆਪਣੀ ਪਛਾਣ ਬਣਾਈ। ਆਪਣੀਆਂ ਹੈਂਡਸਮ ਅਦਾਵਾਂ ਤੇ ਅਭਿਨੈ ਦੇ ਦਮ 'ਤੇ ਲੱਖਾਂ ਦਰਸ਼ਕਾਂ ਦੇ ਦਿਲਾਂ ਵਿਚ ਜਗ੍ਹਾ ਬਣਾਉਣ ਵਾਲੇ ਰਿਸ਼ੀ ਕਪੂਰ ਨੇ ਫਿਲਮਾਂ ਵਿਚ ਅਭਿਨੇਤਾ ਦੇ ਨਾਲ-ਨਾਲ ਪ੍ਰੋਡਿਊਸਰ ਤੇ ਡਾਇਰੈਕਟਰ ਵਜੋਂ ਵੀ ਕੰਮ ਕੀਤਾ।

ਰਿਸ਼ੀ ਕਪੂਰ ਸਵਰਗੀ ਰਾਜ ਕਪੂਰ ਦੇ ਬੇਟੇ ਤੇ ਪ੍ਰਿਥਵੀਰਾਜ ਕਪੂਰ ਦੇ ਪੋਤਰੇ ਹਨ। ਰਵਾਇਤ ਅਨੁਸਾਰ ਉਨ੍ਹਾਂ ਨੇ ਵੀ ਆਪਣੇ ਦਾਦਾ ਤੇ ਪਿਤਾ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਫਿਲਮਾਂ ਵਿਚ ਅਭਿਨੈ ਕੀਤਾ ਤੇ ਉਹ ਇਕ ਸਫਲ ਅਭਿਨੇਤਾ ਵਜੋਂ ਉਭਰੇ। 'ਮੇਰਾ ਨਾਮ ਜੋਕਰ' ਉਨ੍ਹਾਂ ਦੀ ਪਹਿਲੀ ਫਿਲਮ ਸੀ ਜਿਸ ਵਿਚ ਉਨ੍ਹਾਂ ਨੇ ਆਪਣੇ ਪਿਤਾ ਰਾਜ ਕਪੂਰ ਦੇ ਬਚਪਨ ਦਾ ਰੋਲ ਨਿਭਾਇਆ ਜੋ ਅੱਲ੍ਹੜ ਉਮਰ ਵਿਚ ਆਪਣੀ ਟੀਚਰ ਨਾਲ ਹੀ ਪਿਆਰ ਕਰਨ ਲੱਗਦਾ ਹੈ।

ਫਿਲਮ 'ਬੌਬੀ' ਵਿਚ ਉਹ ਬਤੌਰ ਹੀਰੋ ਦਿਖਾਈ ਦਿੱਤੇ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਸੌ ਤੋਂ ਵੱਧ ਫਿਲਮਾਂ ਵਿਚ ਮੁੱਖ ਅਭਿਨੇਤਾ ਵਜੋਂ ਕੰਮ ਕੀਤਾ। 1980 ਤੇ 90 ਦੇ ਦਹਾਕੇ ਵਿਚ ਰਿਸ਼ੀ ਕਪੂਰ ਨੇ ਕਈ ਹਿੱਟ ਫਿਲਮਾਂ ਦਿੱਤੀਆਂ ਜਿਨ੍ਹਾਂ ਵਿਚ 'ਕਰਜ਼' (1980), 'ਨਸੀਬ' (1981), 'ਪ੍ਰੇਮ ਰੋਗ' (1982), 'ਹਿਨਾ' (1991), 'ਬੋਲ ਰਾਧਾ ਬੋਲ (1992), 'ਦੀਵਾਨਾ' (1992), 'ਦਾਮਿਨੀ' (1993) ਤੋਂ ਬਾਅਦ ਉਨ੍ਹਾਂ ਦਾ ਫਿਲਮੀ ਕਰੀਅਰ ਮੁੱਖ ਅਭਿਨੇਤਾ ਵਜੋਂ ਤਕਰੀਬਨ ਖਤਮ ਹੋ ਗਿਆ ਤੇ ਇਸ ਤੋਂ ਬਾਅਦ ਉਨ੍ਹਾਂ ਨੇ ਕੁਝ ਫਿਲਮਾਂ ਵਿਚ ਕੰਮ ਕੀਤਾ।

ਉਨ੍ਹਾਂ ਨੂੰ ਆਪਣੀ ਪਹਿਲੀ ਫਿਲਮ 'ਮੇਰਾ ਨਾਮ ਜੋਕਰ' ਲਈ ਬਾਲ ਕਲਾਕਾਰ ਦੇ ਨੈਸ਼ਨਲ ਐਵਾਰਡ, ਫਿਲਮ 'ਬੌਬੀ' ਲਈ 1972 ਵਿਚ ਫਿਲਮਫੇਅਰ ਦੇ ਬੈਸਟ ਐਕਟਰ ਐਵਾਰਡ ਤੇ 2008 ਵਿਚ ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਨਵਾਜਿਆ ਗਿਆ। ਉਨ੍ਹਾਂ ਨੇ ਸੰਨ 2000 ਵਿਚ ਫਿਲਮ 'ਰਾਜੂ ਚਾਚਾ' ਰਾਹੀਂ ਮੁੜ ਚਰਿੱਤਰ ਅਭਿਨੇਤਾ ਵਜੋਂ ਫਿਲਮਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ ਇਸ ਤੋਂ ਬਾਅਦ ਫਿਲਮ 'ਯੇ ਹੈ ਜਲਵਾ' (2002), 'ਹਮ ਤੁਮ' (2004), 'ਫਨਾ' (2006), 'ਨਮਸਤੇ ਲੰਦਨ' (2007), 'ਲਵ ਆਜ ਕਲ' (2009) ਵਰਗੀਆਂ ਫਿਲਮਾਂ ਕੀਤੀਆਂ।

ਉਨ੍ਹਾਂ ਨੇ 1999 ਵਿਚ ਫਿਲਮ 'ਆ ਅਬ ਲੌਟ ਚਲੇਂ' ਦਾ ਨਿਰਮਾਣ ਕੀਤਾ ਜਿਸ ਵਿਚ ਐਸ਼ਵਰਿਆ ਰਾਏ, ਅਕਸ਼ੈ ਖੰਨਾ, ਕਾਦਰ ਖਾਨ, ਪਰੇਸ਼ ਰਾਵਲ ਨੇ ਕੰਮ ਕੀਤਾ ਸੀ। ਰਿਸ਼ੀ ਕਪੂਰ ਨੇ ਅਨਿਲ ਕਪੂਰ ਨਾਲ ਕਈ ਸਫਲ ਫਿਲਮਾਂ ਦਿੱਤੀਆਂ। ਇਨ੍ਹਾਂ ਦੋਵਾਂ ਵਿਚ ਕਾਫੀ ਚੰਗੀ ਦੋਸਤੀ ਸੀ। ਰਿਸ਼ੀ ਕਪੂਰ ਦੀਆਂ ਜ਼ਿਆਦਾਤਰ ਹੋਰ ਕਲਾਕਾਰਾਂ ਨਾਲ ਨਹੀਂ ਬਣਦੀ ਸੀ।

ਉਂਝ ਤਾਂ ਪੂਰਾ ਕਪੂਰ ਖਾਨਦਾਨ ਖਾਣ-ਪੀਣ ਦਾ ਸ਼ੌਕੀਨ ਰਿਹਾ ਹੈ। ਰਿਸ਼ੀ ਕਪੂਰ ਨੂੰ ਵੀ ਨਾਨ-ਵੈੱਜ ਖਾਣ ਦੇ ਨਾਲ-ਨਾਲ ਡ੍ਰਿੰਕ ਲੈਣ ਦਾ ਕਾਫੀ ਸ਼ੌਕ ਸੀ ਪਰ ਉਨ੍ਹਾਂ ਨੂੰ ਬਾਕੀ ਹੀਰੋਜ਼ ਵਾਂਗ ਸਿਗਰੇਟ ਦੀ ਵਰਤੋਂ ਕਰਦਿਆਂ ਕਦੇ ਨਹੀਂ ਦੇਖਿਆ ਗਿਆ। ਰਿਸ਼ੀ ਕਪੂਰ ਨੇ ਆਪਣੀ ਬੇਟੀ ਦਾ ਵਿਆਹ ਸਮੇਂ 'ਤੇ ਕਰ ਦਿੱਤਾ ਤੇ ਆਪਣੇ ਬੇਟੇ ਰਣਬੀਰ ਕਪੂਰ ਨੂੰ ਫਿਲਮੀ ਦੁਨੀਆ ਵਿਚ ਉਤਾਰਿਆ ਜੋ ਅੱਜਕਲ ਆਪਣੇ ਪਿਤਾ ਦਾ ਨਾਂ ਰੋਸ਼ਨ ਕਰ ਰਿਹਾ ਹੈ ਤੇ ਬਾਲੀਵੁੱਡ ਵਿਚ ਇਕ ਸਫਲ ਅਭਿਨੇਤਾ ਵਜੋਂ ਪ੍ਰਸਿੱਧ ਹੈ। ਰਿਸ਼ੀ ਤੇ ਉਨ੍ਹਾਂ ਦੀ ਪਤਨੀ ਨੀਤੂ ਸਿੰਘ ਵੀ ਫਿਲਮਾਂ ਵਿਚ ਸਰਗਰਮ ਹਨ।

ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦੀਵਾਲੀ ਮੁਬਾਰਕ

# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ
ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ
ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ



ਰਾਜਿੰਦਰ ਸਿੰਘ

*(with 17 years of experience)*

*Professional HD Video &*
*Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laseer Lights

**Call Toll Free: 1-800-RAJ-SYAN**

e-mail: raj@syanvideo.com or visit at: www.syanvideo.com

**Call:734-261-0936 or 734-890-1767**




28523 Ford Road, Garden City, MI 48135 - e-mail: DICECDJ@GMAIL.COM - www.thedjdice.com


YOUR SHOWS
ਤੁਹਾਡੀ ਇੱਛਾ ਅਨੁਸਾਰ
WATCH AMERICAN AND PUNJABI CHANNELS LIKE NEVER BEFORE WITH HOPPER
CATCH KINNA SOHNA TAINU RABB NE BANAYA ON GET PUNJABI WHILE RECORDING GURUMA ON JUS ONE AND PIERS MORGAN TONIGHT ON CNN. ALL AT THE SAME TIME.
SIGN UP TODAY AND RECEIVE
$75 AMERICAN EXPRESS REWARD CARD!
USE CODE: 02INTLDM1
HOME OF SOUTH ASIAN ENTERTAINMENT
PACKAGES STARTING FROM $24.99/MO
jus punjabi
PTC PUNJABI
JUS one
GET ਪੰਜਾਬੀ
gPunjab
MH ONE
CHANNEL SELECTION WILL VARY BY PACKAGE
+
GET Hopper
FREE
WHEN YOU SIGN UP FOR AMERICA'S TOP 120 OR HIGHER
Monthly DVR fee and receiver fees apply
AMERICA'S TOP 120
SIGN UP TODAY AND GET A $20 MONTHLY DISCOUNT, YOU PAY ONLY $24.99/MO. FOR 12 MONTHS
ENJOY TOP 120 CHANNELS, LIKE:
nick CNN food
REQUIRES 24 MONTH AGREEMENT
PICK EITHER PACKAGE OR BOTH!
1.888.242.2276
DISHPUNJABITV.COM
FACEBOOK.COM/DISHPUNJABITV
dish